18-Feb-PAGE-1.qxd 2/17/2026 10:50 PM Page 1


ਬੁੱਧਵਾਰ, 18 ਫਰਵਰੀ, 2026

7 ਫੱਗਣ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 259

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 18 FEBRUARY, 2026

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 12


# ਪੰਜਾਬ ਦੇ ਕਮਿਊਨਿਸਟਾਂ ਤੋਂ ਵੱਡੀਆਂ ਆਸਾਂ : ਡੀ ਰਾਜਾ

## ਸੂਬਾ ਕਾਨਫਰੰਸ ਦੀ ਸ਼ਾਨਦਾਰ ਸ਼ੁਰੂਆਤ, ਮੋਦੀ ਸਰਕਾਰ ਦੀਆਂ ਨੀਤੀਆਂ ਨੂੰ ਭਾਂਜ ਦੇਣ ਲਈ ਜੁਝਾਰੂ ਸੰਘਰਸ਼ ਦੀ ਲੋੜ : ਗਿਰੀਸ਼ ਸ਼ਰਮਾ

**ਜਲੰਧਰ, (ਗਿਆਨ ਸੈਦਪੁਰੀ)**-'ਪੰਜਾਬ ਦੀ ਧਰਤੀ ਹਰ ਤਰ੍ਹਾਂ ਦੇ ਸੰਘਰਸ਼, ਦੇਸ਼ ਵਿਰੋਧੀ ਤਾਕਤਾਂ ਦਾ ਮੂੰਹ ਮੋੜਨ ਅਤੇ ਲੋਕ ਪੱਖੀ ਸੋਚ ਬਣਾਉਣ ਲਈ ਦੇਸ਼ ਦੇ ਸਭ ਲੋਕਾਂ ਲਈ ਉਤਸ਼ਾਹ ਦਾ ਸਰੋਤ ਹੈ। ਇੱਥੇ ਕਮਿਊਨਿਸਟ ਪਾਰਟੀ ਵੀ ਤਾਕਤਵਰ ਰਹੀ ਹੈ। ਪੰਜਾਬ ਕਾਮਰੇਡ ਸੱਤਪਾਲ ਡਾਂਗ ਵਰਗਿਆਂ ਦੀ ਕਰਮ ਭੂਮੀ ਰਹੀ ਹੈ।' ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਡੀ. ਰਾਜਾ ਨੇ ਕੀਤਾ। ਉਹ ਇੱਥੇ ਦੇਸ਼ ਭਗਤ ਯਾਦਗਾਰ ਹਾਲ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਸੀ ਪੀ ਆਈ ਦੀ ਪੰਜਾਬ ਸੂਬਾ ਕਾਨਫ਼ਰੰਸ ਦੇ ਖੁੱਲ੍ਹੇ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾ ਨੇ ਦੇਸ਼ ਭਗਤ ਯਾਦਗਾਰ ਵਿੱਚ ਕੁਰਬਾਨੀਆਂ ਨੂੰ ਦਰਸਾਉਂਦੇ ਅਜਾਇਬ ਘਰ ਦੇ ਹਵਾਲੇ ਨਾਲ ਕਿਹਾ ਕਿ ਕਮਿਊਨਿਸਟਾਂ ਨੂੰ ਕਦੇ ਹਰਾਇਆ ਨਹੀਂ ਜਾ ਸਕਦਾ। ਇੱਥੇ ਫਾਂਸੀਆਂ ਦਾ ਰੱਸਾ ਚੁੰਮ ਗਏ, ਕਾਲੇ ਪਾਣੀਆਂ ਦੀ ਨਰਕ ਕੁੰਭੀ ਸਜ਼ਾ ਭੁਗਤਣ ਵਾਲੇ ਤੇ ਅਣਮਨੁੱਖੀ ਤਸ਼ੱਦਦ ਸਹਿਣ ਕਰ ਗਏ ਯੋਧਿਆਂ ਦਾ ਇਤਿਹਾਸ ਲੋਕਾਂ ਅੰਦਰ ਸੰਘਰਸ਼ ਦੀ ਚਿਣਗ ਪੈਦਾ ਕਰ ਰਿਹਾ ਹੈ। ਮੌਜੂਦਾ ਹਾਲਾਤ ਵਿੱਚ ਵੀ ਪੰਜਾਬ ਵਿੱਚ ਕਮਿਊਨਿਸਟ ਪਾਰਟੀ ਨੂੰ ਤਾਕਤਵਰ ਬਣਾ ਕੇ ਪੰਜਾਬ ਨੂੰ ਮੁਲਕ ਭਰ ਦੇ ਸੰਘਰਸ਼ਾਂ ਦਾ ਮੋਹਰੀ ਬਣਨ ਦੀ ਲੋੜ ਹੈ। ਦਿੱਲੀ ਦੀਆਂ ਬਰੂਹਾਂ 'ਤੇ ਲੜੇ ਤੇ ਜਿੱਤੇ ਅੰਦੋਲਨ ਦੀ ਪੰਜਾਬ ਪਹਿਲਾਂ ਹੀ ਮਿਸਾਲ ਹੈ। ਇਸ ਸੂਬਾ ਕਾਨਫਰੰਸ ਦਾ ਮੁੱਖ ਮੁੱਦਾ ਵੀ ਇਹੀ ਹੈ ਕਿ ਪੰਜਾਬ ਦੇ ਸਮੁੱਚੇ ਹਾਲਾਤ ਦਾ ਬਰੀਕੀ ਨਾਲ ਜਾਇਜ਼ਾ ਲੈ ਕੇ ਸੀ ਪੀ ਆਈ ਅਤੇ ਇਸ ਦੀਆਂ ਆਵਾਮੀ ਜਥੇਬੰਦੀਆਂ ਨੂੰ ਤਾਕਤਵਰ ਬਣਾ ਕੇ ਅੱਗੇ ਤੁਰਨਾ ਹੈ। ਉਨ੍ਹਾਂ 2022 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੀ ਗੱਲ ਕਰਦਿਆਂ ਕਿਹਾ ਕਿ ਇੱਥੇ ਖੱਬੀ ਧਿਰ ਚੰਗੀ ਪੁਜ਼ੀਸ਼ਨ ਵਿੱਚ ਸੀ, ਪਰ ਜਿੱਤ ਗਈ ਆਮ ਆਦਮੀ ਪਾਰਟੀ। ਇਹ ਕਾਨਫਰੰਸ ਇਸ ਬਾਰੇ ਵੀ ਗੰਭੀਰਤਾ ਨਾਲ ਸੋਚੇਗੀ। ਕਾਮਰੇਡ ਡੀ. ਰਾਜਾ ਨੇ ਅਗਲੇ ਸਾਲ ਕਈ ਰਾਜਾਂ ਵਿੱਚ ਹੋ ਰਹੀਆਂ ਵਿਧਾਨ ਸਭਾਈ ਚੋਣਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੇਰਲਾ ਵਿੱਚ ਐੱਲ ਡੀ ਐੱਫ ਦੀ ਸਰਕਾਰ ਹੈ। ਸੀ ਪੀ ਆਈ ਇਸ ਦਾ ਹਿੱਸਾ ਹੈ। ਸਾਨੂੰ ਕੋਸ਼ਿਸ਼ ਕਰਨੀ ਹੋਵੇਗੀ ਕਿ ਖੱਬੀ ਧਿਰ ਮੁੜ ਸੱਤਾ ਸੰਭਾਲੇ। ਪੱਛਮੀ ਬੰਗਾਲ ਵਿੱਚ ਇੱਕ ਪਾਸੇ ਭਾਜਪਾ ਹੈ ਤੇ ਦੂਸਰੇ ਪਾਸੇ ਟੀ ਐੱਮ ਸੀ ਹੈ, ਅਜਿਹੀ ਸਥਿਤੀ ਵਿੱਚ ਕਮਿਊਨਿਸਟ ਪਾਰਟੀ ਨੂੰ ਗੰਭੀਰਤਾ ਨਾਲ ਸੋਚਣਾ ਹੋਵੇਗਾ ਕਿ ਪੱਛਮੀ ਬੰਗਾਲ ਵਿੱਚ ਚੋਣਾਂ ਦੇ ਸੰਬੰਧ ਵਿੱਚ ਕੀ ਰਣਨੀਤੀ ਅਪਣਾਈ ਜਾਵੇ। ਪੰਜਾਬ ਦੇ ਸੰਦਰਭ ਵਿੱਚ ਡੀ. ਰਾਜਾ ਨੇ ਕਿਹਾ ਕਿ ਪੰਜਾਬ ਅੰਦੋਲਨਾਂ ਦਾ ਮੋਹਰੀ ਰਿਹਾ ਹੈ, ਪਰ ਵਿਧਾਨ ਸਭਾ ਵਿੱਚ ਜੋ ਸਥਿਤੀ ਹੈ, ਉਹ ਸੋਚਣ ਲਈ ਮਜਬੂਰ ਕਰਦੀ ਹੈ। 2027 ਦੀ ਚੋਣ ਅਸੀਂ ਤਕੜੇ ਹੋ ਕੇ ਲੜਨੀ ਹੈ ਤੇ ਜਿੱਤ ਵੱਲ ਵਧਣਾ ਹੈ। ਪਾਰਲੀਮੈਂਟਰੀ ਜਮਹੂਰੀਅਤ ਦੀ ਗੱਲ ਕਰਦਿਆਂ ਕਾਮਰੇਡ ਡੀ. ਰਾਜਾ ਨੇ ਕਿਹਾ ਕਿ ਇਹ ਸਿਰਫ਼ ਪਾਰਲੀਮੈਂਟ ਜਾਂ ਵਿਧਾਨ ਸਭਾਵਾਂ ਤੱਕ ਹੀ ਸੀਮਤ ਨਹੀਂ ਸਮਝਣੀ ਚਾਹੀਦੀ, ਸਗੋਂ ਇਹ ਪੰਚਾਇਤ ਤੋਂ ਪਾਰਲੀਮੈਂਟ ਤੱਕ ਦਾ ਸਫ਼ਰ ਹੈ। ਇੱਥੇ ਕਮਿਊਨਿਸਟ ਆਗੂ ਨੇ ਖੁਸ਼ੀ







ਸੰਬੋਧਨ ਕਰਦੇ ਹੋਏ ਸੂਬਾ ਸਕੱਤਰ ਬੰਤ ਬਰਾੜ, ਜਨਰਲ ਸਕੱਤਰ ਡੀ ਰਾਜਾ, (ਸੱਜੇ) ਪ੍ਰਧਾਨਗੀ ਮੰਡਲ। (ਹੇਠਾਂ) ਅਜਲਾਸ 'ਚ ਸ਼ਾਮਲ ਡੈਲੀਗੇਟ ਤੇ (ਸੱਜੇ) ਝੰਡੇ ਦੀ ਰਸਮ ਅਦਾ ਕਰਦੇ ਹੋਏ ਕਾਮਰੇਡ ਹਰਭਜਨ ਸਿੰਘ। (ਤਸਵੀਰਾਂ : ਰਾਜੇਸ਼ ਥਾਪਾ)

ਸਾਂਝੀ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਤੇਲੰਗਾਨਾ ਦੀਆਂ ਮਿਊਂਸਪਲ ਕਾਰਪੋਰੇਸ਼ਨਾਂ ਦੀਆਂ ਚੋਣਾਂ ਵਿੱਚ ਉਥੋਂ ਦੇ ਸ਼ਹਿਰ ਕੋਥਾ ਕੋਡਮ ਵਿੱਚ ਕਮਿਊਨਿਸਟ ਪਾਰਟੀ ਦੇ ਕਾਮਰੇਡ ਗਣੇਸ਼ ਮੇਅਰ ਚੁਣੇ ਗਏ ਹਨ।

ਆਪਣੀ ਗੱਲ ਜਾਰੀ ਰੱਖਦਿਆਂ ਕਾਮਰੇਡ ਡੀ. ਰਾਜਾ ਨੇ ਸਤੰਬਰ 2025 ਵਿੱਚ ਸੀ ਪੀ ਆਈ ਦੀ ਪਾਰਟੀ ਕਾਂਗਰਸ ਵਿੱਚ ਲਏ ਮਹੱਤਵਪੂਰਨ ਫੈਸਲਿਆਂ ਦਾ ਵਿਸ਼ੇਸ਼ ਜ਼ਿਕਰ ਕੀਤਾ। ਪਿਛਲੇ ਦਿਨੀਂ ਤੇਲੰਗਾਨਾ ਦੇ ਸ਼ਹਿਰ ਹੱਮਮ ਵਿੱਚ ਪਾਰਟੀ ਦੀ 100ਵੀਂ ਵਰ੍ਹੇਗੰਢ ਸ਼ਾਨਦਾਰ ਢੰਗ ਨਾਲ ਮਨਾਈ ਗਈ ਹੈ। ਉਨ੍ਹਾ ਕਿਹਾ ਕਿ ਪਾਰਟੀ ਦੇ 100 ਵਰ੍ਹੇ ਇਨਕਲਾਬੀ ਯਾਤਰਾ ਦੇ ਰਹੇ। ਪਾਰਟੀ ਨੇ ਬਸਤੀਵਾਦੀ ਵਿਰੁੱਧ ਨਿਰਣਾਇਕ ਯੁੱਧ ਲੜਿਆ। ਪਾਰਟੀ ਹੁਣ ਦੂਸਰੀ ਸਦੀ ਵਿੱਚ ਦਾਖਲ ਹੋ ਗਈ ਹੈ। ਅਜੋਕੇ ਦੌਰ ਵਿੱਚ ਬੜੀਆਂ ਗੰਭੀਰ ਹਾਲਤਾਂ ਹਨ। ਹੁਣ ਸੀ ਪੀ ਆਈ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ।

ਕਾਨਫਰੰਸ ਦੇ ਖੁੱਲ੍ਹੇ ਸੈਸ਼ਨ ਦੀ ਪ੍ਰਧਾਨਗੀ ਸੀ ਪੀ ਆਈ ਦੇ ਕੰਟਰੋਲ ਕਮਿਸ਼ਨ ਦੇ ਮੈਂਬਰ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਕੀਤੀ। ਇਸ ਸੈਸ਼ਨ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਕੀਤਾ। ਕਾਮਰੇਡ ਡੀ. ਰਾਜਾ ਦੀ ਤਕਰੀਰ ਦਾ ਨਾਲੋ-ਨਾਲ ਪੰਜਾਬੀ ਵਿੱਚ ਉਲੱਥਾ ਐਡਵੋਕੇਟ ਹਰਚੰਦ ਬਾਠ ਨੇ ਕੀਤਾ।

ਇਸ ਤੋਂ ਪਹਿਲਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਮੰਚ ਅੰਦਰ ਸੀਨੀਅਰ ਆਗੂ ਕਾਮਰੇਡ ਹਰਭਜਨ ਸਿੰਘ ਨੇ ਨਾਅਰਿਆਂ ਦੀ ਗੂੰਜ ਵਿੱਚ ਪਾਰਟੀ ਦਾ ਝੰਡਾ ਲਹਿਰਾਇਆ। ਇਸ ਮੌਕੇ ਉਨ੍ਹਾਂ ਦੀ ਪਤਨੀ ਨਰਿੰਦਰ ਪਾਲ ਕੌਰ ਪਾਲੀ ਵੀ ਮੌਜੂਦ ਸਨ। ਝੰਡੇ ਦੀ ਰਸਮ ਵੇਲੇ ਜਨਰਲ ਸਕੱਤਰ ਡੀ. ਰਾਜਾ ਤੇ ਡਾ. ਗਰੀਸ਼ ਸ਼ਰਮਾ ਅਤੇ ਪਾਰਟੀ ਦੀ ਸੂਬਾਈ ਲੀਡਰਸ਼ਿਪ ਵੀ ਹਾਜ਼ਰ ਸੀ। ਕਾਨਫਰੰਸ ਦੇ ਅਗਲੇ ਸੈਸ਼ਨ ਦੀ ਪ੍ਰਧਾਨਗੀ ਕਾਮਰੇਡ ਨਿਰਮਲ ਸਿੰਘ ਧਾਲੀਵਾਲ, ਸੁਖਦੇਵ ਸ਼ਰਮਾ, ਬਲਦੇਵ ਸਿੰਘ ਨਿਹਾਲਗੜ੍ਹ, ਦੇਵੀ ਕੁਮਾਰੀ ਸਰਹਾਲੀ ਕਲਾਂ, ਰਾਜਿੰਦਰ ਪਾਲ ਕੌਰ, ਚਰਨਜੀਤ ਛਾਂਗਾਰਾਏ ਨੇ ਕੀਤੀ। ਇਸ ਸੈਸ਼ਨ ਨੂੰ ਸੀ ਪੀ ਆਈ ਦੇ ਸਕੱਤਰੇਤ ਮੈਂਬਰ ਡਾਕਟਰ ਗਰੀਸ਼ ਸ਼ਰਮਾ ਨੇ ਸੰਬੋਧਨ ਕੀਤਾ। ਉਨ੍ਹਾ ਕਿਹਾ ਕਿ ਮੋਦੀ ਸਰਕਾਰ ਵੱਲੋਂ ਮੁਕਤ ਵਪਾਰ ਅਤੇ ਹੋਰ ਸਮਝੌਤੇ ਭਾਰਤ ਵਾਸਤੇ ਪੂਰੀ ਤਰ੍ਹਾਂ ਘਾਟੇ ਵਾਲੇ ਸੌਦੇ ਸਾਬਤ ਹੋਣਗੇ। ਮੋਦੀ ਦੀਆਂ ਨੀਤੀਆਂ ਨੇ ਦੇਸ਼ ਦੀ ਆਰਥਿਕਤਾ ਮਧੋਲ ਕੇ ਅੰਬਾਨੀਆਂ, ਅਡਾਨੀਆਂ ਦੀਆਂ ਤਿਜੌਰੀਆਂ ਨੱਕੋ-ਨੱਕ ਭਰ ਦਿੱਤੀਆਂ ਹਨ। ਮੋਦੀ ਵੱਲੋਂ ਏ ਆਈ ਦਾ ਚੈਂਪੀਅਨ ਹੋਣ ਦੀਆਂ ਟਾਹਰਾਂ ਮਾਰੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਜਦੋਂ ਹਿੰਦੂਤਵ ਦੀ ਅਸਲੀਅਤ ਸਾਹਮਣੇ ਆ ਚੁੱਕੀ ਹੈ ਤਾਂ ਲੋਕਾਂ ਨੂੰ ਸਨਾਤਨ ਵਰਗੇ ਸ਼ਬਦ ਨਾਲ ਗੁੰਮਰਾਹ ਕਰਨਾ ਸ਼ੁਰੂ ਕਰ ਦਿੱਤਾ ਹੈ। ਮੋਦੀ ਸਰਕਾਰ ਵੱਲੋਂ ਬੁਲਡੋਜ਼ਰ ਵਰਤਾਰਾ ਯੂ ਪੀ ਵਿੱਚ ਸ਼ੁਰੂ ਕੀਤਾ ਗਿਆ ਸੀ, ਜੋ ਹੁਣ ਹਰ ਉਸ ਪ੍ਰਾਂਤ 'ਚ ਬੁਲਡੋਜ਼ਰ ਚਲਾਇਆ ਜਾ ਰਿਹਾ, ਜਿੱਥੇ ਭਾਜਪਾ ਦਾ ਰਾਜ ਹੈ। ਜਦੋਂ ਹਰ ਪੱਖ ਤੋਂ ਦੇਸ਼ ਨਿਘਾਰ ਵੱਲ ਚਲੇ ਗਿਆ ਹੈ ਤਾਂ ਕਮਿਊਨਿਸਟਾਂ ਨੂੰ ਇੱਕ ਹੋਰ ਜੁਝਾਰੂ ਸੰਘਰਸ਼ ਦੀ ਲੋੜ ਹੈ। ਡਾ. ਗਰੀਸ਼ ਨੇ ਆਸ ਪ੍ਰਗਟ ਕੀਤੀ ਕਿ ਸੂਬਾ ਕਾਨਫਰੰਸ ਪੰਜਾਬ ਦੀ ਕਮਿਊਨਿਸਟ ਲਹਿਰ ਨੂੰ ਮਜ਼ਬੂਤ ਕਰਨ ਵਿੱਚ ਸਹਾਈ ਹੋਵੇਗੀ। ਏਟਕ ਦੇ ਆਗੂ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਨੇ ਡਾ. ਗਰੀਸ਼ ਸ਼ਰਮਾ ਦਾ ਧੰਨਵਾਦ ਕੀਤਾ।

## ਜੰਮੂ-ਕਸ਼ਮੀਰ ਰਾਜ ਦੀ ਬਹਾਲੀ ਛੇਤੀ : ਮੇਘਵਾਲ

**ਸ੍ਰੀਨਗਰ :** ਕੇਂਦਰੀ ਨਿਆਂ ਤੇ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਮੰਗਲਵਾਰ ਕਿਹਾ ਕਿ ਜੰਮੂ-ਕਸ਼ਮੀਰ ਦਾ ਰਾਜ ਦਾ ਰੁਤਬਾ ਬਹਾਲ ਕਰਨ ਦਾ ਫੈਸਲਾ ਬਹੁਤ ਛੇਤੀ ਸੁਣਨ ਨੂੰ ਮਿਲੇਗਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾ ਕਿਹਾ ਕਿ ਮੁੱਦਾ ਬਹੁਤ ਨਾਜ਼ੁਕ ਹੈ, ਪਰ ਕਿਹਾ ਕਿ ਕੇਂਦਰ ਇਸ ਬਾਰੇ ਵਚਨਬੱਧ ਹੈ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਿਹਾ ਕਿ ਲੋਕ ਡੇਢ ਸਾਲ ਤੋਂ ਰੁਤਬਾ ਬਹਾਲੀ ਦੀ ਉਡੀਕ ਕਰ ਰਹੇ ਹਨ ਅਤੇ ਆਸ ਹੈ ਕਿ ਇਹ ਫੈਸਲਾ ਛੇਤੀ ਲੈ ਲਿਆ ਜਾਵੇਗਾ।

## ਸਲੀਮ ਖਾਨ ਹਸਪਤਾਲ ਦਾਖਲ

**ਮੁੰਬਈ :** ਹਿੰਦੀ ਸਿਨੇਮਾ ਦੇ ਦਿੱਗਜ ਲੇਖਕ ਸਲੀਮ ਖਾਨ ਨੂੰ ਮੰਗਲਵਾਰ ਸਵੇਰੇ ਮੁੰਬਈ ਦੇ ਲੀਲਾਵਤੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਉਨ੍ਹਾਂ ਨੂੰ ਹਸਪਤਾਲ ਦੇ ਆਈ.ਸੀ.ਯੂ. ਵਿੱਚ ਰੱਖਿਆ ਗਿਆ ਹੈ, ਜਿੱਥੇ ਡਾਕਟਰਾਂ ਦੀ ਟੀਮ ਉਨ੍ਹਾਂ ਦੀ ਸਿਹਤ 'ਤੇ ਨਜ਼ਰ ਰੱਖ ਰਹੀ ਹੈ। 90 ਸਾਲਾ ਸਲੀਮ ਖਾਨ, ਜਿਨ੍ਹਾਂ ਨੇ ਪਿਛਲੇ ਸਾਲ ਨਵੰਬਰ ਵਿੱਚ ਆਪਣਾ ਜਨਮ ਦਿਨ ਮਨਾਇਆ ਸੀ, ਬੌਲੀਵੁੱਡ ਦੇ ਸਭ ਤੋਂ ਸਤਿਕਾਰਤ ਲੇਖਕਾਂ ਵਿੱਚੋਂ ਇੱਕ ਹਨ। ਆਪਣੇ ਪਿਤਾ ਦੀ ਸਿਹਤ ਦਾ ਹਾਲ ਜਾਣਨ ਲਈ ਸੁਪਰਸਟਾਰ ਸਲਮਾਨ ਖਾਨ ਨੂੰ ਵੀ ਹਸਪਤਾਲ ਦੇ ਬਾਹਰ ਦੇਖਿਆ ਗਿਆ। ਸਲੀਮ ਖਾਨ ਨੇ 70 ਦੇ ਦਹਾਕੇ ਵਿੱਚ ਜਾਵੇਦ ਅਖਤਰ ਨਾਲ ਮਿਲ ਕੇ 'ਸ਼ੋਲੇ', 'ਦੀਵਾਰ' ਅਤੇ 'ਜ਼ੰਜੀਰ' ਵਰਗੀਆਂ ਕਈ ਸੁਪਰਹਿੱਟ ਫਿਲਮਾਂ ਲਿਖ ਕੇ ਭਾਰਤੀ ਸਿਨੇਮਾ ਨੂੰ ਨਵੀਂ ਦਿਸ਼ਾ ਦਿੱਤੀ ਸੀ।

## ਮਹਿਲਾ 'ਤੇ ਸੁੱਟਿਆ ਤੇਜ਼ਾਬ

**ਲੁਧਿਆਣਾ :** ਇੱਥੇ ਇੱਕ ਅਣਪਛਾਤੇ ਮੋਟਰਸਾਈਕਲ ਸਵਾਰ ਵਿਅਕਤੀ ਨੇ 40 ਸਾਲਾ ਮਹਿਲਾ ਮਜ਼ਦੂਰ 'ਤੇ ਤੇਜ਼ਾਬ ਸੁੱਟ ਦਿੱਤਾ, ਜਿਸ ਕਾਰਨ ਉਹ ਜ਼ਖ਼ਮੀ ਹੋ ਗਈ ਹੈ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਤੇਜ਼ਾਬ ਨਾਲ ਹਮਲੇ ਦੀ ਇਹ ਘਟਨਾ ਲੁਧਿਆਣਾ ਦੀ ਦੁਗਰੀ ਕਾਲੋਨੀ ਵਿੱਚ ਸਾਹਮਣੇ ਆਈ ਹੈ। ਪੀੜਤ ਮਹਿਲਾ ਉੱਤਰ ਪ੍ਰਦੇਸ਼ ਦੀ ਰਹਿਣ ਵਾਲੀ ਹੈ ਅਤੇ ਤਿੰਨ ਬੱਚਿਆਂ ਦੀ ਮਾਂ ਹੈ। ਹਮਲਾਵਰ ਨੇ ਕੁਝ ਪੁੱਛਣ ਦੇ ਬਹਾਨੇ ਮਹਿਲਾ ਨੂੰ ਆਪਣੇ ਵੱਲ ਬੁਲਾਇਆ, ਜਿਸ ਤੋਂ ਬਾਅਦ ਉਸ ਨੇ ਉਸ 'ਤੇ ਤੇਜ਼ਾਬ ਸੁੱਟ ਦਿੱਤਾ। ਇਸ ਹਮਲੇ ਵਿੱਚ ਮਹਿਲਾ ਦਾ ਚਿਹਰਾ ਅਤੇ ਅੱਖਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਈਆਂ ਹਨ ਅਤੇ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਜਾਇਆ ਗਿਆ। ਹੈਲਮੇਟ ਪਹਿਨੇ ਹੋਏ ਦੋਸ਼ੀ ਮੌਕੇ ਤੋਂ ਫਰਾਰ ਹੋ ਗਏ। ਪੁਲਸ ਹਮਲਾਵਰ ਦਾ ਪਤਾ ਲਗਾਉਣ ਲਈ ਸੀ ਸੀ ਟੀ ਵੀ ਫੁਟੇਜ ਦੀ ਜਾਂਚ ਕਰ ਰਹੀ ਹੈ।

## ਫੋਨ ਨਾ ਚੁੱਕਣ 'ਤੇ ਸਪੀਕਰ ਸਖ਼ਤ

**ਸ਼ਿਮਲਾ :** ਹਿਮਾਚਲ ਪ੍ਰਦੇਸ਼ ਦੇ ਸੀਨੀਅਰ ਅਫਸਰ ਹੁਣ ਵਿਧਾਨ ਸਭਾ ਦੇ ਨਿਸ਼ਾਨੇ 'ਤੇ ਹਨ। ਵਿਧਾਨ ਸਭਾ ਸਪੀਕਰ ਕੁਲਦੀਪ ਪਠਾਨੀਆ ਨੇ ਅਫਸਰਾਂ ਵੱਲੋਂ ਵਿਧਾਇਕਾਂ ਦੇ ਫੋਨ ਨਾ ਚੁੱਕਣ ਦੇ ਮੁੱਦੇ ਨੂੰ ਗੰਭੀਰਤਾ ਨਾਲ ਲੈਂਦਿਆਂ ਜਾਂਚ ਦੇ ਹੁਕਮ ਦਿੱਤੇ ਹਨ। ਇਹ ਮੁੱਦਾ ਗਗਰੇਟ ਤੋਂ ਕਾਂਗਰਸੀ ਵਿਧਾਇਕ ਰਾਕੇਸ਼ ਕਾਲੀਆ ਨੇ ਸਦਨ ਵਿੱਚ ਚੁੱਕਿਆ। ਉਨ੍ਹਾਂ ਕਿਹਾ ਕਿ ਜੇਕਰ ਅਫ਼ਸਰ ਜਨਤਕ ਮੁੱਦਿਆਂ 'ਤੇ ਲੋਕ ਨੁਮਾਇੰਦਿਆਂ ਦੇ ਫੋਨ ਹੀ ਨਹੀਂ ਚੁੱਕਦੇ, ਤਾਂ ਸਰਕਾਰ ਵੱਲੋਂ ਉਨ੍ਹਾਂ ਨੂੰ ਦਿੱਤਾ ਜਾਣ ਵਾਲਾ ਟੈਲੀਫੋਨ ਭੱਤਾ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ। ਕਾਲੀਆ ਦੇ ਇਸ ਬਿਆਨ ਦਾ ਹੋਰਨਾਂ ਵਿਧਾਇਕਾਂ ਨੇ ਵੀ ਮੇਜ਼ ਥੱਪਥਪਾ ਕੇ ਸਮਰਥਨ ਕੀਤਾ। ਸਪੀਕਰ ਕੁਲਦੀਪ ਪਠਾਨੀਆ ਨੇ ਵਿਧਾਇਕ ਕਾਲੀਆ ਨੂੰ ਅਜਿਹੇ ਅੜੀਅਲ ਅਫਸਰਾਂ ਦੇ ਨਾਂਅ ਲਿਖਤੀ ਰੂਪ ਵਿੱਚ ਵਿਧਾਨ ਸਭਾ ਸਕੱਤਰੇਤ ਨੂੰ ਦੇਣ ਲਈ ਕਿਹਾ ਹੈ ਤਾਂ ਜੋ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਸਕੇ।

## ਨਿਊਜ਼ੀਲੈਂਡ ਦੀ ਕੈਨੇਡਾ 'ਤੇ ਆਸਾਨ ਜਿੱਤ

**ਚੇਨਈ :** ਚੇਨਈ ਵਿੱਚ ਖੇਡੇ ਗਏ ਟੀ-20 ਵਰਲਡ ਕੱਪ ਦੇ ਗਰੁੱਪ-ਡੀ ਦੇ ਇੱਕ ਅਹਿਮ ਮੁਕਾਬਲੇ ਵਿੱਚ ਨਿਊਜ਼ੀਲੈਂਡ ਨੇ ਕੈਨੇਡਾ ਨੂੰ 8 ਵਿਕਟਾਂ ਨਾਲ ਕਰਾਰੀ ਮਾਤ ਦਿੱਤੀ। ਕੈਨੇਡਾ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 19 ਸਾਲਾ ਨੌਜਵਾਨ ਬੱਲੇਬਾਜ਼ ਯੁਵਰਾਜ ਸਮਰਾ ਦੇ ਸ਼ਾਨਦਾਰ 110 ਦੌੜਾਂ (65 ਗੇਂਦਾਂ) ਦੇ ਦਮ 'ਤੇ 173 ਦੌੜਾਂ ਦਾ ਚੁਣੌਤੀਪੂਰਨ ਸਕੋਰ ਖੜ੍ਹਾ ਕੀਤਾ ਸੀ। ਯੁਵਰਾਜ ਸਮਰਾ ਟੀ-20 ਵਰਲਡ ਕੱਪ ਇਤਿਹਾਸ ਵਿੱਚ ਸੈਂਕੜਾ ਲਗਾਉਣ ਵਾਲਾ ਸਭ ਤੋਂ ਘੱਟ ਉਮਰ ਦਾ ਬੱਲੇਬਾਜ਼ ਬਣ ਗਿਆ ਹੈ। ਕੈਨੇਡਾ ਦੇ ਕਪਤਾਨ ਦਿਲਪ੍ਰੀਤ ਬਾਜਵਾ ਨੇ ਵੀ 36 ਦੌੜਾਂ ਦਾ ਯੋਗਦਾਨ ਪਾਇਆ, ਪਰ ਇਨ੍ਹਾਂ ਦੋਵਾਂ ਦੀ ਮਿਹਨਤ ਕੀਵੀ ਬੱਲੇਬਾਜ਼ਾਂ ਦੇ ਤੂਫ਼ਾਨ ਅੱਗੇ ਫਿੱਕੀ ਪੈ ਗਈ। ਨਿਊਜ਼ੀਲੈਂਡ ਨੇ 174 ਦੌੜਾਂ ਦੇ ਟੀਚੇ ਨੂੰ ਮਹਿਜ਼ 15.1 ਓਵਰਾਂ ਵਿੱਚ ਹੀ ਹਾਸਲ ਕਰ ਲਿਆ। ਰਚਿਨ ਰਵਿੰਦਰਾ (ਨਾਬਾਦ 59) ਅਤੇ ਗਲੇਨ ਫਿਲਿਪਸ (ਨਾਬਾਦ 77) ਨੇ ਤੀਜੀ ਵਿਕਟ ਲਈ 146 ਦੌੜਾਂ ਦੀ ਅਜੇਤੂ ਸਾਂਝੇਦਾਰੀ ਕਰਕੇ ਮੈਚ ਨੂੰ ਇਕਪਾਸੜ ਬਣਾ ਦਿੱਤਾ।

## ਜੰਮੂ ਦੀ ਜੇਲ੍ਹ 'ਚੋਂ 3 ਕੈਦੀ ਫਾਇਰਿੰਗ ਕਰਨ ਤੋਂ ਬਾਅਦ ਫਰਾਰ

**ਜੰਮੂ :** ਜੰਮੂ ਜ਼ਿਲ੍ਹੇ ਦੇ ਆਰ ਐਸ ਪੁਰਾ ਬਾਲ ਸੁਧਾਰ ਘਰ ਤੋਂ ਸੋਮਵਾਰ ਸ਼ਾਮ ਨੂੰ ਦੋ ਪਾਕਿਸਤਾਨੀ ਨਾਗਰਿਕਾਂ ਸਮੇਤ ਤਿੰਨ ਕੈਦੀਆਂ ਦੇ ਫਰਾਰ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਉਨ੍ਹਾਂ ਨੇ ਡਿਊਟੀ 'ਤੇ ਤਾਇਨਾਤ ਪੁਲਸ ਕਰਮਚਾਰੀਆਂ 'ਤੇ ਫਾਇਰਿੰਗ ਕੀਤੀ, ਜਿਸ ਕਰਕੇ ਦੋ ਮੁਲਾਜ਼ਮ ਜ਼ਖ਼ਮੀ ਹੋਏ ਹਨ। ਇਹ ਸਾਰੀ ਘਟਨਾ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋਈ ਹੈ। ਭੱਜਣ ਵਾਲੇ ਕੈਦੀਆਂ ਦੀ ਪਛਾਣ ਆਰ ਐੱਸ ਪੁਰਾ ਦੇ ਦਬਡੇਲ ਦੇ ਰਹਿਣ ਵਾਲੇ ਕਰਨਜੀਤ ਸਿੰਘ ਉਰਫ਼ ਗੁੱਗਾ, ਪਾਕਿਸਤਾਨੀ ਨਾਗਰਿਕ ਮੁਹੰਮਦ ਸੁਨਾ ਉੱਲ੍ਹਾ ਅਤੇ ਅਹਿਸਾਨ ਅਨਵਰ ਵਜੋਂ ਹੋਈ ਹੈ।

## ਰਾਹੁਲ ਦੀ ਕਹਿਣੀ ਤੇ ਕਰਨੀ 'ਚ ਫਰਕ : ਨਵਜੋਤ ਕੌਰ ਸਿੱਧੂ

**ਕੋਇੰਬਟੂਰ :** ਕਾਂਗਰਸ ਦੀ ਸਾਬਕਾ ਆਗੂ ਨਵਜੋਤ ਕੌਰ ਸਿੱਧੂ ਨੇ ਰਾਹੁਲ ਗਾਂਧੀ 'ਤੇ ਤਿੱਖਾ ਹਮਲਾ ਬੋਲਦਿਆਂ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ 'ਤੇ ਜ਼ਮੀਨੀ ਹਕੀਕਤ ਤੋਂ ਪੂਰੀ ਤਰ੍ਹਾਂ ਕੱਟੇ ਹੋਣ ਅਤੇ ਪੰਜਾਬ ਇਕਾਈ ਵਿੱਚ ਅੰਦਰੂਨੀ ਭ੍ਰਿਸ਼ਟਾਚਾਰ ਨੂੰ ਹੱਲ ਕਰਨ ਵਿੱਚ ਅਸਫਲ ਰਹਿਣ ਦਾ ਦੋਸ਼ ਲਗਾਇਆ ਹੈ। ਕੋਇੰਬਟੂਰ ਵਿੱਚ ਬੋਲਦਿਆਂ ਸਿੱਧੂ ਨੇ ਦਾਅਵਾ ਕੀਤਾ ਕਿ ਗਾਂਧੀ ਦੀ ਢਿੱਲ ਪੰਜਾਬ ਵਿੱਚ ਕਾਂਗਰਸ ਨੂੰ ਖਤਮ ਕਰ ਰਹੀ ਹੈ ਅਤੇ ਦੋਸ਼ ਲਾਇਆ ਕਿ ਉਨ੍ਹਾਂ ਦਾ ਅੰਦਰੂਨੀ ਘੇਰਾ ਚੋਣ ਟਿਕਟਾਂ ਵੇਚਣ ਵਿੱਚ ਰੁੱਝਿਆ ਹੋਇਆ ਹੈ ਜਦੋਂ ਕਿ ਉਹ ਸਥਿਤੀ ਤੋਂ ਅਣਜਾਣ ਹਨ। ਸਿੱਧੂ ਨੇ ਕਿਹਾ, ਰਾਹੁਲ ਗਾਂਧੀ ਚੰਗੀਆਂ ਗੱਲਾਂ ਕਰਦੇ ਹਨ। ਉਹ ਸਾਰਥਕ ਗੱਲਾਂ ਕਰਦੇ ਹਨ। ਪਰ ਉਹ ਜੋ ਕਰਦੇ ਹਨ ਅਤੇ ਜੋ ਕਹਿੰਦੇ ਹਨ, ਉਹ ਬਹੁਤ ਵੱਖਰਾ ਹੈ। ਪਿਛਲੇ ਅੱਠ ਮਹੀਨਿਆਂ ਤੋਂ, ਮੈਂ ਉਨ੍ਹਾਂ ਨੂੰ ਇਹ ਦੱਸਣ ਲਈ ਸਮਾਂ ਮੰਗ ਰਹੀ ਹਾਂ ਕਿ ਤੁਹਾਡੇ ਲੋਕ, ਤੁਹਾਡਾ ਪ੍ਰਧਾਨ ਜਾਂ ਪੰਜਾਬ ਵਿੱਚ ਨਿਯੁਕਤ ਤੁਹਾਡਾ ਵਿਅਕਤੀ ਪੰਜਾਬ ਨਾਲ ਇਨਸਾਫ਼ ਨਹੀਂ ਕਰ ਰਿਹਾ। ਉਹ ਪੰਜਾਬ ਵਿੱਚ ਕਾਂਗਰਸ ਨੂੰ ਮਾਰ ਰਿਹਾ ਹੈ। ਉਨ੍ਹਾ ਅੱਗੇ ਕਿਹਾ, ਜੇ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡੇ ਹੇਠਾਂ ਕੀ ਹੋ ਰਿਹਾ ਹੈ, ਤਾਂ ਮੈਨੂੰ ਅਫਸੋਸ ਹੈ। ਤੁਸੀਂ ਉਸ ਕੁਰਸੀ ਦੇ ਲਾਇਕ ਨਹੀਂ ਹੋ। ਤੁਸੀਂ ਜੋ ਕਰ ਰਹੇ ਹੋ, ਉਸ ਲਈ ਤੁਸੀਂ ਖੁਦ ਜ਼ਿੰਮੇਵਾਰ ਹੋ। ਅਸੀਂ ਪੰਜਾਬ ਲਈ ਸਭ ਕੁਝ ਛੱਡ ਦਿੱਤਾ ਅਤੇ ਤੁਸੀਂ ਸਾਨੂੰ ਸੱਤ ਵਿਭਾਗਾਂ ਨਾਲ ਡਿਪਟੀ ਸੀ ਐੱਮ ਦੇ ਅਹੁਦੇ ਅਤੇ ਮੈਨੂੰ ਸਾਂਸਦ ਬਣਾਉਣ ਦਾ ਵਾਅਦਾ ਕੀਤਾ ਸੀ, ਪਰ ਤੁਸੀਂ ਸਾਨੂੰ ਕੁਝ ਨਹੀਂ ਦਿੱਤਾ। ਤੁਸੀਂ ਸਾਨੂੰ ਸਥਾਨਕ ਸਰਕਾਰਾਂ ਅਤੇ ਸੈਰ-ਸਪਾਟਾ ਦਿੱਤਾ ਅਤੇ ਤੁਸੀਂ ਚਾਹੁੰਦੇ ਸੀ ਕਿ ਉਹ ਮੁੱਖ ਮੰਤਰੀ ਅਨੁਸਾਰ ਚੱਲਣ।

## ਤਾਰਿਕ ਰਹਿਮਾਨ ਨੇ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ

**ਢਾਕਾ :** ਬੰਗਲਾਦੇਸ਼ ਨੈਸ਼ਨਲਿਸਟ ਪਾਰਟੀ ਦੇ ਚੇਅਰਮੈਨ ਤਾਰਿਕ ਰਹਿਮਾਨ ਨੇ ਮੰਗਲਵਾਰ ਨੂੰ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਢਾਕਾ ਵਿੱਚ ਸੰਸਦ ਭਵਨ ਦੇ ਸਾਊਥ ਪਲਾਜ਼ਾ ਵਿਚ ਇੱਕ ਸਮਾਗਮ ਵਿੱਚ ਰਾਸ਼ਟਰਪਤੀ ਮੁਹੰਮਦ ਸ਼ਹਾਬੂਦੀਨ ਨੇ ਉਨ੍ਹਾਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। 60 ਸਾਲਾ ਤਾਰਿਕ ਰਹਿਮਾਨ ਪਿਛਲੇ 36 ਸਾਲਾਂ ਵਿੱਚ ਬੰਗਲਾਦੇਸ਼ ਦੇ ਪਹਿਲੇ ਪੁਰਸ਼ ਪ੍ਰਧਾਨ ਮੰਤਰੀ ਬਣੇ ਹਨ। ਇਹ ਬਦਲਾਅ 12 ਫਰਵਰੀ ਨੂੰ ਹੋਈਆਂ 13ਵੀਆਂ ਸੰਸਦੀ ਚੋਣਾਂ ਵਿੱਚ ਬੀ.ਐੱਨ.ਪੀ. ਦੀ ਜਿੱਤ ਤੋਂ ਬਾਅਦ ਆਇਆ ਹੈ, ਜਿੱਥੇ ਉਨ੍ਹਾਂ ਦੀ ਪਾਰਟੀ ਨੇ 297 ਵਿੱਚੋਂ 209 ਸੀਟਾਂ 'ਤੇ ਕਬਜ਼ਾ ਕੀਤਾ। ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਨਵੇਂ ਚੁਣੇ ਗਏ ਸੰਸਦ ਮੈਂਬਰਾਂ ਨੇ ਵੀ ਸਹੁੰ ਚੁੱਕੀ। ਇਸ ਮੌਕੇ ਭਾਰਤ ਦੀ ਨੁਮਾਇੰਦਗੀ ਲੋਕ ਸਭਾ ਸਪੀਕਰ ਓਮ ਬਿਰਲਾ ਨੇ ਕੀਤੀ, ਜੋ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨਾਲ ਢਾਕਾ ਪਹੁੰਚੇ ਸਨ। ਸਮਾਗਮ ਵਿੱਚ ਭੂਟਾਨ ਦੇ ਪ੍ਰਧਾਨ ਮੰਤਰੀ ਤਸ਼ੇਰਿੰਗ ਤੋਬਗੇ ਸਮੇਤ ਹੋਰ ਕਈ ਦੇਸ਼ਾਂ ਦੇ ਮਹਿਮਾਨ ਵੀ ਸ਼ਾਮਲ ਹੋਏ। ਤਾਰਿਕ ਰਹਿਮਾਨ ਦੀ ਇਹ ਤਾਜਪੋਸ਼ੀ ਨੋਬਲ ਪੁਰਸਕਾਰ ਜੇਤੂ ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਦੇ 18 ਮਹੀਨਿਆਂ ਦੇ ਕਾਰਜਕਾਲ ਦੇ ਖ਼ਤਮ ਹੋਣ ਦਾ ਸੰਕੇਤ ਹੈ, ਜੋ ਸਾਲ 2024 ਵਿੱਚ ਸ਼ੇਖ ਹਸੀਨਾ ਦੇ ਦੇਸ਼ ਛੱਡਣ ਤੋਂ ਬਾਅਦ ਬਣਾਈ ਗਈ ਸੀ। ਸਾਬਕਾ ਪ੍ਰਧਾਨ ਮੰਤਰੀ ਖਾਲਿਦਾ ਜ਼ੀਆ ਦੇ ਪੁੱਤਰ ਤਾਰਿਕ ਰਹਿਮਾਨ ਲੱਗਭੱਗ 17 ਸਾਲਾਂ ਦੀ ਜਲਾਵਤਨੀ ਕੱਟ ਕੇ ਲੰਡਨ ਤੋਂ ਪਰਤੇ ਹਨ। ਦੱਸ ਦੇਈਏ ਕਿ ਚੋਣਾਂ ਵਿੱਚ ਸ਼ੇਖ ਹਸੀਨਾ ਦੀ ਪਾਰਟੀ ਅਵਾਮੀ ਲੀਗ 'ਤੇ ਪਾਬੰਦੀ ਲਗਾਈ ਗਈ ਸੀ, ਜਿਸ ਕਾਰਨ ਉਹ ਚੋਣ ਮੈਦਾਨ ਤੋਂ ਬਾਹਰ ਰਹੀ।

## ਮੋਹਾਲੀ ਦੇ ਸਕੂਲਾਂ ਤੇ ਹਸਪਤਾਲ ਨੂੰ ਉਡਾਉਣ ਦੀ ਧਮਕੀ

**ਮੋਹਾਲੀ :** ਮੋਹਾਲੀ ਵਿੱਚ ਮੰਗਲਵਾਰ ਸਵੇਰੇ ਉਸ ਵੇਲੇ ਸਹਿਮ ਦਾ ਮਾਹੌਲ ਪੈਦਾ ਹੋ ਗਿਆ, ਜਦੋਂ ਮਿਲੇਨੀਅਮ ਸਕੂਲ ਸਮੇਤ ਕਈ ਵਿਦਿਅਕ ਅਦਾਰਿਆਂ ਅਤੇ ਫੋਰਟਿਸ ਹਸਪਤਾਲ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀ ਭਰੀਆਂ ਈਮੇਲਾਂ ਪ੍ਰਾਪਤ ਹੋਈਆਂ। ਮੁੱਖ ਮੰਤਰੀ ਭਗਵੰਤ ਮਾਨ ਸੋਮਵਾਰ ਸ਼ਾਮ ਨੂੰ ਦੁਬਾਰਾ ਸਿਹਤ ਵਿਗੜਨ ਕਾਰਨ ਫੋਰਟਿਸ ਹਸਪਤਾਲ ਵਿੱਚ ਦਾਖਲ ਹਨ, ਜਿਸ ਕਾਰਨ ਇਹ ਧਮਕੀ ਵਧੇਰੇ ਸੰਵੇਦਨਸ਼ੀਲ ਸੀ। ਪੁਲਸ ਅਧਿਕਾਰੀਆਂ ਅਨੁਸਾਰ ਈਮੇਲ ਵਿੱਚ ਮੁੱਖ ਮੰਤਰੀ ਦਾ ਵੀ ਜ਼ਿਕਰ ਕੀਤਾ ਗਿਆ ਸੀ, ਜਿਸ ਤੋਂ ਬਾਅਦ ਪੁਲਸ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਚੈਕਿੰਗ ਸ਼ੁਰੂ ਕਰ ਦਿੱਤੀ ਅਤੇ ਹਸਪਤਾਲ ਵਿੱਚ ਗੈਰ-ਜ਼ਰੂਰੀ ਸੇਵਾਵਾਂ ਨੂੰ ਕੁਝ ਸਮੇਂ ਲਈ ਰੋਕ ਕੇ ਸੁਰੱਖਿਆ ਘੇਰਾ ਸਖ਼ਤ ਕਰ ਦਿੱਤਾ। ਮੋਹਾਲੀ ਦੇ ਐਸ.ਪੀ. (ਸਿਟੀ) ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਉਨ੍ਹਾਂ ਹੀ ਸਕੂਲਾਂ ਨੂੰ ਨਿਸ਼ਾਨਾ ਬਣਾ ਕੇ ਭੇਜੀ ਗਈ ਈਮੇਲ ਹੈ, ਜਿਨ੍ਹਾਂ ਨੂੰ ਪਿਛਲੇ ਬੁੱਧਵਾਰ ਵੀ ਅਜਿਹੀ ਧਮਕੀ ਮਿਲੀ ਸੀ; ਪਿਛਲੀ ਵਾਰ ਜਾਂਚ ਵਿੱਚ ਆਈ.ਪੀ. ਐਡਰੈੱਸ ਅਮਰੀਕਾ ਦਾ ਅਤੇ ਰਿਕਵਰੀ ਈਮੇਲ ਬੰਗਲਾਦੇਸ਼ ਦੀ ਪਾਈ ਗਈ ਸੀ।

## ਪ੍ਰਿਅੰਕਾ ਗਾਂਧੀ ਦੀ ਨੀਅਤ 'ਚ ਖੋਟ : ਰਵਨੀਤ ਬਿੱਟੂ

**ਲੁਧਿਆਣਾ :** ਕੇਂਦਰੀ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਮੰਗਲਵਾਰ ਨੂੰ ਕਿਹਾ ਹੈ ਕਿ ਉਹ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਖ਼ਿਲਾਫ਼ ਇੱਕ ਸ਼ਿਕਾਇਤ ਦਰਜ ਕਰਵਾਉਣਗੇ। ਉਹ ਇਸ ਗੱਲ ਦੀ ਜਾਂਚ ਕਰਵਾਉਣਾ ਚਾਹੁੰਦੇ ਹਨ ਕਿ ਕਿਸਾਨ ਅੰਦੋਲਨ ਦੌਰਾਨ ਜਦੋਂ ਉਹ ਕਾਂਗਰਸ ਵਿਚ ਸਨ ਤਾਂ ਪ੍ਰਿਅੰਕਾ ਗਾਂਧੀ ਨੇ ਉਨ੍ਹਾਂ ਨੂੰ ਖ਼ਾਸ ਤੌਰ 'ਤੇ ਅੰਦੋਲਨਕਾਰੀ ਕਿਸਾਨਾਂ ਨੂੰ ਮਿਲਣ ਲਈ ਕਿਉਂ ਭੇਜਿਆ ਸੀ, ਜਿੱਥੇ ਉਨ੍ਹਾਂ 'ਤੇ ਹਮਲਾ ਹੋਇਆ ਸੀ। ਮੀਡੀਆ ਨੂੰ ਦਿੱਤੀ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਬਿੱਟੂ ਨੇ ਕਿਹਾ ਕਿ ਉਸ ਸਮੇਂ ਉਨ੍ਹਾਂ ਨੂੰ ਪ੍ਰਿਅੰਕਾ ਗਾਂਧੀ ਦੀ ਨੀਅਤ 'ਤੇ ਕੋਈ ਸ਼ੱਕ ਨਹੀਂ ਸੀ, ਹਾਲਾਂਕਿ ਉਹ ਜਾਣਦੇ ਸਨ ਕਿ ਕਿਸਾਨ ਉਨ੍ਹਾਂ ਖ਼ਿਲਾਫ਼ ਸਨ। ਹੁਣ ਉਹ ਚਾਹੁੰਦੇ ਹਨ ਕਿ ਇਸ ਦੀ ਜਾਂਚ ਹੋਵੇ ਕਿ ਕੀ ਪ੍ਰਿਅੰਕਾ ਗਾਂਧੀ ਕੋਈ ਵੱਡੀ ਘਟਨਾ ਵਾਪਰਨ ਦੀ ਉਮੀਦ ਕਰ ਰਹੇ ਸਨ, ਕਿਉਂਕਿ ਉਸ ਸਮੇਂ ਕੁਝ ਵੀ ਹੋ ਸਕਦਾ ਸੀ। ਮੰਤਰੀ ਨੇ ਯਾਦ ਕਰਵਾਇਆ ਕਿ ਉਸ ਵੇਲੇ ਉਹ ਅਤੇ ਵਿਧਾਇਕ ਕੁਲਬੀਰ ਜ਼ੀਰਾ ਅੰਦੋਲਨਕਾਰੀ ਕਿਸਾਨਾਂ ਹੱਥੋਂ ਮਾਰੇ ਜਾਣ ਤੋਂ ਮਸਾਂ ਬਚੇ ਸਨ। ਉਨ੍ਹਾਂ ਖ਼ਦਸ਼ਾ ਜਤਾਇਆ ਕਿ ਇਹ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਈ ਸਾਜ਼ਿਸ਼ ਸੀ ਤਾਂ ਕਿ ਕੋਈ ਵੱਡਾ ਹੰਗਾਮਾ ਖੜ੍ਹਾ ਕੀਤਾ ਜਾ ਸਕੇ। ਰਾਹੁਲ ਗਾਂਧੀ ਵੱਲੋਂ ਉਨ੍ਹਾਂ ਨੂੰ ਗੱਦਾਰ ਕਹੇ ਜਾਣ 'ਤੇ ਬਿੱਟੂ ਨੇ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਨਾਤੇ ਅਜਿਹੀ ਹਲਕੀ ਸ਼ਬਦਾਵਲੀ ਵਰਤਣੀ ਰਾਹੁਲ ਗਾਂਧੀ ਨੂੰ ਸ਼ੋਭਾ ਨਹੀਂ ਦਿੰਦੀ। ਉਨ੍ਹਾਂ ਸਵਾਲ ਕੀਤਾ ਕਿ ਕਾਂਗਰਸ ਵਿੱਚ ਵੀ ਬਹੁਤ ਸਾਰੇ ਅਜਿਹੇ ਨੇਤਾ ਅਤੇ ਐੱਮ.ਪੀ. ਹਨ, ਜੋ ਦੂਜੀਆਂ ਪਾਰਟੀਆਂ ਛੱਡ ਕੇ ਆਏ ਹਨ, ਕੀ ਰਾਹੁਲ ਗਾਂਧੀ ਦੇ ਕਹਿਣ ਮੁਤਾਬਕ ਉਹ ਸਾਰੇ ਹੀ ਗੱਦਾਰ ਹਨ?

## ਓਵਰਬ੍ਰਿਜ ਦਾ ਨੀਂਹ ਪੱਥਰ ਰੱਖਿਆ



ਦੋਰਾਹਾ (ਹਰਮਿੰਦਰ ਸੇਠ) : ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਮੰਗਲਵਾਰ ਦੋਰਾਹਾ ਵਿੱਚ ਨੀਲੋਂ ਨੂੰ ਜੋੜਨ ਵਾਲੇ ਰੇਲਵੇ ਓਵਰਬ੍ਰਿਜ ਦਾ ਨੀਂਹ ਪੱਥਰ ਰੱਖਿਆ। 70 ਕਰੋੜ ਦੀ ਲਾਗਤ ਨਾਲ ਪੁਲ ਬਣਨ ਨਾਲ ਮਾਲਵਾ ਖੇਤਰ, ਚੰਡੀਗੜ੍ਹ ਤੇ ਸ਼ਿਮਲਾ ਵਿਚਾਲੇ ਆਵਾਜਾਈ ਸੌਖੀ ਹੋ ਜਾਵੇਗੀ। ਇਸ ਦਾ ਕੰਮ 12-13 ਸਾਲ ਤੋਂ ਲਟਕਿਆ • ਬਾਕੀ ਸਫਾ 2 'ਤੇ

## ਮੋਗਾ ਰੈਲੀ ਤੋਂ ਵਿਰੋਧੀ ਬੌਖਲਾਏ : ਬਲਤੇਜ ਪੰਨੂ, ਧਾਲੀਵਾਲ

**ਚੰਡੀਗੜ੍ਹ, (ਗੁਰਜੀਤ ਬਿੱਲਾ/ ਕ੍ਰਿਸ਼ਨ ਗਰਗ)**

ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਵਿਰੋਧੀ ਪਾਰਟੀਆਂ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਬੀਤੇ ਦਿਨੀਂ ਮੋਗਾ ਦੇ ਕਿੱਲੀ ਚਾਹਲਾਂ ਵਿਖੇ ਆਯੋਜਿਤ ਵਿਲੇਜ ਡਿਫੈਂਸ ਕਮੇਟੀ (ਵੀ ਡੀ ਸੀ) ਦੇ ਸਹੁੰ ਚੁੱਕ ਸਮਾਗਮ ਨੇ ਉਨ੍ਹਾਂ ਰਵਾਇਤੀ ਪਾਰਟੀਆਂ ਦੀ ਤਕਲੀਫ਼ ਵਧਾ ਦਿੱਤੀ ਹੈ, ਜਿਨ੍ਹਾਂ ਪੰਜਾਬ ਦੀ ਜਵਾਨੀ ਨੂੰ 'ਚਿੱਟੇ' ਦੀ ਅੱਗ ਵਿੱਚ ਧੱਕਿਆ ਸੀ। ਪੰਨੂ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਆਪਣੇ ਸਿਆਸੀ ਫਾਇਦੇ ਲਈ ਨਸ਼ਿਆਂ ਨੂੰ ਉਤਸ਼ਾਹਤ ਕੀਤਾ, ਅੱਜ ਉਨ੍ਹਾਂ ਨੂੰ ਇਸ ਗੱਲ ਦੀ ਸਭ ਤੋਂ ਵੱਧ ਤਕਲੀਫ਼ ਹੋ ਰਹੀ ਹੈ ਕਿ ਪੰਜਾਬ ਵਿੱਚੋਂ ਨਸ਼ਿਆਂ ਦਾ ਕੋਹੜ ਹਮੇਸ਼ਾ ਲਈ ਖ਼ਤਮ ਹੋਣ ਜਾ ਰਿਹਾ ਹੈ।




ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਲਤੇਜ ਪੰਨੂ ਨੇ ਕਿਹਾ ਕਿ 2007 ਤੋਂ 2017 ਅਤੇ ਫਿਰ 2017 ਤੋਂ 2022 ਤੱਕ ਪੰਜਾਬ ਨੇ ਉਹ ਕਾਲਾ ਦੌਰ ਦੇਖਿਆ ਹੈ ਜਦੋਂ ਕੋਈ ਨਸ਼ਾ ਤਸਕਰ ਫੜਿਆ ਜਾਂਦਾ ਸੀ, ਤਾਂ ਕੁਝ ਹੀ ਘੰਟਿਆਂ ਵਿੱਚ ਉਸ ਦੀਆਂ ਤਸਵੀਰਾਂ ਉਸ ਸਮੇਂ ਦੇ ਸੱਤਾਧਾਰੀ ਆਗੂਆਂ ਨਾਲ ਵਾਇਰਲ ਹੋ ਜਾਂਦੀਆਂ ਸਨ।

ਪੰਨੂ ਨੇ ਕਿਹਾ ਕਿ ਮੋਗਾ ਦੇ ਕਿੱਲੀ ਚਹਿਲਾਂ ਵਿੱਚ ਉਮੜਿਆ ਭਾਰੀ ਇਕੱਠ ਵਿਰੋਧੀਆਂ ਦੀਆਂ ਅੱਖਾਂ ਵਿੱਚ ਰੜਕ ਰਿਹਾ ਹੈ। ਮੁੱਖ ਮੰਤਰੀ ਭਗਵੰਤ ਮਾਨ ਆਪਣੀ ਖ਼ਰਾਬ ਸਿਹਤ ਦੇ ਬਾਵਜੂਦ ਹਸਪਤਾਲ ਤੋਂ ਸਿੱਧਾ ਰੈਲੀ ਵਿੱਚ ਪਹੁੰਚੇ ਅਤੇ 1.25 ਲੱਖ ਮੈਂਬਰਾਂ ਨੂੰ ਸਹੁੰ ਚੁਕਾਈ, ਜੋ ਨਸ਼ਿਆਂ ਵਿਰੁੱਧ ਜੰਗ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਜੋ ਲੋਕ ਅਫ਼ਸਰਾਂ ਦੇ ਉੱਥੇ ਜਾਣ 'ਤੇ ਸਵਾਲ ਉਠਾ ਰਹੇ ਹਨ, ਉਹ ਸ਼ਾਇਦ ਭੁੱਲ ਗਏ ਹਨ ਕਿ ਨਸ਼ਿਆਂ ਵਿਰੁੱਧ ਇਹ ਜੰਗ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਪੁਲਸ ਪ੍ਰਸ਼ਾਸਨ ਅਤੇ ਜਨਤਾ ਦੀ ਸਾਂਝੀ ਜੰਗ ਹੈ।

ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਵਿਲੇਜ ਡਿਫੈਂਸ ਕਮੇਟੀ (ਵੀ ਡੀ ਸੀ) ਦੇ ਮੈਂਬਰਾਂ ਦੇ ਸਹੁੰ ਚੁੱਕ ਸਮਾਗਮ ਲਈ ਮੋਗਾ ਵਿੱਚ ਹੋਏ ਵਿਸ਼ਾਲ ਇਕੱਠ ਨੂੰ ਇੱਕ ਇਤਿਹਾਸਕ ਪਲ ਅਤੇ ਨਸ਼ਿਆਂ ਵਿਰੁੱਧ ਪੰਜਾਬ ਦੀ ਜਾਰੀ ਲੜਾਈ ਵਿੱਚ ਇੱਕ ਨਿਰਣਾਇਕ ਮੀਲ ਦਾ ਪੱਥਰ ਕਰਾਰ ਦਿੱਤਾ। ਉਨ੍ਹਾ ਕਿਹਾ ਕਿ ਲੋਕਾਂ ਦੀ ਭਾਰੀ ਸ਼ਮੂਲੀਅਤ ਸੂਬੇ ਨੂੰ ਨਸ਼ਿਆਂ ਦੀ ਅਲਾਮਤ ਤੋਂ ਮੁਕਤ ਕਰਨ ਲਈ ਜਨਤਕ ਸੰਕਲਪ ਦੀ ਇੱਕ ਨਵੀਂ ਲਹਿਰ ਨੂੰ ਦਰਸਾਉਂਦੀ ਹੈ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਿਛਲੇ ਸਾਲ ਮਾਰਚ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਸੀ, ਜਿਸ ਦੇ ਸੂਬੇ ਭਰ ਵਿੱਚ ਸ਼ਾਨਦਾਰ ਨਤੀਜੇ ਸਾਹਮਣੇ ਆਏ ਹਨ। ਉਹਨਾ ਦੱਸਿਆ ਕਿ ਵੀ ਡੀ ਸੀ ਨੇ ਨਸ਼ਿਆਂ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨ ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਲੋਕਾਂ ਬਾਰੇ ਪੰਜਾਬ ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਭਰੋਸੇਯੋਗ ਜਾਣਕਾਰੀ ਸਾਂਝੀ ਕਰਕੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਹੈ।

ਮੋਗਾ ਪ੍ਰੋਗਰਾਮ ਨੂੰ ਨਸ਼ਾ ਵਿਰੋਧੀ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕਰਾਰ ਦਿੰਦਿਆਂ ਕੁਲਦੀਪ ਸਿੰਘ

• ਬਾਕੀ ਸਫਾ 2 'ਤੇ

## ਅੱਜ-ਨਾਮਾ

ਬੱਝ ਗਈ ਲੜੀ ਪੰਜਾਬ ਵਿੱਚ ਰੈਲੀਆਂ ਦੀ,
ਕਿਸੇ ਨੇ ਕੱਲ੍ਹ ਕੀਤੀ, ਕਿਸੇ ਨੇ ਅੱਜ ਬੇਲੀ।
ਤੀਸਰਾ-ਚੌਥਾ ਵੀ ਜਲਸੇ ਹਨ ਕਰਨ ਵਾਲੇ,
ਪੰਜਵਾਂ ਬਚਣ ਲਈ ਲੱਭ ਰਿਹਾ ਪੱਜ ਬੇਲੀ।
ਭਾਸ਼ਣ ਇੱਕੋ ਜਿਹੇ ਸੁਣਦੇ ਆ ਰੈਲੀਆਂ ਦੇ,
ਖੇਹ ਉਡਾਉਣ ਲਈ ਚੁੱਕੇ ਹਨ ਛੱਜ ਬੇਲੀ।
ਪਰਦਾ ਦੂਜਿਆਂ ਦਾ ਕਰਨ ਪਏ ਚਾਕ ਸਾਰੇ,
ਆਪਣੇ ਪਾਪ ਉਹ ਸਕਣ ਨਹੀਂ ਕੱਜ ਬੇਲੀ।
ਚੱਲ ਪਈ ਚੰਦਰੀ ਖੇਡ ਇਹ ਬੜੀ ਪਹਿਲਾਂ,
ਚੱਲਣਾ ਵਾਹਵਾ ਇਹ ਲਮਕਵਾਂ ਦੌਰ ਬੇਲੀ।
ਤੋਤੇ ਉੱਡਣ ਤਾਂ ਸੁਣਦੇ ਰਹੇ ਬਹੁਤ ਵਾਰੀ,
ਐਤਕੀਂ ਦਿੱਸ ਰਿਹਾ ਉੱਡਣਗੇ ਭੌਰ ਬੇਲੀ।

-ਤੀਸ ਮਾਰ ਖਾਂ

## ਕਿਲ੍ਹਾ ਰਾਏਪੁਰ 'ਚ 12 ਸਾਲਾਂ ਬਾਅਦ ਦੌੜੀਆਂ ਬੈਲ ਗੱਡੀਆਂ

**ਕਿਲ੍ਹਾ ਰਾਏਪੁਰ (ਲੁਧਿਆਣਾ) :** ਕਿਲ੍ਹਾ ਰਾਏਪੁਰ ਪੇਂਡੂ ਉਲੰਪਿਕ-2026 ਖੇਡਾਂ ਮੰਗਲਵਾਰ ਲੁਧਿਆਣਾ ਵਿੱਚ ਬਹੁਤ ਉਤਸ਼ਾਹ ਅਤੇ ਧੂਮਧਾਮ ਨਾਲ ਸ਼ੁਰੂ ਹੋ ਗਈਆਂ। ਇਸ ਦੇ ਨਾਲ ਹੀ 12 ਸਾਲਾਂ ਦੇ ਅੰਤਰਾਲ ਤੋਂ ਬਾਅਦ ਪ੍ਰਸਿੱਧ ਬੈਲ ਗੱਡੀਆਂ ਦੀਆਂ ਦੌੜਾਂ ਦੀ ਪੁਨਰ-ਸੁਰਜੀਤੀ ਹੋ ਗਈ।



ਖੇਡਾਂ ਦਾ ਉਦਘਾਟਨ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੀਤਾ। ਇਨ੍ਹਾਂ ਵਿਸ਼ਵ-ਪ੍ਰਸਿੱਧ ਬੈਲ ਗੱਡੀਆਂ ਦੀਆਂ ਦੌੜਾਂ ਦੇ ਮੁੜ ਸ਼ੁਰੂ ਹੋਣ ਨਾਲ ਲੋਕਾਂ/ ਦਰਸ਼ਕਾਂ ਦਾ ਬਹੁਤ ਭਾਰੀ ਇਕੱਠ ਹੋਇਆ, ਜਿਸ ਨਾਲ ਦਰਸ਼ਕ ਪੰਜਾਬ ਅਤੇ ਬਾਹਰੋਂ ਇਸ ਰੋਮਾਂਚਕ ਖੇਡ ਨੂੰ ਦੇਖਣ ਲਈ ਪਹੁੰਚੇ, ਜੋ ਸੂਬੇ ਦੇ ਪੇਂਡੂ ਵਿਰਾਸਤ ਵਿੱਚ ਡੂੰਘਾਈ ਨਾਲ ਜੜ੍ਹਾਂ ਰੱਖਦੇ ਹਨ।

ਵਿਧਾਇਕ ਜੀਵਨ ਸਿੰਘ ਸੰਗੋਵਾਲ ਅਤੇ ਡਾ. ਕੇ ਐੱਨ ਐੱਸ ਕੰਗ ਦੇ ਨਾਲ ਕੈਬਨਿਟ ਮੰਤਰੀ ਖੁੱਡੀਆਂ ਨੇ ਬੈਲ-ਗੱਡੀਆਂ ਦੀਆਂ ਦੌੜਾਂ ਦੀ ਸੱਭਿਆਚਾਰਕ ਮਹੱਤਤਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਪੰਜਾਬ ਦੇ ਇਤਿਹਾਸਕ ਅਤੇ ਰਵਾਇਤੀ ਪੇਂਡੂ ਜੜ੍ਹਾਂ ਨਾਲ ਮਜ਼ਬੂਤ ਸਬੰਧ ਰੱਖਦੀਆ ਹਨ। ਉਨ੍ਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ 'ਪੰਜਾਬ ਵਿਧਾਨ ਸਭਾ ਵਿੱਚ ਜਾਨਵਰਾਂ 'ਤੇ ਅੱਤਿਆਚਾਰ ਦੀ ਰੋਕਥਾਮ (ਪੰਜਾਬ ਸੋਧ), ਐਕਟ 2025' ਨੂੰ ਸਰਬਸੰਮਤੀ ਨਾਲ ਪਾਸ ਅਤੇ ਲਾਗੂ ਕਰਕੇ ਇਸ ਪੁਨਰ-ਸੁਰਜੀਤੀ ਨੂੰ ਸੰਭਵ ਬਣਾਉਣ ਦਾ ਸਿਹਰਾ ਦਿੱਤਾ, ਜਿਸ ਨੇ ਜਾਨਵਰਾਂ ਲਈ ਸੁਰੱਖਿਆ ਮਾਪਦੰਡ ਪੇਸ਼ ਕੀਤੇ, ਕਾਨੂੰਨੀ ਰੁਕਾਵਟਾਂ ਨੂੰ ਦੂਰ ਕੀਤਾ ਅਤੇ ਇਨ੍ਹਾਂ ਬੈਲ ਗੱਡੀ ਦੌੜਾਂ ਨੂੰ ਮੁੜ ਸ਼ੁਰੂ ਕਰਨ ਦਾ ਰਾਹ ਪੱਧਰਾ ਕੀਤਾ।

ਕੈਬਨਿਟ ਮੰਤਰੀ ਨੇ ਉਮੀਦ ਪ੍ਰਗਟ ਕੀਤੀ ਕਿ ਕਿਲ੍ਹਾ ਰਾਏਪੁਰ ਪੇਂਡੂ ਉਲੰਪਿਕ ਪੰਜਾਬ ਭਰ ਵਿੱਚ ਇੱਕ ਮਜ਼ਬੂਤ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਅਤੇ ਰਾਜ ਦੇ ਹਰ ਕੋਨੇ ਤੋਂ ਛੁਪੀ ਹੋਈ ਪ੍ਰਤਿਭਾ ਨੂੰ ਉਜਾਗਰ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਂਦਾ ਹੈ। ਉਨ੍ਹਾਂ ਇਹਨਾਂ ਖੇਡਾਂ ਦਾ ਸਮਰਥਨ ਕਰਨ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਹੋਏ ਕਿਹਾ ਕਿ ਉਲੰਪਿਕ ਅਤੇ ਹੋਰ ਪ੍ਰਮੁੱਖ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਤਗਮੇ ਪ੍ਰਾਪਤ ਕਰਨ ਵਾਲਿਆਂ ਲਈ ਨਕਦ ਇਨਾਮਾਂ ਵਿੱਚ ਕਾਫ਼ੀ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਲੰਪਿਕ ਤਗਮਾ ਜੇਤੂਆਂ ਨੂੰ ਪੰਜਾਬ ਸਿਵਲ ਸੇਵਾਵਾਂ (ਪੀ ਸੀ ਐੱਸ) ਅਤੇ ਪੰਜਾਬ ਪੁਲਸ ਸੇਵਾਵਾਂ (ਪੀ ਪੀ ਐੱਸ) ਵਿੱਚ ਵੱਕਾਰੀ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। 19 ਫਰਵਰੀ ਤੱਕ ਚੱਲਣ ਵਾਲੀਆਂ ਇਹਨਾਂ ਖੇਡਾਂ ਵਿੱਚ ਕਬੱਡੀ, ਹਾਕੀ, ਐਥਲੈਟਿਕਸ, ਸਾਈਕਲਿੰਗ, ਰੱਸਾਕਸ਼ੀ ਅਤੇ ਹੋਰ ਬਹੁਤ ਸਾਰੀਆਂ ਰਵਾਇਤੀ ਖੇਡਾਂ ਵੀ ਹੋਣਗੀਆਂ।

18-Feb-PAGE-1.qxd 2/17/2026 10:51 PM Page 2



## ਜੁਆਇੰਟ ਫੋਰਮ ਏਕਤਾ ਮੰਚ ਐਸੋਸੀਏਸ਼ਨ ਦੇ ਸੱਦੇ 'ਤੇ ਅਰਥੀ ਫੂਕ ਮੁਜ਼ਾਹਰਾ

**ਮੁਕਤਸਰ (ਸ਼ਮਿੰਦਰਪਾਲ/ਪੂਜਾ)**- ਜੁਆਇੰਟ ਫੋਰਮ ਏਕਤਾ ਮੰਚ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼ ਦੇ ਸੱਦੇ ਉੱਪਰ ਸ੍ਰੀ ਮੁਕਤਸਰ ਸਾਹਿਬ ਦੀਆਂ ਸਮੂਹ ਜਥੇਬੰਦੀਆਂ ਵੱਲੋਂ ਪੰਜਾਬ ਸਰਕਾਰ ਤੇ ਪਾਵਰ ਕਾਰਪੋਰੇਸ਼ਨ ਦੀ ਮੈਨੇਜਮੈਂਟ ਦਾ ਅਰਥੀ ਫੂਕ



ਮੁਜ਼ਾਹਰਾ ਕੀਤਾ ਗਿਆ।ਇਸ ਅਰਥੀ ਫੂਕ ਰੈਲੀ ਵਿੱਚ ਵੱਖ ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਨੂੰ ਪਾਵਰਕਾਮ ਦੀਆਂ ਜਾਇਦਾਦਾਂ ਵੇਚਣ ਵਿਰੁੱਧ ਚੇਤਾਵਨੀ ਦਿੱਤੀ ਕਿ ਜੇਕਰ ਮੈਨੇਜਮੈਂਟ ਤੇ ਸਰਕਾਰ ਨੇ ਇਸ ਨੂੰ ਨਾ ਵਾਪਸ ਲਿਆ ਤਾਂ ਬਿਜਲੀ ਕਾਮੇ ਆਉਣ ਵਾਲੇ ਦਿਨਾਂ ਵਿੱਚ ਸਰਕਾਰ ਵਿਰੁੱਧ ਸੰਘਰਸ਼ ਤੇਜ਼ ਕਰਨਗੇ, ਕਿਉਂਕਿ ਇਹ ਜਾਇਦਾਦਾਂ ਪੰਜਾਬ ਦੇ ਲੋਕਾਂ ਵੱਲੋਂ ਪੰਜਾਬ ਦੀ ਤਰੱਕੀ ਲਈ ਉਸ ਵੇਲੇ ਪੰਜਾਬ ਰਾਜ ਬਿਜਲੀ ਬੋਰਡ ਨੂੰ ਪੰਜਾਬ ਵਿੱਚ ਹਰੀ ਕ੍ਰਾਂਤੀ ਲਿਆਉਣ ਤੇ ਉਦਯੋਗ ਲਿਆਉਣ ਲਈ ਦਾਨ ਦੇ ਰੂਪ ਵਿੱਚ ਦਿੱਤੀਆਂ ਗਈਆਂ ਸਨ, ਇਨ੍ਹਾਂ ਜਾਇਦਾਦਾਂ ਨੂੰ ਵੇਚਿਆ ਨਹੀਂ ਜਾ ਸਕਦਾ, ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।ਇਸ ਦੇ ਨਾਲ ਹੀ ਮੈਨੇਜਮੈਂਟ ਨਾਲ ਮਿਤੀ 14/01/2026 ਨੂੰ ਹੋਈ ਮੀਟਿੰਗ ਵਿੱਚ ਵੀ ਇਸ 'ਤੇ ਚਰਚਾ ਹੋਈ ਹੈ।ਇਸ ਲਈ ਜੇਕਰ ਮੈਨੇਜਮੈਂਟ ਆਪਣੇ ਕੀਤੇ ਵਾਅਦੇ ਅਨੁਸਾਰ ਵੇਚਣ ਤੋਂ ਪਿੱਛੇ ਨਾ ਹਟੀ ਤਾਂ ਪੰਜਾਬ ਦੇ ਬਿਜਲੀ ਮੁਲਾਜ਼ਮ ਸੰਘਰਸ਼ ਕਰਨਗੇ।ਇਸ ਅਰਥੀ ਫੂਕ ਮੁਜ਼ਾਹਰੇ 'ਚ ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਦੇ ਮੀਤ ਪ੍ਰਧਾਨ ਬਰਜਿੰਦਰ ਕੁਮਾਰ ਸ਼ਰਮਾ, ਇੰਪਲਾਈਜ਼ ਫੈਡਰੇਸ਼ਨ ਦੇ ਸਾਥੀ ਬਲਜੀਤ ਸਿੰਘ ਮੋਦਲਾ, ਸੀ ਐੱਚ ਬੀ ਤੇ ਪਾਸਕੋ ਦੇ ਸਾਥੀ ਕੇਸਰ ਸਿੰਘ, ਸਾਥੀ ਵਰਿੰਦਰ ਸਿੰਘ, ਪੈਨਸ਼ਨਰ ਐਸੋਸੀਏਸ਼ਨ ਵੱਲੋਂ ਸਾਥੀ ਜੋਗਿੰਦਰ ਸਿੰਘ ਤੇ ਬਸੰਤ ਸਿੰਘ, ਗੁਰਸੇਵਕ ਸਿੰਘ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ।

## ਹੇਮਕੁੰਟ ਸਕੂਲ ਦੀਆਂ ਵਿਦਿਆਰਥਣਾਂ ਨੂੰ ਦਿੱਤੀ ਵਿਦਾਇਗੀ ਪਾਰਟੀ



**ਕੋਟ ਈਸੇ ਖਾਂ (ਅਰੋੜਾ)** ਸ੍ਰੀ ਹੇਮਕੁੰਟ ਸੀਨੀ. ਸੈਕੰ. ਸਕੂਲ ਜੋ ਉੱਚ ਦਰਜੇ ਦੀ ਸਿੱਖਿਆ ਦੇਣ ਦੇ ਨਾਲ-ਨਾਲ ਉਨ੍ਹਾਂ ਦੇ ਚਰਿੱਤਰ ਨਿਰਮਾਣ, ਆਤਮ ਵਿਸ਼ਵਾਸ ਤੇ ਸੰਸਕਾਰਾਂ ਦੇ ਵਿਕਾਸ ਲਈ ਪ੍ਰਸਿੱਧ ਹੈ।ਸਕੂਲ ਵਿੱਚ ਗਿਆਰ੍ਹਵੀਂ ਕਲਾਸ ਦੀਆਂ ਵਿਦਿਆਰਥਣਾਂ ਦੁਆਰਾ ਬਾਰ੍ਹਵੀਂ ਕਲਾਸ ਦੀਆਂ ਵਿਦਿਆਰਥਣਾਂ ਲਈ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ ਵੱਖ-ਵੱਖ ਤਰ੍ਹਾਂ ਗੇਮਾਂ ਤੇ ਡਾਂਸ ਨਾਲ ਵਿਦਿਆਰਥਣਾਂ ਨੇ ਸਭ ਦਾ ਮਨੋਰੰਜਨ ਕੀਤਾ।ਪ੍ਰੋਗਰਾਮ ਵਿੱਚ ਸ੍ਰੀ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਅਤੇ ਐੱਮ.ਡੀ.ਮੈਡਮ ਸ੍ਰੀਮਤੀ ਰਣਜੀਤ ਕੌਰ ਸੰਧੂ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ।ਪ੍ਰੋਗਰਾਮ ਵਿੱਚ ਵਿਦਿਆਰਥੀਆਂ ਦੁਆਰਾ ਅਧਿਆਪਕਾਂ ਲਈ ਮਨੋਰੰਜਕ ਖੇਡਾਂ ਵੀ ਕਰਾਈਆਂ ਗਈਆਂ, ਜਿਨ੍ਹਾਂ ਨੇ ਸਮਾਰੋਹ ਨੂੰ ਹੋਰ ਵੀ ਰੌਣਕਮਈ ਬਣਾ ਦਿੱਤਾ।ਬਾਰ੍ਹਵੀਂ ਜਮਾਤ ਦੀਆਂ ਵਿਦਿਆਰਥਣਾਂ ਨੂੰ ਟਾਈਟਲ ਤੇ ਯਾਦਗਾਰੀ ਤੋਹਫ਼ੇ ਵੀ ਭੇਂਟ ਕੀਤੇ।ਮਿਸ ਫੇਅਰਵੈੱਲ ਦਾ ਐਵਾਰਡ ਮਿਸ ਗਗਨਦੀਪ ਕੌਰ, ਦੂਜਾ ਸਥਾਨ ਹੈਵਨਪ੍ਰੀਤ ਕੌਰ, ਮਿਸ ਚਾਰਮਿੰਗ ਮਹਿਕਪ੍ਰੀਤ ਕੌਰ, ਮਿਸ ਪਰਸਨੈਲਿਟੀ ਮੰਨਤ, ਮਿਸ ਟਲੈਂਟਡ ਮਹਿਕਪ੍ਰੀਤ ਕੌਰ, ਮਿਸ ਵਰਸੇਟਾਇਲ ਅੰਜਨੀ ਨੂੰ ਮਿਲਿਆ। ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਤੇ ਐੱਮ.ਡੀ. ਮੈਡਮ ਰਣਜੀਤ ਕੌਰ ਸੰਧੂ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਬੋਰਡ ਦੇ ਇਮਤਿਹਾਨਾਂ ਲਈ ਮਿਹਨਤ ਕਰਨ, ਸਮੇਂ ਦੀ ਕਦਰ ਕਰਨ ਤੇ ਆਤਮ ਵਿਸ਼ਵਾਸ ਨਾਲ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।ਉਨ੍ਹਾਂ ਕਿਹਾ ਕਿ ਸਫ਼ਲਤਾ ਲਈ ਲਗਨ ਤੇ ਅਨੁਸ਼ਾਸਨ ਬਹੁਤ ਜ਼ਰੂਰੀ ਹਨ। ਸਕੂਲ ਦੇ ਸਟਾਫ਼ ਨੂੰ ਮੈਨੇਜਮੈਂਟ ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ।ਸਾਰੇ ਪ੍ਰੋਗਰਾਮ ਨੂੰ ਨਪੇਰੇ ਚੜ੍ਹਾਉਣ ਦਾ ਸਿਹਰਾ ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੂੰ ਜਾਂਦਾ ਹੈ। ਪ੍ਰਿੰਸੀਪਲ ਮੈਡਮ ਨੇ ਆਪਣੇ ਆਸ਼ੀਰਵਾਦ ਭਰੇ ਸ਼ਬਦਾਂ ਵਿੱਚ ਵਿਦਿਆਰਥਣਾਂ ਨੂੰ ਭਵਿੱਖ ਲਈ ਸ਼ੁਭ ਕਾਮਨਾਵਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਸਕੂਲ ਹਮੇਸ਼ਾ ਵਿਦਿਆਰਥੀਆਂ ਦੀਆਂ ਉਪਲਬਧੀਆਂ 'ਤੇ ਮਾਣ ਕਰਦਾ ਹੈ। ਉਨ੍ਹਾਂ ਨੂੰ ਜੀਵਨ ਵਿੱਚ ਉਚਾਈਆਂ ਛੂਹਣ ਲਈ ਪ੍ਰੇਰਿਤ ਕਰਦਾ ਰਹੇਗਾ।ਸਮਾਰੋਹ ਦੇ ਅੰਤ 'ਚ ਬਾਰ੍ਹਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਆਪਣੇ ਅਨੁਭਵ ਸਾਂਝੇ ਕੀਤੇ ਤੇ ਸਕੂਲ ਪ੍ਰਬੰਧਨ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ।

## ਬਾਬਾ ਮੋਨੀ ਜੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਵਿਦਾਇਗੀ ਸਮਾਰੋਹ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਬਾਬਾ ਮੋਨੀ ਜੀ ਗਰੁੱਪ ਆਫ ਇੰਸਟੀਚਿਊਸ਼ਨਜ਼ ਲਹਿਰਾ ਮੁਹੱਬਤ ਦੇ ਜੂਨੀਅਰ ਵੱਲੋਂ ਸੀਨੀਅਰ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਸਮਾਗਮ ਦੀ ਸ਼ੁਰੂਆਤ ਕਾਲਜ ਦੇ ਡਾਇਰੈਕਟਰ ਕੇਸਰ ਸਿੰਘ ਧਲੇਵਾਂ ਵੱਲੋਂ ਬਾਬਾ ਮੋਨੀ ਜੀ ਮਹਾਰਾਜ ਜੀ ਦੇ ਸਰੂਪ ਅੱਗੇ ਜੋਤ ਜਗਾ ਕੇ ਕੀਤੀ ਗਈ। ਡਿਗਰੀ ਕਾਲਜ ਦੇ ਪ੍ਰਿੰਸੀਪਲ ਡਾ. ਰਜਨੀ ਚੌਧਰੀ ਨੇ ਮਹਿਮਾਨਾਂ ਨੂੰ 'ਜੀ ਆਇਆਂ ਨੂੰ' ਕਿਹਾ। ਪ੍ਰੋਗਰਾਮ ਦੀ ਸ਼ੁਰੂਆਤ ਮੈਡਮ ਸਰਬਜੀਤ ਕੌਰ ਦੁਆਰਾ ਵੈੱਲਕਮ ਸਪੀਚ ਤੇ ਬਾਰਵੀਂ ਜਮਾਤ ਦੀਆਂ ਵਿਦਿਆਰਥਣਾਂ ਨੇ ਸ਼ਬਦ ਗਾਇਨ ਨਾਲ ਕੀਤੀ। ਸਟੇਜ ਸੰਚਾਲਕ ਦੀ ਭੂਮਿਕਾ ਕਾਲਜ ਦੀਆਂ ਵਿਦਿਆਰਥਣਾਂ ਦਮਨਜੋਤ ਕੌਰ ਤੇ ਰਮਨਜੋਤ ਕੌਰ ਨੇ ਅਤੇ ਜੱਜ ਦੀ ਭੂਮਿਕਾ ਮੈਡਮ ਲਖਵਿੰਦਰ ਕੌਰ ਤੇ ਮੈਡਮ ਪੂਨਮ ਨੇ ਨਿਭਾਈ। ਵਿਦਿਆਰਥੀਆਂ ਨੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਦਿਆਂ ਗੀਤ, ਭੰਗੜਾ, ਸ਼ੇਅਰੋ-ਸ਼ੇਅਰੀ, ਗਰੁੱਪ ਤੇ ਸੋਲੋ ਡਾਂਸ, ਕਵੀਸ਼ਰੀ, ਲੰਮੀ ਹੇਕ ਵਾਲੇ ਗੀਤ, ਸਕਿੱਟ, ਨਾਟਕ, ਕੋਰਿਓਗ੍ਰਾਫੀ ਤੇ ਕਵਿਤਾ ਰਾਹੀਂ ਖੂਬ ਰੰਗ ਬੰਨ੍ਹਿਆ। ਮਿਸ ਫੇਅਰਵੈੱਲ ਦਾ ਤਾਜ ਹਰਪ੍ਰੀਤ ਕੌਰ (ਬੀ.ਐੱਡ. ਭਾਗ-ਦੂਜਾ), ਅਮਨ ਸ਼ਰਮਾ (ਬਾਰਵੀਂ), ਜੋਤਵੀਰ ਕੌਰ (ਬੀ. ਏ ਭਾਗ-ਤੀਜਾ), ਮੁਸਕਾਨ (ਬੀ.ਸੀ.ਏ. ਭਾਗ-ਤੀਜਾ) ਦੇ ਸਿਰ ਸਜਾਇਆ ਗਿਆ। ਇਸ ਮੌਕੇ ਨਰਸਿੰਗ ਕਾਲਜ ਦੇ ਪ੍ਰਿੰਸੀਪਲ ਮੈਰੀ ਡਾਸਨ ਫਰਾਂਸਿਸ, ਡਿਗਰੀ ਕਾਲਜ ਦੇ ਪ੍ਰਿੰਸੀਪਲ ਡਾ. ਰਜਨੀ ਚੌਧਰੀ ਤੋਂ ਇਲਾਵਾ ਪ੍ਰੋ. ਮੋਨਿਕਾ ਗਰਗ, ਪ੍ਰੋ. ਰਮਨਦੀਪ ਕੌਰ, ਪ੍ਰੋ. ਅਵਨੀਤ ਕੌਰ, ਪ੍ਰੋ. ਸਰਬਜੀਤ ਕੌਰ, ਪ੍ਰੋ. ਸੁਖਦੀਪ ਕੌਰ, ਪ੍ਰੋ. ਨਵਜੋਤ ਕੌਰ, ਪ੍ਰੋ. ਲਵਪ੍ਰੀਤ ਕੌਰ, ਪ੍ਰੋ. ਰੁਚੀਕਾ, ਪ੍ਰੋ. ਰਵਿੰਦਰ ਕੌਰ, ਪ੍ਰੋ. ਨਵਦੀਪ ਸ਼ਰਮਾ, ਪ੍ਰੋ. ਜਗਪ੍ਰੀਤ ਕੌਰ, ਪ੍ਰੋ. ਜਸਕਰਨ ਸਿੰਘ, ਪ੍ਰੋ. ਅਕਾਸ਼ਦੀਪ ਅਤੇ ਪ੍ਰੋ. ਕੁਲਦੀਪ ਸਿੰਘ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

## ਜ਼ਿਲ੍ਹਾ ਪੱਧਰੀ ਪਲੇਸਮੈਂਟ ਕੈਂਪ ਭਲਕੇ

**ਫਾਜ਼ਿਲਕਾ (ਨਿਸ਼ਾ ਸ਼ਰਮਾ)**- ਜ਼ਿਲ੍ਹਾ ਰੁਜ਼ਗਾਰ ਅਫਸਰ ਸ੍ਰੀ ਗੁਰਤੇਜ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ 19 ਫਰਵਰੀ ਨੂੰ ਜ਼ਿਲ੍ਹਾ ਪੱਧਰੀ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਵਰਧਮਾਨ ਗਰੁੱਪ ਲੁਧਿਆਣਾ ਸ਼ਮੂਲੀਅਤ ਕਰ ਰਹੀ ਹੈ।ਉਨ੍ਹਾਂ ਦੱਸਿਆ ਕਿ ਵਰਧਮਾਨ ਗਰੁੱਪ ਲੁਧਿਆਣਾ ਵੱਲੋਂ ਪੈਕਿੰਗ ਤੇ ਮਸ਼ੀਨ ਓਪ੍ਰੇਟਰ ਲਈ ਇੰਟਰਵਿਊ ਲਿਆ ਜਾਣਾ ਹੈ, ਜਿਸ ਵਿੱਚ 100 ਅਸਾਮੀਆਂ (ਲੜਕੇ ਤੇ ਲੜਕੀਆਂ ਦੋਨੋਂ) ਲਈ ਘੱਟੋ ਘੱਟ 8ਵੀਂ, 10ਵੀਂ, 12ਵੀਂ, ਉਮਰ 19 ਤੋਂ 30 ਸਾਲ ਤੱਕ ਦੀ ਹੋਣੀ ਲਾਜ਼ਮੀ ਹੈ।ਪ੍ਰਾਰਥੀ ਕੋਲ ਆਪਣਾ ਬਾਇਉ ਡਾਟਾ, ਪੜ੍ਹਾਈ ਦੇ ਅਸਲ ਸਰਟੀਫਿਕੇਟ ਸਮੇਤ ਫੋਟੋ ਕਾਪੀਆਂ, ਅਧਾਰ ਕਾਰਡ ਹੋਣਾ ਲਾਜ਼ਮੀ ਹੈ।ਪਲੇਸਮੈਂਟ 19 ਫਰਵਰੀ ਸਵੇਰੇ 10:00 ਤੋਂ ਡੀ ਸੀ ਦਫ਼ਤਰ, ਏ ਬਲਾਕ, ਚੌਥੀ ਮੰਜ਼ਿਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਫਾਜ਼ਿਲਕਾ ਦਫਤਰ ਵਿਖੇ ਲਗਾਇਆ ਜਾ ਰਿਹਾ ਹੈ।

## ਰੋਹੜ ਜਗੀਰ 'ਚ ਸਰਪੰਚ ਦੀ ਅਗਵਾਈ ਹੇਠ ਸੈਂਕੜੇ ਪਰਵਾਰਾਂ ਨੇ ਫੜਿਆ 'ਆਪ' ਦਾ ਪੱਲਾ

**ਦੇਵੀਗੜ੍ਹ, (ਰਾਜਿੰਦਰ ਸਿੰਘ ਬਿੰਦ)** ਹਲਕਾ ਸਨੌਰ 'ਚ ਆਮ ਆਦਮੀ ਪਾਰਟੀ ਦਾ ਪਰਵਾਰ ਉਸ ਸਮੇਂ ਹੋਰ ਵਿਸ਼ਾਲ ਹੋ ਗਿਆ, ਜਦੋਂ ਪਿੰਡ ਰੋਹੜ ਜਗੀਰ ਵਿਖੇ



ਰਵਾਇਤੀ ਪਾਰਟੀਆਂ ਨੂੰ ਵੱਡਾ ਸਿਆਸੀ ਝਟਕਾ ਲੱਗਾ।ਪਿੰਡ ਦੇ ਮੌਜੂਦਾ ਸਰਪੰਚ ਲਖਵੀਰ ਸਿੰਘ ਦੀ ਅਗਵਾਈ 'ਚ ਸੈਂਕੜਿਆਂ ਨੇ ਕਾਂਗਰਸ ਤੇ ਅਕਾਲੀ ਦਲ ਨੂੰ ਹਮੇਸ਼ਾ ਲਈ ਅਲਵਿਦਾ ਕਹਿ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕਪੱਖੀ ਨੀਤੀਆਂ ਵਿੱਚ ਵਿਸ਼ਵਾਸ ਪ੍ਰਗਟਾਉਂਦਿਆਂ 'ਆਮ ਆਦਮੀ ਪਾਰਟੀ' 'ਚ ਸ਼ਾਮਲ ਹੋਣ ਦਾ ਐਲਾਨ ਕੀਤਾ। ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਨਵੇਂ ਸ਼ਾਮਲ ਹੋਏ ਪਰਿਵਾਰਾਂ ਨੂੰ ਸਿਰੋਪਾਓ ਦੇ ਕੇ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ। ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਪਿੰਡ ਰੋਹੜ ਜਗੀਰ ਵਿੱਚ ਹੋਈ ਭਰਵੀਂ ਜੁਆਇਨਿੰਗ ਇਸ ਗੱਲ ਦਾ ਸਬੂਤ ਹੈ ਕਿ ਲੋਕ ਰਵਾਇਤੀ ਪਾਰਟੀਆਂ ਦੀਆਂ ਲੁੱਟ-ਖਸੁੱਟ ਵਾਲੀਆਂ ਨੀਤੀਆਂ ਤੇ ਝੂਠੇ ਲਾਰਿਆਂ ਤੋਂ ਅੱਕ ਚੁੱਕੇ ਹਨ।ਉਨ੍ਹਾਂ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਹਲਕਾ ਸਨੌਰ ਨੂੰ ਵਿਕਾਸ ਪੱਖੋਂ ਪਛੜਿਆ ਰੱਖਿਆ ਗਿਆ ਸੀ, ਪਰ ਹੁਣ 'ਆਪ' ਸਰਕਾਰ ਦੇ ਕਾਰਜਕਾਲ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਹਰ ਪਿੰਡ ਤੱਕ ਗ੍ਰਾਂਟਾਂ ਅਤੇ ਸਹੂਲਤਾਂ ਪਹੁੰਚ ਰਹੀਆਂ ਹਨ। ਹਡਾਣਾ ਨੇ ਅੱਗੇ ਕਿਹਾ ਕਿ ਮੁਫ਼ਤ ਬਿਜਲੀ, ਆਮ ਆਦਮੀ ਕਲੀਨਿਕ, ਚੰਗੀ ਸਿੱਖਿਆ ਤੇ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਵਰਗੇ ਇਤਿਹਾਸਕ ਫੈਸਲਿਆਂ ਨੇ ਪੰਜਾਬੀਆਂ ਦੇ ਦਿਲ ਜਿੱਤ ਲਏ ਹਨ।ਉਨ੍ਹਾਂ ਕਿਹਾ ਕਿ ਰੋਹੜ ਜਗੀਰ ਦੇ ਸਰਪੰਚ ਤੇ ਸੈਂਕੜੇ ਨਿਵਾਸੀਆਂ ਦਾ ਪਾਰਟੀ ਨਾਲ ਜੁੜਨਾ ਦੱਸਦਾ ਹੈ ਕਿ ਲੋਕ ਹੁਣ ਸਿਰਫ਼ ਕੰਮ ਦੀ ਰਾਜਨੀਤੀ ਨੂੰ ਹੀ ਪਸੰਦ ਕਰਦੇ ਹਨ।ਉਨ੍ਹਾਂ ਭਰੋਸਾ ਦਿਵਾਇਆ ਕਿ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰ ਇੱਕ ਵਿਅਕਤੀ ਨੂੰ ਪੂਰਾ ਮਾਨ-ਸਨਮਾਨ ਦਿੱਤਾ ਜਾਵੇਗਾ ਅਤੇ ਪਿੰਡ ਦੇ ਰਹਿੰਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ ਤੇ ਮੁਕੰਮਲ ਕੀਤਾ ਜਾਵੇਗਾ।

## ਅਕਾਲੀ ਮਹਿਲਾ ਆਗੂ ਚਰਨਜੀਤ ਕੌਰ ਨੇ ਬਠਿੰਡਾ ਦਿਹਾਤੀ ਤੋਂ ਦਾਅਵੇਦਾਰੀ ਠੋਕੀ

**ਬਠਿੰਡਾ (ਰਾਜੀਵ ਗੋਇਲ)** ਜਿਉਂ-ਜਿਉਂ ਵਿਧਾਨ ਸਭਾ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ, ਤਿਉਂ-ਤਿਉਂ ਸਿਆਸੀ ਲੀਡਰਾਂ ਦਾ ਜੋਸ਼ ਵਧਦਾ ਆਮ ਦੇਖਿਆ ਜਾ ਸਕਦਾ ਹੈ ਅਤੇ ਵਿਧਾਇਕ ਬਣਨ ਦੇ ਚਾਹਵਾਨ ਲੀਡਰਾਂ ਵੱਲੋਂ ਆਪਣੇ-ਆਪਣੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਤੱਕ ਪਹੁੰਚ ਬਣਾਉਂਦੇ ਹੋਏ ਦਾਅਵੇਦਾਰੀਆਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਇਸੇ ਹੀ ਲੜੀ ਤਹਿਤ ਸ਼੍ਰੋਮਣੀ ਅਕਾਲੀ ਦਲ ਦੀ ਮਹਿਲਾ ਆਗੂ ਚਰਨਜੀਤ ਕੌਰ ਵੱਲੋਂ ਬਠਿੰਡਾ ਦਿਹਾਤੀ ਤੋਂ ਆਪਣੀ ਦਾਅਵੇਦਾਰੀ ਠੋਕੀ ਗਈ ਹੈ। ਦੱਸਣਾ ਬਣਦਾ ਹੈ ਕਿ ਉਕਤ ਦਾਅਵੇਦਾਰੀ ਪੇਸ਼ ਕਰਨ ਵਾਲੀ ਆਗੂ ਪਿਛਲੇ ਕਾਫੀ ਲੰਮੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜੀ ਹੋਈ ਹੈ ਤੇ ਸਿਆਸੀ ਵਿਰੋਧੀਆਂ ਦੀ ਧੱਕੇਸ਼ਾਹੀ ਦਾ ਵੀ ਸ਼ਿਕਾਰ ਹੋ ਚੁੱਕੀ ਹੈ, ਜਿਸ ਕਾਰਨ ਉਕਤ ਵੱਲੋਂ ਆਪਣੇ ਪੁੱਤਰ ਦੀ ਜ਼ਿੰਦਗੀ ਮਹਿਫੂਜ਼ ਨਾ ਸਮਝਦੇ ਹੋਏ ਉਸ ਨੂੰ ਵਿਦੇਸ਼ ਭੇਜ ਚੁੱਕੀ ਹੈ, ਕਿਉਂਕਿ ਆਪਣੀ ਮਾਂ ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਵਾਲੀ ਇਹ ਆਗੂ ਵਿਰੋਧੀਆਂ ਦੀ ਅੱਖ ਵਿੱਚ ਕਾਫੀ ਚਮਕਦੀ ਦਿਖਾਈ ਦਿੰਦੀ ਸੀ। ਉਨ੍ਹਾਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਅਪੀਲ ਕੀਤੀ ਹੈ ਕਿ ਉਨ੍ਹਾਂ ਨੂੰ ਬਠਿੰਡਾ ਦਿਹਾਤੀ ਹਲਕੇ ਤੋਂ ਉਮੀਦਵਾਰ ਐਲਾਨਣ ਤਾਂ ਕਿ ਉਹ ਇਹ ਸੀਟ ਜਿੱਤ ਕੇ ਪਾਰਟੀ ਦੀ ਝੋਲੀ ਪਾਉਣ। ਇਸ ਮੌਕੇ ਗੱਲਬਾਤ ਕਰਦਿਆਂ ਬੀਬੀ ਚਰਨਜੀਤ ਕੌਰ ਨੇ ਕਿਹਾ ਕਿ ਜੇਕਰ ਪਾਰਟੀ ਵੱਲੋਂ ਉਨ੍ਹਾਂ ਨੂੰ ਮੌਕਾ ਦਿੱਤਾ ਜਾਂਦਾ ਹੈ ਤਾਂ ਉਹ ਆਪਣੀ ਜ਼ੁੰਮੇਵਾਰੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਆਮ ਲੋਕਾਂ ਨੂੰ ਪਾਰਟੀ ਨਾਲ ਜੋੜਨ ਲਈ ਵੱਧ ਤੋਂ ਵੱਧ ਮਿਹਨਤ ਕਰਨਗੇ।



## ਨਸ਼ਾ ਤਸਕਰਾਂ ਵਿਰੁੱਧ ਵੱਡੀ ਕਾਰਵਾਈ, ਪੂਰੇ ਜ਼ਿਲ੍ਹੇ 'ਚ 'ਕਾਸੋ' ਸਰਚ ਅਪ੍ਰੇਸ਼ਨ ਜਾਰੀ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿੱਢੀ ਗਈ 'ਨਸ਼ਿਆਂ ਵਿਰੁੱਧ ਯੁੱਧ' ਮੁਹਿੰਮ ਤਹਿਤ ਪੁਲਸ ਨੇ ਪੂਰੇ ਜ਼ਿਲ੍ਹੇ 'ਚ ਵੱਡੇ ਪੱਧਰ 'ਤੇ ਸਰਚ ਅਪ੍ਰੇਸ਼ਨ ਚਲਾਇਆ। ਐਸ.ਐਸ.ਪੀ. ਡਾ. ਪ੍ਰਗਿਆ ਜੈਨ ਦੀ ਸਿੱਧੀ ਨਿਗਰਾਨੀ ਹੇਠ ਹੋਈ ਇਸ ਕਾਰਵਾਈ ਦੌਰਾਨ ਨਸ਼ਾ ਤਸਕਰਾਂ ਦੇ ਸ਼ੱਕੀ ਟਿਕਾਣਿਆਂ ਤੇ ਸੰਵੇਦਨਸ਼ੀਲ ਇਲਾਕਿਆਂ ਦੀ ਬਾਰੀਕੀ ਨਾਲ ਚੈਕਿੰਗ ਕੀਤੀ ਗਈ। ਡੀ.ਜੀ.ਪੀ. ਪੰਜਾਬ ਗੌਰਵ ਯਾਦਵ ਦੇ ਹੁਕਮਾਂ 'ਤੇ ਇਹ ਅਪ੍ਰੇਸ਼ਨ ਜ਼ਿਲ੍ਹੇ ਦੀਆਂ ਤਿੰਨੋਂ ਸਬ-ਡਵੀਜ਼ਨਾਂ ਵਿੱਚ ਇੱਕੋ ਸਮੇਂ ਸ਼ੁਰੂ ਕੀਤਾ ਗਿਆ।ਇਸ ਦੀ ਸੁਪਰਵੀਜ਼ਨ ਐਸ.ਪੀ. (ਸਥਾਨਕ) ਮਨਵਿੰਦਰਬੀਰ ਸਿੰਘ ਤੇ ਐਸ.ਪੀ. (ਪੀ.ਬੀ.ਆਈ. ਤੇ ਐਨ.ਡੀ.ਪੀ.ਐਸ.) ਰਮਨਦੀਪ ਸਿੰਘ ਵੱਲੋਂ ਕੀਤੀ ਗਈ।ਡੀ.ਐਸ.ਪੀ. ਰੈਂਕ ਦੇ ਅਧਿਕਾਰੀਆਂ ਨੇ ਮੈਦਾਨ 'ਚ ਉੱਤਰ ਕੇ ਵੱਖ-ਵੱਖ ਪੁਲਸ ਮੁਲਾਜ਼ਮਾਂ ਦੀਆਂ ਟੀਮਾਂ ਨਾਲ ਡਰੱਗ ਹਾਟਸਪਾਟ ਏਰੀਆ ਨੂੰ ਸੀਲ ਕਰਕੇ ਤਲਾਸ਼ੀ ਲਈ। ਐਸ.ਐਸ.ਪੀ. ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਇਸ ਅਪ੍ਰੇਸ਼ਨ ਦੌਰਾਨ ਖਾਸ ਤੌਰ 'ਤੇ ਉਨ੍ਹਾਂ ਵਿਅਕਤੀਆਂ ਦੇ ਘਰਾਂ ਅਤੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਗਈ, ਜਿਨ੍ਹਾਂ ਵਿਰੁੱਧ ਪਹਿਲਾਂ ਐਕਟ ਤਹਿਤ ਮਾਮਲੇ ਦਰਜ ਹਨ।ਪੁਲਿਸ ਨੇ ਇਲਾਕਿਆਂ ਦੀ ਨਾਕਾਬੰਦੀ ਕਰਕੇ ਆਉਣ-ਜਾਣ ਵਾਲੇ ਵਾਹਨਾਂ ਅਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲਈ ਤੇ ਕਈਆਂ ਨੂੰ ਰਾਊਂਡਅਪ ਵੀ ਕੀਤਾ।



## ਪਾਵਰਕਾਮ ਮੈਨੇਜਮੈਂਟ ਤੇ ਸਰਕਾਰ ਖਿਲਾਫ ਰੋਸ ਪ੍ਰਦਰਸ਼ਨ

**ਸੰਗਰੂਰ (ਪ੍ਰਵੀਨ ਸਿੰਘ)**- ਸਾਂਝੇ ਥੜ੍ਹੇ ਦੇ ਸੱਦੇ 'ਤੇ ਡਵੀਜ਼ਨ ਸੰਗਰੂਰ ਵੱਲੋਂ ਸਾਂਝੇ ਤੌਰ 'ਤੇ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਵਿਰੁੱਧ ਡਵੀਜ਼ਨ ਸੰਗਰੂਰ ਦੇ ਮੇਨ ਗੇਟ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਤੌਰ 'ਤੇ ਸਰਕਲ ਪ੍ਰਧਾਨ ਜੀਵਨ ਸਿੰਘ ਹਾਜ਼ਰ ਹੋਏ। ਉਨ੍ਹਾਂ ਦੱਸਿਆ ਕਿ 14 ਜਨਵਰੀ 2026 ਨੂੰ ਬਿਜਲੀ ਨਿਗਮ ਦੀ ਮੈਨੇਜਮੈਂਟ ਨਾਲ ਮੀਟਿੰਗ ਉਪਰੰਤ ਮੈਨੇਜਮੈਂਟ ਵੱਲੋਂ ਜਥੇਬੰਦੀਆਂ ਨਾਲ ਮੁਲਾਜ਼ਮ ਤੇ ਪੈਨਸ਼ਨਰ ਮਸਲਿਆਂ 'ਤੇ ਸਹਿਮਤੀ ਬਣੀ ਸੀ ਅਤੇ ਮੈਨੇਜਮੈਂਟ ਵੱਲੋਂ



ਬਿਜਲੀ ਨਿਗਮ ਦੀਆਂ ਜਾਇਦਾਦਾਂ ਨਾ ਵੇਚਣ ਦਾ ਭਰੋਸਾ ਦਿੱਤਾ ਸੀ, ਪਰ ਹੁਣ ਮੈਨੇਜਮੈਂਟ ਨੇ ਵਾਅਦਾ ਖਿਲਾਫ਼ੀ ਕਰਦੇ ਹੋਏ ਪਿੰਡ ਬਡੂੰਗਰ ਜ਼ਿਲ੍ਹਾ ਪਟਿਆਲਾ ਵਿਚਲੀ ਬਿਜਲੀ ਨਿਗਮ ਦੀ 50 ਏਕੜ ਜ਼ਮੀਨ ਪੁੱਡਾ ਦੇ ਨਾਮ ਤਬਦੀਲ ਕਰ ਦਿੱਤੀ ਹੈ।ਇਸ ਗੰਭੀਰ ਮੁੱਦੇ ਦੇ ਮਸਲੇ ਸਬੰਧੀ ਸਾਂਝੇ ਥੜ੍ਹੇ ਵੱਲੋਂ ਜ਼ਮੀਨ ਦੀ ਮਾਲਕੀ ਤਬਦੀਲ ਕਰਨ ਵਿਰੁੱਧ ਤੇ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ 16 ਤੇ 17 ਫਰਵਰੀ ਨੂੰ ਮੈਨੇਜਮੈਂਟ ਦੀ ਇਸ ਵਾਅਦਾ ਖਿਲਾਫ਼ੀ ਵਿਰੁੱਧ ਸਮੁੱਚੇ ਪੰਜਾਬ ਅੰਦਰ ਉੱਪ ਮੰਡਲ/ਮੰਡਲ ਪੱਧਰ 'ਤੇ ਪ੍ਰਦਰਸ਼ਨ ਕੀਤੇ ਗਏ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਰਭੈ ਸਿੰਘ, ਗੁਰਬਖ਼ਸ਼ੀਸ਼ ਸਿੰਘ, ਭੋਲਾ ਸਿੰਘ, ਰਾਜਵਿੰਦਰ ਸਿੰਘ, ਗੁਰਪਿੰਦਰ ਸਿੰਘ, ਪਰਵਿੰਦਰ ਸਿੰਘ, ਮਿੱਠੂ ਸਿੰਘ ਆਦਿ ਮੌਜੂਦ ਸਨ।

## ਸਰਕਾਰੀ ਸਕੂਲ ਵਾੜਾਦਰਾਕਾ ਵਿਖੇ ਵਾਤਾਵਰਨ ਸੰਬੰਧੀ ਵਰਕਸ਼ਾਪ



**ਕੋਟਕਪੂਰਾ (ਰਛਪਾਲ ਭੁੱਲਰ)**- ਸਰਕਾਰੀ ਹਾਈ ਸਕੂਲ ਵਾੜਾਦਰਾਕਾ ਵਿਖੇ ਜ਼ਿਲ੍ਹਾ ਸਿੱਖਿਆ ਅਫਸਰ (ਸੈਕ.) ਸ੍ਰੀਮਤੀ ਨੀਲਮ ਰਾਣੀ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਸਕੂਲ ਦੇ ਈਕੋ ਕਲੱਬ ਦੁਆਰਾ ਹੈੱਡ ਮਿਸਟ੍ਰੈੱਸ ਸ਼੍ਰੀਮਤੀ ਸ਼ਿਵਾਨੀ ਗੋਇਲ ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਨੂੰ ਵਾਤਾਵਰਨ ਦੀ ਸੰਭਾਲ ਪ੍ਰਤੀ ਉਤਸ਼ਾਹਤ ਕਰਨ ਪ੍ਰਤੀ ਇੱਕ ਰੋਜ਼ਾ ਵਰਕਸ਼ਾਪ ਲਗਾਈ ਗਈ।ਇਸ ਵਰਕਸ਼ਾਪ ਅੰਦਰ ਵਿਦਿਆਰਥੀਆਂ ਦੁਆਰਾ ਰਿਸੋਰਸ ਪਰਸਨ ਸ਼੍ਰੀਮਤੀ ਮਨਜੀਤ ਕੌਰ ਦੀ ਦੇਖ-ਰੇਖ ਹੇਠ ਵਿਦਿਆਰਥੀਆਂ ਨੂੰ ਘਰ ਅੰਦਰ ਪਏ ਫਾਲਤੂ ਸਾਮਾਨ ਤੋਂ ਵਰਤੋਂ ਵਿੱਚ ਆਉਣ ਵਾਲੀਆਂ ਵਸਤੂਆਂ ਬਣਾਉਣੀਆਂ ਸਿਖਾਈਆਂ ਗਈਆਂ। ਸਕੂਲ ਦੇ ਵਿਦਿਆਰਥੀਆਂ ਵੱਲੋਂ ਇਸ ਵਰਕਸ਼ਾਪ 'ਚ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ ਗਿਆ। ਇਸ ਵਰਕਸ਼ਾਪ ਦੇ ਪ੍ਰੋਜੈਕਟ ਕੋਆਡੀਨੇਟਰ ਹਰਪ੍ਰੀਤ ਸਿੰਘ ਨੇ ਵਿਦਿਆਰਥੀਆ ਨੂੰ ਉਤਸ਼ਾਹਤ ਕਰਨ ਲਈ ਖੁਦ ਵਸਤੂਆਂ ਬਣਾ ਕੇ ਦਿਖਾਈਆਂ।ਅੰਤ 'ਚ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ, ਸਰਟੀਫਿਕੇਟ ਤੇ ਬੂਟੇ ਦੇ ਕੇ ਅੱਗੇ ਤੋਂ ਘਰ ਅੰਦਰ ਪਏ ਫਾਲਤੂ ਸਾਮਾਨ ਨੂੰ ਸੁੱਟਣ ਦੀ ਥਾਂ ਵਰਤੋਂ 'ਚ ਲਿਆਉਣ ਲਈ ਪ੍ਰੇਰਿਤ ਕੀਤਾ ਗਿਆ।ਮੁੱਖ ਅਧਿਆਪਕਾ ਸ਼੍ਰੀਮਤੀ ਸ਼ਿਵਾਨੀ ਗੋਇਲ ਨੇ ਵਿਦਿਆਰਥੀਆਂ ਨੂੰ ਵਾਤਾਵਰਨ ਸੰਭਾਲ ਲਈ ਪ੍ਰੇਰਿਤ ਕਰਦਿਆਂ ਆਪਣੇ ਆਲੇ ਦੁਆਲੇ ਨੂੰ ਵੀ ਸਾਫ ਸੁਥਰਾ ਰੱਖਣ ਲਈ ਕਿਹਾ।ਇਸ ਵਰਕਸ਼ਾਪ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ 'ਚ ਸਕੂਲ ਦੇ ਸਮੂਹ ਸਟਾਫ ਵੱਲੋਂ ਸਹਿਯੋਗ ਦਿੱਤਾ ਗਿਆ।

## ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸਫਲਤਾਪੂਰਵਕ ਸੰਪੰਨ

**ਸਮਰਾਲਾ (ਸੁਰਜੀਤ ਸਿੰਘ)**- ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਡਿਪਾਰਟਮੈਂਟ ਆਫ ਨੈਸ਼ਨਲ ਸਰਵਿਸ ਸਕੀਮ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਦਿੱਤੇ ਗਏ



ਥੀਮ ਵਿਕਸਿਤ ਭਾਰਤ ਐਂਡ ਡਰੱਗ ਫਰੀ ਸੁਸਾਇਟੀ ਤਹਿਤ ਸੱਤ ਰੋਜ਼ਾ ਐੱਨ ਐੱਸ ਐੱਸ ਸਪੈਸ਼ਲ ਕੈਂਪ ਸਫਲਤਾਪੂਰਵਕ ਸੰਪੰਨ ਹੋਇਆ।ਕੈਂਪ ਦੀ ਅਗਵਾਈ ਪ੍ਰੋਗਰਾਮ ਅਫਸਰ ਪ੍ਰੋ. ਜਸਵੀਰ ਕੌਰ ਤੇ ਪ੍ਰੋ. ਸੁਖਨਪ੍ਰੀਤ ਕੌਰ ਵੱਲੋਂ ਕੀਤੀ ਗਈ।ਕੈਂਪ ਦੌਰਾਨ ਦਿੱਤੇ ਥੀਮ ਤਹਿਤ ਵੱਖ-ਵੱਖ ਗਤੀਵਿਧੀਆਂ ਤੇ ਮੁਕਾਬਲੇ ਵੀ ਕਰਵਾਏ ਗਏ।ਵੱਖ ਵੱਖ ਰਿਸੋਰਸ ਪਰਸਨਜ਼ ਵੱਲੋਂ ਕੈਂਪ ਦੇ ਥੀਮ ਨੂੰ ਮੁੱਖ ਰੱਖਦੇ ਹੋਏ ਐਕਸਟੈਂਸ਼ਨ ਲੈਕਚਰ ਵੀ ਦਿੱਤੇ ਗਏ।ਗੋਦ ਲਏ ਗਏ ਪਿੰਡ ਝਾੜ ਸਾਹਿਬ ਵਿਖੇ ਨਸ਼ਿਆਂ ਵਿਰੁੱਧ ਰੈਲੀ ਤੇ ਘਰ ਘਰ ਜਾ ਕੇ ਨਸ਼ਿਆਂ ਵਿਰੁੱਧ ਅਵਾਜ਼ ਉਠਾ ਕੇ ਸਮਾਜ ਨੂੰ ਨਸ਼ਾ ਮੁਕਤ ਕਰਨ ਦਾ ਹੋਕਾ ਵੀ ਦਿੱਤਾ।ਕੈਂਪ ਦੇ ਅਖੀਰਲੇ ਦਿਨ ਪੋਸਟਰ ਮੇਕਿੰਗ ਤੇ ਲੇਖ ਲਿਖਣ ਮੁਕਾਬਲੇ ਵਿੱਚ ਜੇਤੂ ਵਲੰਟੀਅਰਾਂ ਨੂੰ ਅਕਰਸ਼ਿਤ ਇਨਾਮ ਦਿੱਤੇ ਗਏ।ਵਲੰਟੀਅਰਾਂ ਵੱਲੋਂ ਕਵਿਤਾ, ਗੀਤ ਤੇ ਡਾਂਸ ਦੀ ਪੇਸ਼ਕਾਰੀ ਵੀ ਕੀਤੀ ਗਈ ਤੇ ਕੈਂਪ ਦੌਰਾਨ ਬਿਤਾਏ ਪਲਾਂ ਨੂੰ ਸਾਂਝਾ ਕੀਤਾ ਗਿਆ।ਬੈਸਟ ਵਲੰਟੀਅਰ ਦਾ ਖਿਤਾਬ ਹਰਮਨਜੋਤ ਕੌਰ ਬੀ ਏ ਭਾਗ ਤੀਜਾ ਨੂੰ ਪ੍ਰਾਪਤ ਹੋਇਆ।ਕਾਲਜ ਪ੍ਰਿੰਸੀਪਲ ਨੇ ਕੈਂਪ ਦੇ ਸਫਲਤਾਪੂਰਵਕ ਸੰਪੰਨ ਹੋਣ 'ਤੇ ਐੱਨ ਐੱਸ ਐੱਸ ਟੀਮ ਤੇ ਵਲੰਟੀਅਰਜ਼ ਨੂੰ ਵਧਾਈ ਦਿੱਤੀ।ਇਸ ਤੋਂ ਇਲਾਵਾ ਸਾਰੇ ਵਲੰਟੀਅਰਾਂ ਨੂੰ ਟਰਾਫ਼ੀਆਂ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਡਾ. ਸੁਨੀਤਾ ਕੌਸ਼ਲ, ਡਾ. ਰਣਜੀਤ ਕੌਰ, ਡਾ. ਮਹੀਪਿੰਦਰ ਕੌਰ, ਪ੍ਰੋ. ਆਰਤੀ ਰਾਣੀ, ਪ੍ਰੋ. ਅਮਨਦੀਪ ਕੌਰ, ਪ੍ਰੋ. ਸ਼ਹਿਨਾਜ਼, ਪ੍ਰੋ. ਜੋਤੀ ਤੇ ਸੁਖਵੀਰ ਸਿੰਘ ਮੌਜੂਦ ਸਨ।

## ਜੱਸੀ ਸੋਹੀਆਂ ਵਾਲਾ ਨੇ ਐਡਵੋਕੇਟ ਮੋਹਲ ਨੂੰ ਬੀ ਸੀ ਵਿੰਗ ਦਾ ਜ਼ਿਲ੍ਹਾ ਪ੍ਰਧਾਨ ਬਣਨ 'ਤੇ ਕੀਤਾ ਸਨਮਾਨਤ



**ਨਾਭਾ, (ਵਰਿੰਦਰ ਵਰਮਾ)** 'ਆਪ' ਦੇ ਸੀਨੀਅਰ ਆਗੂ ਐਡਵੋਕੇਟ ਰਾਜਿੰਦਰ ਸਿੰਘ ਮੋਹਲ ਨੂੰ ਆਮ ਆਦਮੀ ਪਾਰਟੀ ਦੇ ਬੀ.ਸੀ ਵਿੰਗ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਬਣਨ 'ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਦੀ ਅਗਵਾਈ ਹੇਠ 'ਆਪ' ਆਗੂਆਂ ਨੇ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਤੇ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਵਧਾਈ ਦਿੱਤੀ। ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਕਿਹਾ ਕਿ ਪਾਰਟੀ ਨੂੰ ਬੂਥ ਪੱਧਰ ਤੋਂ ਮਜ਼ਬੂਤ ਕਰਨ ਲਈ 'ਆਪ' ਵਲੰਟੀਅਰਾਂ ਨੂੰ ਸੰਗਠਨ ਵਿੱਚ ਨਵੀਆਂ ਜ਼ਿੰਮੇਵਾਰੀਆਂ ਮਿਲਣ ਰਹੀਆਂ ਹਨ ਤੇ ਮਿਹਨਤੀ ਤੇ ਇਮਾਨਦਾਰ ਵਲੰਟੀਅਰਾਂ ਨੂੰ ਅਹੁਦੇ ਦੇ ਕੇ ਅੱਗੇ ਲਿਆਂਦਾ ਜਾ ਰਿਹਾ ਹੈ। ਐਡਵੋਕੇਟ ਰਾਜਿੰਦਰ ਸਿੰਘ ਮੋਹਲ ਨੇ ਮਾਣ ਸਨਮਾਨ ਦੇਣ ਤੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਤੇ ਉਨ੍ਹਾਂ ਦੇ ਸਾਥੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਲਾਈ ਗਈ ਜ਼ਿੰਮੇਵਾਰੀ ਨੂੰ ਪਹਿਲਾਂ ਦੀ ਤਰ੍ਹਾਂ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣਗੇ।

## ਪੰਜਾਬ ਸਰਕਾਰ ਬਜ਼ੁਰਗਾਂ ਦੀ ਸਿਹਤ ਸੰਭਾਲ ਤੇ ਭਲਾਈ ਲਈ ਵਚਨਬੱਧ : ਜੌੜਾਮਾਜਰਾ

**ਸਮਾਣਾ, (ਇਕਬਾਲ ਸਿੰਘ ਬੱਲ)** ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ 'ਸਾਡੇ ਬਜ਼ੁਰਗ ਸਾਡਾ ਮਾਣ' ਅਭਿਆਨ ਤਹਿਤ ਵਿਸ਼ੇਸ਼ ਹੈਲਥ ਤੇ ਮੈਡੀਕਲ ਕੈਂਪ 'ਚ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਬਜ਼ੁਰਗਾਂ ਦੀ ਸਿਹਤ ਤੇ ਭਲਾਈ ਲਈ ਵਚਨਬੱਧ ਹੈ ਤੇ ਅਜਿਹੇ ਕੈਂਪਾਂ ਰਾਹੀਂ ਉਨ੍ਹਾਂ ਨੂੰ ਮੁਫ਼ਤ ਤੇ ਬਿਹਤਰ ਸਿਹਤ ਸਹੂਲਤਾਂ ਮੁਹੱਈਆ ਕਰਾਈਆਂ ਜਾ ਰਹੀਆਂ ਹਨ।ਇਸ ਮੌਕੇ ਡਿਸਟ੍ਰਿਕ ਲੀਗਲ ਅਥਾਰਟੀ ਵੱਲੋਂ ਮੋਨਿਕਾ ਪਹੂਜਾ ਐਡਵੋਕੇਟ ਗੁਰਵਿੰਦਰ ਸਿੰਘ ਗੋਲਣ ਨੇ ਡੈਸਕ ਲਾ ਕੇ ਲੋਕਾਂ ਨੂੰ ਕਾਨੂੰਨੀ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬਜ਼ੁਰਗ ਸਾਡੇ ਸਮਾਜ ਦੀ ਧਰੋਹਰ ਹਨ ਤੇ ਉਨ੍ਹਾਂ ਦੀ ਸੇਵਾ ਕਰਨਾ ਸਾਡਾ ਫ਼ਰਜ਼ ਹੈ।ਕੈਂਪ ਦੌਰਾਨ ਡਾਕਟਰਾਂ ਦੀ ਟੀਮ ਵੱਲੋਂ ਬਜ਼ੁਰਗਾਂ ਦੀ ਸਿਹਤ ਜਾਂਚ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ।ਇਸ ਤੋਂ ਇਲਾਵਾ ਬਜ਼ੁਰਗਾਂ ਨੂੰ ਸਰਕਾਰੀ ਸਕੀਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਵੱਡੀ ਗਿਣਤੀ ਵਿੱਚ ਬਜ਼ੁਰਗਾਂ ਨੇ ਕੈਂਪ ਦਾ ਲਾਭ ਉਠਾਇਆ। ਸਿਹਤ ਵਿਭਾਗ ਦੇ ਅਧਿਕਾਰੀ, ਸਮਾਜਿਕ ਸੁਰੱਖਿਆ ਵਿਭਾਗ ਦੇ ਪ੍ਰਤੀਨਿਧੀ ਅਤੇ ਸਥਾਨਕ ਆਗੂ ਵੀ ਮੌਜੂਦ ਸਨ।ਵਿਧਾਇਕ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਲੋਕ-ਹਿਤੈਸ਼ੀ ਪ੍ਰੋਗਰਾਮ ਜਾਰੀ ਰੱਖੇ ਜਾਣ।



## ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿਖੇ ਵਿਦਾਇਗੀ ਪਾਰਟੀ



**ਬਠਿੰਡਾ (ਰਾਜੀਵ ਗੋਇਲ)** ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿਖੇ ਦਸਵੀਂ ਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਸਕੂਲ ਪ੍ਰਿੰਸੀਪਲ ਸੋਨੂੰ ਕੁਮਾਰ ਕਾਂਗੜ ਨੇ ਰਿਬਨ ਕੱਟਣ ਦੀ ਰਸਮ ਕਰਕੇ ਪਾਰਟੀ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਸੀਨੀਅਰ ਬੱਚਿਆਂ ਵੱਲੋਂ ਅਧਿਆਪਕਾਂ 'ਤੇ ਢੁੱਕਵੀਆਂ ਟਿੱਪਣੀਆਂ ਕਰਕੇ ਵਧੀਆ ਮਾਹੌਲ ਸਿਰਜਿਆ ਗਿਆ, ਜਦਕਿ ਜੂਨੀਅਰ ਬੱਚਿਆਂ ਵੱਲੋਂ ਸੀਨੀਅਰ ਬੱਚਿਆਂ ਨੂੰ ਸ਼ੁੱਭ-ਕਾਮਨਾਵਾਂ ਦੇ ਕੇ ਵਿਦਾਅ ਕੀਤਾ ਗਿਆ। ਸੀਨੀਅਰ ਬੱਚਿਆਂ ਵੱਲੋਂ ਨਿਭਾਏ ਗਏ ਫ਼ਰਜ਼ਾਂ ਦੀ ਸਕੂਲ ਅਧਿਆਪਕਾਂ ਵੱਲੋਂ ਪ੍ਰਸ਼ੰਸਾ ਕੀਤੀ ਗਈ। ਇਸ ਮੌਕੇ ਬੱਚਿਆਂ ਨੇ ਵਿਦਾਇਗੀ ਭਾਸ਼ਣ ਦੇ ਕੇ ਸਭ ਨੂੰ ਭਾਵੁਕ ਕਰ ਦਿੱਤਾ। ਇਸ ਮੌਕੇ ਬੱਚਿਆਂ ਨੇ ਸੱਭਿਆਚਾਰ ਗੀਤ, ਕੋਰੀਓਗ੍ਰਾਫ਼ੀਆਂ ਪੇਸ਼ ਕੀਤੀਆਂ ਤੇ ਹਾਜ਼ਰੀਨ ਨੇ ਰੰਗਾਰੰਗ ਪ੍ਰੋਗਰਾਮ ਦਾ ਖੂਬ ਆਨੰਦ ਮਾਨਿਆ। ਇਸ ਮੌਕੇ ਪ੍ਰਿੰਸੀਪਲ ਸੋਨੂੰ ਕੁਮਾਰ ਨੇ ਸਮੂਹ ਸਟਾਫ਼ ਤੇ ਬੱਚਿਆਂ ਨੂੰ ਸ਼ੁੱਭ-ਕਾਮਨਾਵਾਂ ਦੇ ਕੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ, ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਜਸਵੀਰ ਕੌਰ, ਸਵਰਨਜੀਤ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ, ਸਮੂਹ ਸਕੂਲ ਡਰਾਈਵਰ ਤੇ ਸੇਵਾਦਾਰ ਸ਼ਾਮਲ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵੱਲੋਂ ਲੀਗਲ ਲਿਟਰੇਸੀ ਕੈਂਪ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਯੂਨੀਵਰਸਿਟੀ ਸਕੂਲ ਆਫ਼ ਲਾਅ ਵੱਲੋਂ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਸਮਰਾਲਾ (ਜ਼ਿਲ੍ਹਾ ਲੁਧਿਆਣਾ) ਵਿਖੇ ਇੱਕ ਵਿਸਤ੍ਰਿਤ ਲੀਗਲ ਲਿਟਰੇਸੀ ਕੈਂਪ ਲਾਇਆ ਗਿਆ।ਇਹ ਕੈਂਪ ਅੰਤਰਰਾਸ਼ਟਰੀ ਮਹਿਲਾ ਜਨਨ ਅੰਗਾਂ ਦੀ ਹਾਨੀਕਾਰਕ ਕਟਾਈ ਵਿਰੁੱਧ ਜ਼ੀਰੋ ਟੋਲਰੈਂਸ ਦਿਵਸ ਨੂੰ ਸਮਰਪਤ ਸੀ।ਮਹਿਲਾ ਤੇ ਬੱਚਿਆਂ ਦੀ ਸੁਰੱਖਿਆ ਵਿਸ਼ੇ 'ਤੇ ਆਧਾਰਤ ਇਸ ਕੈਂਪ ਦਾ ਉਦੇਸ਼ ਸਕੂਲੀ ਵਿਦਿਆਰਥੀਆਂ ਤੇ ਸਮੁਦਾਇ ਵਿੱਚ ਕਾਨੂੰਨੀ ਜਾਗਰੂਕਤਾ ਪੈਦਾ ਕਰਨਾ ਸੀ।ਯੂਨੀਵਰਸਿਟੀ ਸਕੂਲ ਆਫ਼ ਲਾਅ ਦੇ ਵਿਦਿਆਰਥੀਆਂ ਨੇ ਮਹੱਤਵਪੂਰਨ ਕਾਨੂੰਨੀ ਢਾਂਚਿਆਂ, ਜਿਵੇਂ ਕਿ ਘਰੇਲੂ ਹਿੰਸਾ ਤੋਂ ਮਹਿਲਾਵਾਂ ਦੀ ਸੁਰੱਖਿਆ ਅਧਿਨਿਯਮ 2005, ਬੱਚਿਆਂ ਦੇ ਅਧਿਕਾਰ ਤੇ ਭਲਾਈ ਪ੍ਰਣਾਲੀਆਂ, ਬੱਚਿਆਂ ਨੂੰ ਯੌਨ ਸ਼ੋਸ਼ਣ ਤੋਂ ਸੁਰੱਖਿਆ ਅਧਿਨਿਯਮ (ਪੌਕਸੋ ਐਕਟ) 2012 ਅਤੇ ਮਹਿਲਾਵਾਂ ਤੇ ਬੱਚਿਆਂ ਦੇ ਅਧਿਕਾਰਾਂ ਦੀ ਸੰਵਿਧਾਨਕ ਸੁਰੱਖਿਆ ਬਾਰੇ ਵਿਸਤ੍ਰਿਤ ਤੇ ਜਾਣਕਾਰੀ ਭਰਪੂਰ ਪ੍ਰਸਤੁਤੀਆਂ



ਦਿੱਤੀਆਂ। ਇੰਟਰੈਕਟਿਵ ਪ੍ਰਸ਼ਨ-ਉੱਤਰ ਸੈਸ਼ਨ ਦੌਰਾਨ ਵਿਦਿਆਰਥੀਆਂ ਨੇ ਆਪਣੇ ਸੰਦੇਹ ਦੂਰ ਕੀਤੇ ਤੇ ਕਾਨੂੰਨੀ ਮੁੱਦਿਆਂ 'ਤੇ ਗਹਿਰਾਈ ਨਾਲ ਗੱਲਬਾਤ ਕੀਤੀ। ਸਭਾ ਨੂੰ ਸੰਬੋਧਨ ਕਰਦਿਆਂ ਪ੍ਰੋ. (ਡਾ.) ਅਮੀਤਾ ਕੌਸ਼ਲ ਨੇ ਕਿਹਾ ਕਿ ਇਸ ਤਰ੍ਹਾਂ ਦੇ ਲੀਗਲ ਲਿਟਰੇਸੀ ਕੈਂਪ ਕਾਨੂੰਨ ਤੇ ਸਮਾਜ ਵਿਚਕਾਰ ਵਾਲੀ ਖਾਈ ਪੂਰੀ ਕਰਦੇ ਹਨ ਅਤੇ ਸਮਾਜ ਨੂੰ ਅਹਿਮ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਦਸਤਾਵੇਜ਼ਾਂ, ਜਿਵੇਂ ਸਾਰਵਭੌਮ ਮਨੁੱਖੀ ਅਧਿਕਾਰ ਘੋਸ਼ਣਾ ਤੇ ਮਹਿਲਾਵਾਂ ਖ਼ਿਲਾਫ਼ ਹਰ ਤਰ੍ਹਾਂ ਦੇ ਭੇਦਭਾਵ ਦੇ ਖਾਤਮੇ ਬਾਰੇ ਕਨਵੈਂਸ਼ਨ ਮਹਿਲਾਵਾਂ ਤੇ ਕੁੜੀਆਂ ਨੂੰ ਹਿੰਸਾ ਅਤੇ ਭੇਦਭਾਵ ਤੋਂ ਸੁਰੱਖਿਆ ਪ੍ਰਦਾਨ ਕਰਨ ਵਾਲੇ ਮਹੱਤਵਪੂਰਨ ਅੰਤਰਰਾਸ਼ਟਰੀ ਦਸਤਾਵੇਜ਼ ਹਨ।ਇਸ ਪਹਿਲ ਨੂੰ ਵਾਈਸ ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਵੱਲੋਂ ਵੀ ਬਹੁਤ ਸਰਾਹਿਆ ਗਿਆ, ਜਿਨ੍ਹਾਂ ਨੇ ਯੂਨੀਵਰਸਿਟੀ ਸਕੂਲ ਆਫ਼ ਲਾਅ ਦੀ ਕਾਨੂੰਨੀ ਜਾਗਰੂਕਤਾ ਤੇ ਸਮਾਜਿਕ ਜ਼ਿੰਮੇਵਾਰੀ ਵਧਾਉਣ ਲਈ ਕੀਤੀ ਜਾ ਰਹੀ ਸਰਗਰਮ ਕੋਸ਼ਿਸ਼ ਦੀ ਪ੍ਰਸ਼ੰਸਾ ਕੀਤੀ।ਸਕੂਲ ਪ੍ਰਿੰਸੀਪਲ ਰਜਿੰਦਰ ਸਿੰਘ ਦਾ ਸਮਾਗਮ ਨੂੰ ਸਫਲ ਬਣਾਉਣ ਵਿੱਚ ਦਿੱਤੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਕਾਰਜਕ੍ਰਮ ਦੀ ਸੁਚਾਰੂ ਰਚਨਾ ਡਾ. ਨਵਨੀਤ ਕੌਰ ਵੱਲੋਂ ਕੀਤੀ ਗਈ, ਜਦਕਿ ਡਾ. ਮੋਹਲੀਨ ਕੌਰ, ਨੂਰਕਮਲ ਕੌਰ ਤੇ ਵਿਦਿਆਰਥੀ ਸੇਵਾਦਾਰਾਂ ਨੇ ਸਮੂਹੀ ਸਹਿਯੋਗ ਨਾਲ ਇਸ ਕੈਂਪ ਨੂੰ ਕਾਮਯਾਬ ਬਣਾਇਆ।

## ਰੈਡੀਮੇਡ ਕੱਪੜਿਆਂ ਦੇ ਸ਼ੋ-ਰੂਮ 'ਚ ਚੋਰੀ



**ਧੂਰੀ (ਮਨੋਹਰ ਸੱਗੂ, ਮੋਹਿਤ ਗਰਗ)**- ਲੰਘੀ ਰਾਤ ਸਥਾਨਕ ਸ਼ਹਿਰ ਅੰਦਰ ਰੈਡੀਮੇਡ ਗਾਰਮੈਂਟਸ ਦੇ ਸ਼ੋ-ਰੂਮ 'ਚ ਚੋਰੀ ਹੋ ਜਾਣ ਦੀ ਖਬਰ ਹੈ।ਸਥਾਨਕ ਕੱਕੜਵਾਲ ਪੁਲ ਨੇੜਲੇ ਟੀ-ਪੁਆਇੰਟ 'ਤੇ ਸਥਿਤ ਰੈਡੀਮੇਡ ਕੱਪੜਿਆਂ ਦੇ ਸ਼ੋ-ਰੂਮ ਏ ਕੇ ਕੁਲੈਕਸ਼ਨ ਦੇ ਮਾਲਕ ਅਮਰੀਸ਼ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਾਤ ਸਮੇਂ ਚੋਰ ਸ਼ੋ-ਰੂਮ ਦਾ ਸ਼ਟਰ ਤੋੜ ਕੇ ਕਾਊਂਟਰ 'ਚੋਂ ਕਰੀਬ 10/15 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰਕੇ ਲੈ ਗਏ।ਉਨ੍ਹਾਂ ਦੱਸਿਆ ਕਿ ਚੋਰੀ ਦੀ ਵਾਰਦਾਤ ਨੂੰ ਅੰਜ਼ਾਮ ਦੇਣ ਵਾਲਿਆਂ ਦੀ ਕਰਤੂਤ ਸੀ ਸੀ ਟੀ ਵੀ ਕੈਮਰਿਆਂ 'ਚ ਕੈਦ ਹੋ ਗਈ ਅਤੇ ਚੋਰੀ ਦੀ ਘਟਨਾ ਬਾਰੇ ਸਥਾਨਕ ਪੁਲਸ ਨੂੰ ਸੂਚਿਤ ਕੀਤਾ ਗਿਆ।

## ਕਬੱਡੀ ਕੋਚ ਅਸ਼ੋਕ ਕੁਮਾਰ ਖਿਆਲੀ ਦੀ ਯਾਦ 'ਚ ਬਣੇਗਾ ਸ਼ਾਨਦਾਰ ਖੇਡ ਸਟੇਡੀਅਮ : ਵਿਧਾਇਕ ਪੰਡੋਰੀ

**ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ)** ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਨੌਜਵਾਨ ਵਰਗ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਆਧੁਨਿਕ ਖੇਡ ਗਰਾਊਂਡ ਹਰ ਪਿੰਡ 'ਚ ਉਸਾਰੇ ਜਾ ਰਹੇ ਹਨ।ਪਿੰਡ ਖਿਆਲੀ ਵਿਖੇ ਮਰਹੂਮ ਕਬੱਡੀ ਕੋਚ ਅਸ਼ੋਕ ਕੁਮਾਰ ਖਿਆਲੀ



ਯਾਦਗਾਰੀ ਖੇਡ ਸਟੇਡੀਅਮ ਦੇ ਨਿਰਮਾਣ ਸਬੰਧੀ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਗ੍ਰਾਮ ਪੰਚਾਇਤ ਦੀ ਹਾਜ਼ਰੀ 'ਚ ਜਾਣਕਾਰੀ ਦਿਤੀ।ਉਨ੍ਹਾਂ ਦੱਸਿਆ ਕਿ ਹਲਕੇ ਦੇ ਸਾਰੇ ਪਿੰਡਾਂ ਅੰਦਰ ਵਿਕਾਸ ਕਾਰਜ ਵੱਡੀ ਪੱਧਰ ਤੇ ਕਰਾਏ ਜਾ ਰਹੇ ਹਨ।ਪਿੰਡਾਂ ਦੀਆਂ ਗ੍ਰਾਮ ਪੰਚਾਇਤਾਂ ਨੂੰ ਆਪਸੀ ਭੇਦ ਭਾਵ ਤੋਂ ਉਪਰ ਵਿਕਾਸ ਕਾਰਜ ਮੁਕੰਮਲ ਕਰਾਉਣ ਦਾ ਸੱਦਾ ਦਿੰਦਿਆ ਵਿਧਾਇਕ ਪੰਡੋਰੀ ਨੇ ਪੰਜਾਬ ਸਰਕਾਰ ਵੱਲੋਂ ਸਮੂਹ ਲੋਕਾਂ ਲਈ ਸ਼ੁਰੂ ਕੀਤੀ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦਾ ਪੂਰਾ ਪੂਰਾ ਲਾਭ ਉਠਾਉਣ ਲਈ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਦੇ ਨਵੇਂ ਕਾਰਡ ਬਣਾਉਣ ਦੀ ਅਪੀਲ ਕੀਤੀ। ਕਬੱਡੀ ਕੁਮੈਂਟੇਟਰ ਲੱਖਾ ਖਿਆਲੀ ਨੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦਾ ਧੰਨਵਾਦ ਕਰਦਿਆ ਦੱਸਿਆ ਕਿ ਸਵ: ਅਸ਼ੋਕ ਕੁਮਾਰ ਖਿਆਲੀ ਤੋਂ ਕੋਚਿੰਗ ਲੈ ਕੇ ਵੱਡੀ ਗਿਣਤੀ 'ਚ ਨੌਜਵਾਨ ਖਿਡਾਰੀਆਂ ਨੇ ਦੇਸ਼ ਵਿਦੇਸ਼ 'ਚ ਨਾਂਅ ਰੌਸ਼ਨ ਕੀਤਾ ਹੈ।

## ...ਸਫ਼ਾ 1 ਦੇ ਬਾਕੀ

### ਮੋਗਾ ਰੈਲੀ ਤੋਂ ਵਿਰੋਧੀ ਬੌਖਲਾਏ...

ਧਾਲੀਵਾਲ ਨੇ ਕਿਹਾ ਕਿ ਹਜ਼ਾਰਾਂ ਵੀ ਡੀ ਸੀ ਮੈਂਬਰਾਂ ਦੀ ਸ਼ਮੂਲੀਅਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਲੋਕ ਨਸ਼ਿਆਂ ਵਿਰੁੱਧ ਉਠ ਖੜ੍ਹੇ ਹੋਏ ਹਨ। ਜਦੋਂ ਲੋਕ ਜਾਗ ਜਾਂਦੇ ਹਨ, ਤਾਂ ਨਸ਼ਾ ਖਤਮ ਹੋ ਸਕਦਾ ਹੈ। ਸੋਮਵਾਰ ਦਾ ਇਕੱਠ 'ਆਪ' ਦੀ ਰੈਲੀ ਨਹੀਂ ਸੀ, ਇਹ ਵੀ ਡੀ ਸੀ ਦਾ ਇਕੱਠ ਸੀ, ਜਿਸ ਕਾਰਨ ਮੁੱਖ ਸਕੱਤਰ ਅਤੇ ਡੀ ਜੀ ਪੀ ਨੇ ਇਸ ਨੂੰ ਸੰਬੋਧਨ ਕੀਤਾ।ਅਕਾਲੀ ਦਲ ਤੇ ਕਾਂਗਰਸ ਨੂੰ ਚੁਣੌਤੀ ਦਿੰਦਿਆਂ ਧਾਲੀਵਾਲ ਨੇ ਉਨ੍ਹਾਂ ਨੂੰ ਆਪਣੇ ਸੱਤਾ ਦੇ ਸਾਲਾਂ ਦਾ ਹਿਸਾਬ ਦੇਣ ਲਈ ਕਿਹਾ। ਉਨ੍ਹਾ ਸਵਾਲ ਕੀਤਾ—ਅਕਾਲੀ ਦਲ ਦੇ 10 ਸਾਲ ਅਤੇ ਕਾਂਗਰਸ ਦੇ 5 ਸਾਲਾਂ ਦੇ ਰਾਜ ਦੌਰਾਨ ਨਸ਼ਾ ਤਸਕਰਾਂ ਵਿਰੁੱਧ ਕੀ ਕਾਰਵਾਈ ਹੋਈ? ਕੀ ਉਨ੍ਹਾਂ ਕਦੇ ਅਜਿਹੀ ਮੁਹਿੰਮ ਚਲਾਈ, ਤਸਕਰਾਂ ਦੀਆਂ ਜਾਇਦਾਦਾਂ ਢਾਹੀਆਂ ਜਾਂ ਵੱਡੇ ਸਮੱਗਲਰਾਂ ਨੂੰ ਜੇਲ੍ਹ ਭੇਜਿਆ?

### ਓਵਰਬ੍ਰਿਜ ਦਾ ਨੀਂਹ ਪੱਥਰ ਰੱਖਿਆ...

ਹੋਇਆ ਸੀ। ਨੀਂਹ ਪੱਥਰ ਰੱਖਣ ਵੇਲੇ ਰੇਲਵੇ ਅਧਿਕਾਰੀਆਂ ਤੋਂ ਇਲਾਵਾ ਭਾਜਪਾ ਆਗੂ ਬਿਕਰਮਜੀਤ ਸਿੰਘ ਚੀਮਾ, ਭੁਪਿੰਦਰ ਸਿੰਘ ਚੀਮਾ, ਗੇਜਾ ਰਾਮ ਬਾਲਮੀਕੀ, ਜਤਿੰਦਰ ਸ਼ਰਮਾ, ਮਨਪ੍ਰੀਤ ਸਿੰਘ, ਆਸ਼ਿਸ਼ ਸੂਦ, ਨਰੇਸ਼ ਆਨੰਦ, ਜਗਤਾਰ ਸਿੰਘ ਕੂਕਾ, ਸਪਿੰਦਰ ਸਿੰਘ ਚੱਜ, ਕੁਲਦੀਪ ਸਿੰਘ ਸੋਮਲ, ਭਜਨ ਸਿੰਘ ਚਾਪੜਾ, ਕੁਲਜੀਤ ਸਿੰਘ ਦੀਵਾ, ਕੁਲਦੀਪ ਸਿੰਘ ਪੱਲਾ, ਬੱਗਾ ਸਿੰਘ, ਨਿਰਮਲ ਸਿੰਘ ਬੇਰ ਖੁਰਦ, ਸੁਰਜੀਤ ਅਹੋੜ, ਜੱਸੀ ਮਲੀਪੁਰ, ਲਾਡੀ ਕੱਦੋਂ, ਪ੍ਰਗਟ ਸਿੰਘ ਕੱਦੋਂ, ਦਰਸ਼ਨ ਸਿੰਘ ਕੱਦੋਂ, ਵਿੱਕੀ ਜਟਾਣਾ, ਵਿਨੋਦ ਕੁਮਾਰ ਬਿੱਲਾ ਬੈਕਟਰ ਵੀ ਮੌਜੂਦ ਸਨ। ਪੁਲ ਇੱਕ ਸਾਲ ਵਿੱਚ ਬਣ ਜਾਵੇਗਾ। ਬਿੱਟੂ ਨੇ ਕਿਹਾ ਕਿ ਅਗਲੀਆਂ ਸਰਦੀਆਂ ਤੋਂ ਦਿੱਲੀ ਅਤੇ ਅੰਮ੍ਰਿਤਸਰ ਵਿਚਕਾਰ ਜਲੰਧਰ, ਲੁਧਿਆਣਾ ਅਤੇ ਚੰਡੀਗੜ੍ਹ ਦੇ ਰਸਤੇ ਇੱਕ ਵਿਸ਼ੇਸ਼ ਵੰਦੇ ਭਾਰਤ ਸਲੀਪਰ ਗੱਡੀ ਸ਼ੁਰੂ ਕੀਤੀ ਜਾਵੇਗੀ। ਇਹ ਇਸ ਖੇਤਰ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਹੈ। ਉਨ੍ਹਾ ਦੱਸਿਆ ਕਿ ਲੁਧਿਆਣਾ ਦੇ ਬਾਹਰਵਾਰ ਲਾਡੋਵਾਲ ਵਿਚ ਲੋਕੋ-ਸ਼ੈੱਡ ਬਣਾਉਣ ਲਈ ਜਗ੍ਹਾ ਦੀ ਪਛਾਣ ਕਰ ਲਈ ਗਈ।

## ਮਿਮਿਟ ਵਿਖੇ 'ਪ੍ਰਸ਼ਨ ਹੱਲ ਤੇ ਫ੍ਰੀਲਾਂਸਿੰਗ ਪ੍ਰੋਜੈਕਟਸ 'ਚ ਭਾਗੀਦਾਰੀ' 'ਤੇ ਭਾਸ਼ਣ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**- ਪਾਈਥਨ ਪ੍ਰੋਗਰਾਮਿੰਗ ਤੇ ਮਸ਼ੀਨ ਲਰਨਿੰਗ : ਬੇਸਿਕਸ ਟੂ ਲਾਈਵ ਪ੍ਰੋਜੈਕਟਸ 'ਤੇ ਚੱਲ ਰਹੀ ਵਰਕਸ਼ਾਪ ਦੇ 7ਵੇਂ ਦਿਨ 'ਪ੍ਰਸ਼ਨ ਹੱਲ ਅਤੇ ਫ੍ਰੀਲਾਂਸਿੰਗ ਪ੍ਰੋਜੈਕਟਸ ਵਿੱਚ ਭਾਗੀਦਾਰੀ' 'ਤੇ ਇੱਕ ਸੈਸ਼ਨ ਕੀਤਾ ਗਿਆ।ਇਸ ਸੈਸ਼ਨ 'ਚ ਮਾਹਰ ਟ੍ਰੇਨਰਾਂ ਵੱਲੋਂ ਸੀਐੱਸਈ ਵਿਭਾਗ ਦੇ ਫੈਕਲਟੀ ਤੇ ਸਟਾਫ ਮੈਂਬਰਾਂ ਦੀ ਮੌਜੂਦਗੀ ਵਿੱਚ ਭਾਸ਼ਣ ਦਿੱਤਾ ਗਿਆ।ਇਸ ਸੈਸ਼ਨ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਵਿਭਾਗ ਦੇ ਮੁਖੀ ਡਾ. ਸੋਨੀਆ ਸ਼ਰਮਾ ਨੇ ਦੱਸਿਆ ਕਿ ਸੀ ਐੱਸ ਈ ਚੌਥੇ ਤੇ ਛੇਵੇਂ ਸਮੈਸਟਰ ਦੇ ਕਈ ਵਿਦਿਆਰਥੀਆਂ ਨੂੰ ਔਫਲਾਈਨ ਪ੍ਰੋਜੈਕਟਾਂ 'ਤੇ ਕੰਮ ਕਰਨ ਲਈ ਚੁਣਿਆ ਗਿਆ ਸੀ, ਜਿਸ ਰਾਹੀਂ ਕੰਪਨੀ ਉਨ੍ਹਾਂ ਨੂੰ ਸਿੱਧੇ ਤੌਰ 'ਤੇ ਕਲਾਇੰਟ-ਅਧਾਰਤ ਕੰਮ ਸੌਂਪੇਗੀ।ਬਹੁਤ ਸਾਰੇ ਵਿਦਿਆਰਥੀਆਂ ਨੇ ਗੱਲਬਾਤ ਦੌਰਾਨ ਆਪਣੇ ਤਕਨੀਕੀ ਹੁਨਰ ਤੇ ਸਰਗਰਮ ਸ਼ਮੂਲੀਅਤ ਦਾ ਪ੍ਰਦਰਸ਼ਨ ਵੀ ਕੀਤਾ।ਉਨ੍ਹਾਂ ਦੇ ਪ੍ਰਦਰਸ਼ਨ ਨੂੰ ਮਾਨਤਾ ਦਿੰਦੇ ਹੋਏ, ਕੰਪਨੀ ਨੇ ਮੌਜੂਦਾ ਸਮੈਸਟਰ ਦੇ ਪੂਰਾ ਹੋਣ ਤੋਂ ਬਾਅਦ ਚੁਣੇ ਗਏ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ ਦੇ ਅਨੁਸਾਰ ਤਕਨਾਲੋਜੀਆਂ ਵਿੱਚ ਮੁਫਤ ਸਿਖਲਾਈ ਤੇ ਇੰਟਰਨਸ਼ਿਪ ਦੇ ਮੌਕੇ ਪ੍ਰਦਾਨ ਕੀਤੇ।

ਇਸ ਮੌਕੇ ਜੇ ਕੇ ਸਕਿਲ ਹੱਬ ਦੇ ਡਾਇਰੈਕਟਰ ਨੂੰ ਵਿਭਾਗ ਦੇ ਮੁਖੀ ਤੇ ਸੀ ਐੱਸ ਈ ਵਿਭਾਗ ਦੇ ਫੈਕਲਟੀ ਮੈਂਬਰਾਂ ਦੁਆਰਾ ਉਨ੍ਹਾਂ ਦੇ ਕੀਮਤੀ ਯੋਗਦਾਨ ਤੇ ਵਿਦਿਆਰਥੀਆਂ ਦੇ ਵਿਹਾਰਕ ਹੁਨਰ ਤੇ ਪੇਸ਼ੇਵਰ ਐਕਸਪੋਜ਼ਰ ਨੂੰ ਵਧਾਉਣ ਵਿੱਚ ਨਿਰੰਤਰ ਸਹਾਇਤਾ ਲਈ ਸਨਮਾਨਤ ਕੀਤਾ ਗਿਆ।ਮਿਮਿਟ ਮਲੋਟ ਦੇ ਡਾਇਰੈਕਟਰ ਡਾ. ਜਸਕਰਨ ਸਿੰਘ ਭੁੱਲਰ ਨੇ ਕਿਹਾ ਕਿ ਅਜਿਹੇ ਸੈਸ਼ਨ ਦੇ ਨਾਲ ਵਿਦਿਆਰਥੀਆਂ ਵਿੱਚ ਹੁਨਰ ਦਾ ਵਾਧਾ ਹੁੰਦਾ ਹੈ ਤੇ ਭਵਿੱਖ ਵਿੱਚ ਵੀ ਅਜਿਹੇ ਸੈਸ਼ਨਾਂ ਨਾਲ ਵੱਖ-ਵੱਖ ਵਿਦਿਆਰਥੀਆਂ ਦੇ ਹੁਨਰ ਨੂੰ ਹੋਰ ਉਤਸ਼ਾਹ ਮਿਲਦਾ ਰਹੇਗਾ।

## ਨਜਾਇਜ਼ ਕਬਜ਼ੇ ਜ਼ੋਰਾਂ 'ਤੇ, ਅਧਿਕਾਰੀ ਬਣੇ ਮੂਕ-ਦਰਸ਼ਕ

**ਜੀਰਾ (ਨਰਿੰਦਰ ਅਨੇਜਾ)** ਭਗਵੰਤ ਮਾਨ ਸਰਕਾਰ ਵੱਡੇ-ਵੱਡੇ ਦਾਅਵੇ ਕਰ ਰਹੀ ਹੈ ਕਿ ਅਸੀਂ ਚਾਰ ਸਾਲ ਵਿੱਚ ਰਸੂਖਦਾਰਾਂ ਕੋਲੋਂ ਨਜਾਇਜ਼ ਕਬਜ਼ੇ ਛੁਡਵਾਏ ਹਨ, ਪਰ ਜੀਰਾ ਸ਼ਹਿਰ ਵੱਲ ਦੇਖੀਏ ਤਾਂ ਚਾਰੇ ਪਾਸੇ ਲੋਕਾਂ ਵੱਲੋਂ ਨਜਾਇਜ਼ ਕਬਜ਼ੇ ਕੀਤੇ ਹੋਏ ਹਨ। ਅਵਾਨ ਰੋਡ ਤੇ ਕੋਟ ਈਸੇ ਖਾਂ ਰੋਡ 'ਤੇ ਨਗਰ ਕੌਂਸਲ ਦੇ ਚਹੇਤਿਆਂ ਨੇ ਸੜਕ ਤੱਕ ਨਜਾਇਜ਼ ਕਬਜ਼ੇ ਕਰ ਲਏ ਹਨ।ਨਗਰ ਕੌਂਸਲ ਜੀਰਾ ਦੇ ਚਹੇਤਿਆਂ ਨੇ ਤਲਵੰਡੀ ਰੋਡ 'ਤੇ ਸਰਕਾਰੀ ਜ਼ਮੀਨ ਉੱਪਰ 20 ਦੇ ਕਰੀਬ ਨਜਾਇਜ਼ ਖੋਖੇ ਰੱਖੇ ਹੋਏ ਹਨ। ਜੀਵਨ ਮੱਲ ਸੀਨੀਅਰ ਸੈਕੰਡਰੀ ਸਕੂਲ ਦੇ ਬਾਹਰ ਵੀ ਨਜਾਇਜ਼ ਕਬਜ਼ੇ ਕਰਾ ਦਿੱਤੇ ਹਨ, ਜਦਕਿ ਇਹ ਸਾਰੀ ਜਾਇਦਾਦ ਜੀਵਨ ਮੱਲ ਕੋਈ ਵੀ ਔਲਾਦ ਨਾ ਹੋਣ ਕਾਰਨ ਸਰਕਾਰ ਨੂੰ ਦਾਨ ਕੀਤੀ ਸੀ। ਨਗਰ ਕੌਂਸਲ ਹਰ ਰੋਜ਼ ਹਜ਼ਾਰਾਂ ਲੀਟਰ ਪਾਣੀ ਨਜਾਇਜ਼ ਬਰਬਾਦ ਕਰ ਰਹੀ ਹੈ। ਟਿਊਬਵੈੱਲ ਦਾ ਪਾਣੀ ਫਾਲਤੂ ਵਗਦਾ ਰਹਿੰਦਾ ਹੈ।ਕਈ ਘੰਟੇ ਪਾਣੀ ਚੱਲਣ ਨਾਲ ਸੜਕ ਵੀ ਟੁੱਟੀ ਜਾ ਰਹੀ ਹੈ ਤੇ ਰੇਲਵੇ ਰੋਡ ਬਾਜ਼ਾਰ ਵਿੱਚ ਮੇਨ ਪਾਣੀ ਵਾਲੀ ਪਾਈਪ ਟੁੱਟੀ ਹੋਣ ਕਾਰਨ ਸਾਰਾ ਦਿਨ ਪਾਣੀ ਵਗਦਾ ਰਹਿੰਦਾ ਹੈ, ਜਿਸ ਨਾਲ ਸੜਕ ਟੁੱਟ ਕੇ ਟੋਇਆ ਬਣ ਗਿਆ ਹੈ ਤੇ ਉੱਥੇ ਪਾਣੀ ਖੜ੍ਹਾ ਰਹਿੰਦਾ ਹੈ। ਜਦੋਂ ਗੱਡੀ ਲੰਘਦੀ ਹੈ, ਲੋਕਾਂ ਦੇ ਛਿੱਟਿਆਂ ਨਾਲ ਕੱਪੜੇ ਵੀ ਖਰਾਬ ਹੋ ਜਾਂਦੇ ਹਨ। ਉੱਚ ਅਧਿਕਾਰੀ ਮੂਕ ਦਰਸ਼ਕ ਬਣੇ ਹੋਏ ਹਨ। ਸਮਾਜ ਸੇਵੀ ਤੇ ਭਵਿੱਖ ਦੀ ਚਿੰਤਾ ਕਰਨ ਵਾਲੇ ਸਰਕਾਰ ਨੂੰ ਅਪੀਲ ਕਰਦੇ ਹਨ ਕਿ ਸ਼ਹਿਰ ਵਿੱਚ ਨਜਾਇਜ਼ ਕਬਜ਼ੇ ਹਟਾਏ ਜਾਣ ਤੇ ਰੇਲਵੇ ਰੋਡ ਬਜ਼ਾਰ ਦੀ ਪਾਈਪ ਵਧੀਆ ਮਟੀਰੀਅਲ ਲਾ ਕੇ ਠੀਕ ਕੀਤੀ ਜਾਵੇ ਤਾਂ ਜੁ ਵਾਰ-ਵਾਰ ਪਾਈਪ ਲੀਕ ਨਾ ਹੋਵੇ ਤਾਂ ਜੁ ਪਾਣੀ ਖੜਨ ਨਾਲ ਜੋ ਪ੍ਰੇਸ਼ਾਨੀ ਹੁੰਦੀ ਹੈ, ਉਸ ਤੋਂ ਦੁਕਾਨਦਾਰਾਂ ਤੇ ਪੈਦਲ ਚੱਲਣ ਵਾਲੇ ਲੋਕਾਂ ਨੂੰ ਨਿਜ਼ਾਤ ਮਿਲ ਸਕੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in

# ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਜਿਥੇ ਆਪ ਸਰਕਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਚਲਾ ਕੇ ਪੰਜਾਬ 'ਚੋਂ ਨਸ਼ੇ ਖਤਮ ਕਰਨ ਦੇ ਦਾਅਵੇ ਕਰ ਰਹੀ ਹੈ ਉਥੇ ਹੀ ਹਲਕਾ ਖਡੂਰ ਸਾਹਿਬ ਦੇ ਪਿੰਡ ਤੁੜ ਵਿਖੇ ਨਸ਼ੇ ਦੀ ਓਵਰਡੋਜ਼ ਨਾਲ ਇੱਕ ਹੋਰ ਘਰ ਦਾ ਚਿਰਾਗ ਬੁੱਝਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਜਿਕਰਯੋਗ ਹੈ ਕਿ ਹਰਦੇਵ ਸਿੰਘ ਦੀ ਚਿੱਟੇ ਦਾ ਟੀਕਾ ਲਾਉਣ ਨਾਲ ਮੌਤ ਹੋ ਗਈ।ਇਹ ਨੌਜਵਾਨ 32 ਸਾਲ ਦਾ ਸੀ ਜੋ ਆਪਣੇ ਪਿਛੇ ਪਤਨੀ ਅਤੇ 13 ਸਾਲ ਦੇ ਬੇਟੇ ਸੁਖਦੇਵ ਸਿੰਘ ਨੂੰ ਇਕੱਲੇ ਛੱਡ ਗਿਆ ਹੈ।ਇਸ ਮੌਕੇ ਪੁਹੰਚੇ ਸਬ ਡਵੀਜ਼ਨ ਗੋਇੰਦਵਾਲ ਸਾਹਿਬ ਦੇ ਡੀਐੱਸਪੀ ਅਤੁਲ ਸੋਨੀ ਨੇ ਦੱਸਿਆ ਕਿ ਦੋਸ਼ੀਆਂ 'ਤੇ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਅਤੇ ਨਸ਼ੇ ਦੀ ਸਪਲਾਈ ਕਰਨ ਵਾਲੇ ਵਿਅਕਤੀਆਂ 'ਤੇ ਫੋਨ ਦੀ ਰਿਕਾਰਡਿੰਗ ਦੇ ਆਧਾਰ 'ਤੇ ਪਰਿਵਾਰ ਅਤੇ ਰਿਸ਼ਤੇਦਾਰ, ਵੱਖ-ਵੱਖ ਜਥੇਬੰਦੀਆਂ ਵੱਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਗਈ।ਇਸ ਸਮੇਂ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚੇ ਮੌਜੂਦਾ ਸਰਪੰਚ ਮੁਖਬੀਰ ਸਿੰਘ, ਸਾਬਕਾ ਸਰਪੰਚ ਸੁਲੱਖਣ ਸਿੰਘ, ਵੀਰ ਸਿੰਘ, ਦਿਲਬਾਗ ਸਿੰਘ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਆਗੂ ਸੁਖਦੇਵ ਸਿੰਘ, ਜਮਹੂਰੀ ਕਿਸਾਨ ਸਭਾ ਦੇ ਆਗੂ ਮਨਜੀਤ ਸਿੰਘ ਬੱਗੂ, ਰੇਸ਼ਮ ਸਿੰਘ ਫੈਲੋਕੇ, ਜੰਗ ਬਹਾਦਰ ਸਿੰਘ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਜਸਬੀਰ ਸਿੰਘ ਵੈਰੋਵਾਲ ਨੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।



# ਫ੍ਰੀ ਟ੍ਰੇਡ ਸਮਝੌਤਿਆਂ ਖ਼ਿਲਾਫ਼ ਤਿੱਖਾ ਸੰਘਰਸ਼ ਕੀਤਾ ਜਾਵੇਗਾ: ਉੱਪਲ, ਪੰਡੋਰੀ, ਬੱਗੂ, ਜਵੰਦਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**

ਭਾਰਤ ਸਰਕਾਰ ਵੱਲੋਂ ਅਮਰੀਕਾ ਅਤੇ ਹੋਰ ਦੇਸ਼ਾਂ ਨਾਲ ਕੀਤੇ ਗਏ ਕਰ ਮੁਕਤ ਵਪਾਰ ਸਮਝੌਤਿਆਂ ਖ਼ਿਲਾਫ਼ ਦੇਸ਼ ਅੰਦਰ ਲਗਾਤਾਰ ਵਿਰੋਧ ਵਧ ਰਿਹਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉਘੇ ਟਰੇਡ ਯੂਨੀਅਨਿਸਟ ਟੀਐਸਯੂ ਦੇ ਸਾਬਕਾ ਸੂਬਾਈ ਜਨਰਲ ਸਕੱਤਰ ਜਗਤਾਰ ਸਿੰਘ ਉੱਪਲ ਅਤੇ ਮਨਰੇਗਾ ਵਰਕਰਜ਼ ਯੂਨੀਅਨ ਦੇ ਸੂਬਾਈ ਆਗੂ ਬਲਦੇਵ ਸਿੰਘ ਪੰਡੋਰੀ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਬੱਗੂ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਸੂਬਾਈ ਆਗੂ ਸੁਖਦੇਵ ਸਿੰਘ ਜਵੰਦਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਇਨ੍ਹਾਂ ਸਮਝੌਤਿਆਂ ਖ਼ਿਲਾਫ਼ ਲਗਾਤਾਰ ਲਾਮਬੰਦੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਹ ਸਮਝੌਤੇ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਤੋੜਨ ਦਾ ਕੰਮ ਕਰਨਗੇ।ਇਨ੍ਹਾਂ ਆਗੂਆਂ ਨੇ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਪੱਖੀ ਮੀਡੀਆ ਨੂੰ ਵਰਤ ਕੇ ਭਾਜਪਾ ਦੇਸ਼ ਨੂੰ ਇਹ ਪ੍ਰਚਾਰ ਕਰਕੇ ਗੁੰਮਰਾਹ ਕਰ ਰਹੀ ਹੈ ਕਿ ਸਮਝੌਤਿਆਂ ਤਹਿਤ ਅਮਰੀਕਾ ਵੱਲੋਂ ਭਾਰਤ ਤੋਂ ਐਕਸਪੋਰਟ ਹੋਣ ਵਾਲੀਆਂ ਵਸਤਾਂ ਤੇ ਲੱਗ ਰਹੇ ਟੈਕਸ 50% ਤੋਂ ਘਟ ਕੇ 18% ਹੋ ਗਏ ਹਨ, ਇਹ ਬੇਹੱਦ ਨਿੰਦਯੋਗ ਕਾਰਾ ਹੈ।ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਚਲੀ ਟੈਰਿਫ ਵਾਰ (ਟੈਕਸ ਯੁੱਧ) ਕਾਰਨ ਅਮਰੀਕਾ ਨੇ ਸਾਰੇ ਦੇਸ਼ਾਂ ਤੇ ਬੇਤਹਾਸ਼ਾ ਵਾਧੇ ਨਾਲ ਟੈਕਸ ਲਗਾਏ ਜਿਸ ਤਹਿਤ ਭਾਰਤ ਤੇ ਵੀ 3% ਤੋਂ ਵਧਾ ਕੇ 50% ਕਰ ਦਿੱਤੇ, ਹੁਣ ਜਦੋਂ ਵਧ ਟੈਕਸਾਂ ਜਾਂ ਹੋਰ ਗੁੱਝੇ ਕਾਰਨਾਂ ਕਰਕੇ ਮੋਦੀ ਸਰਕਾਰ ਨੇ ਭਾਰਤ ਦੇ ਲੋਕਾਂ ਨਾਲ ਧੋਖਾ ਕਰਕੇ ਅਮਰੀਕਾ ਨਾਲ ਜ਼ੀਰੋ ਟੈਕਸ ਜਾਂ ਬਿਲਕੁੱਲ ਨਾਮਾਤਰ ਟੈਕਸ ਲਗਾਉਣ ਲਈ ਗੋਡੇ ਟੇਕ ਦਿੱਤੇ ਹਨ ਤਾਂ ਅਮਰੀਕਾ ਨੇ ਇਹ ਟੈਕਸ 18% ਕਰ ਦਿੱਤੇ ਹਨ ਜੋ ਕਿ ਅਸਲ ਵਿੱਚ ਲੰਬੇ ਸਮੇਂ ਤੋਂ ਚਲਦੇ 3% ਟੈਕਸਾਂ ਤੋਂ 6 ਗੁਣਾ ਵੱਧ ਹਨ।ਉਨ੍ਹਾਂ ਕਿਹਾ ਕਿ ਅਮਰੀਕੀ ਖੇਤੀਬਾੜੀ ਮੰਤਰੀ ਦੀ ਸੈਕਟਰੀ ਅਤੇ ਰਾਸ਼ਟਰਪਤੀ ਟਰੰਪ ਲਗਾਤਾਰ ਕਹਿ ਰਹੇ ਹਨ ਕਿ ਭਾਰਤ ਨੇ ਅਮਰੀਕੀ ਖੇਤੀਬਾੜੀ ਵਸਤਾਂ ਕਿ ਮੰਡੀ ਖੋਲ੍ਹ ਦਿੱਤੀ ਹੈ। ਉਹਨਾ ਕਿਹਾ ਕਿ ਜਿਵੇਂ ਹੀ ਅਮਰੀਕਾ ਦੀਆਂ ਵਸਤਾਂ ਤੇ 0% ਟੈਕਸ ਹੋ ਗਏ ਹੋਵੇਗਾ ਉਦੋਂ ਤੋਂ ਹੀ ਦੇਸ਼ ਦੀ ਖੇਤੀਬਾੜੀ ਸੈਕਟਰ ਦੀ ਮਾੜੇ ਦਿਨ ਸ਼ੁਰੂ ਹੋ ਜਾਣਗੇ ਕਿਉਂਕਿ ਅਮਰੀਕਾ ਵਰਗੇ ਦੇਸ਼ ਜਿੱਥੇ ਕਿਸਾਨਾਂ ਨੂੰ ਭਾਰੀ ਸਬਸਿਡੀਆਂ ਦਿੱਤੀਆਂ ਜਾਂਦੀਆਂ ਹਨ ਅਤੇ ਛੋਟੀ ਕਿਸਾਨੀ ਕੋਲ ਵੀ ਸੈਂਕੜੇ ਏਕੜ ਜ਼ਮੀਨ ਹੈ ਉਥੇ ਭਾਰਤ ਅੰਦਰ ਕਿਸਾਨਾਂ ਦੀ ਕਮਜ਼ੋਰ ਆਰਥਿਕ ਹਾਲਤ, ਨਾਂਹ ਦੇ ਬਰਾਬਰ ਸਬਸਿਡੀ ਅਤੇ 85% ਕਿਸਾਨਾਂ ਕੀ 2.5 ਏਕੜ ਦੀ ਜ਼ਮੀਨ ਮਾਲਕੀ ਹੈ।ਉਨ੍ਹਾਂ ਕਿਹਾ ਕਿ ਭਾਰਤ ਅਤੇ ਅਮਰੀਕਾ ਵਿਚਾਲੇ ਪੈਦਾਵਾਰ ਦਾ ਜ਼ਮੀਨ ਅਸਮਾਨ ਦਾ ਫਰਕ ਹੈ। ਭਾਰਤ ਦੇ ਕਿਸਾਨ ਕਿਸੇ ਵੀ ਤਰ੍ਹਾਂ ਮੰਡੀ ਦੀ ਇਸ ਅਸਾਵੀਂ ਮੁਕਾਬਲੇਬਾਜ਼ੀ ਅੱਗੇ ਖੜ੍ਹ ਨਹੀਂ ਪਾਉਣਗੇ, ਜਿਸ ਕਾਰਨ ਕਿਸਾਨ ਅਤੇ ਖੇਤ ਮਜ਼ਦੂਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ। ਉਨ੍ਹਾਂ ਕਿਹਾ ਕਿ ਅਮਰੀਕਾ ਵੱਲੋਂ 3% ਤੋਂ 18% ਕੀਤੇ ਗਏ ਟੈਕਸਾਂ ਕਾਰਨ ਭਾਰਤ ਤੋਂ ਐਕਸਪੋਰਟ ਕਰਨ ਵਾਲੇ ਵਪਾਰੀ ਦੀ ਥਾਂ ਅਮਰੀਕਾ ਵਿੱਚ ਬੰਗਲਾਦੇਸ਼, ਚੀਨ ਅਤੇ ਹੋਰ ਦੇਸ਼ਾਂ ਦੇ ਮੁਕਾਬਲੇ ਮਹਿੰਗੀ ਹੋਵੇਗੀ ਜਿਸ ਕਾਰਨ ਸਾਡੇ ਦੇਸ਼ ਦਾ ਐਕਸਪੋਰਟ ਬੁਰੀ ਤਰ੍ਹਾਂ ਪ੍ਰਭਾਵਤ ਹੋਵੇਗਾ ਜਿਸ ਕਾਰਨ ਭਾਰਤੀ ਵਪਾਰੀ ਅਤੇ ਉਦਯੋਗਾਂ ਵਿੱਚ ਕੰਮ ਕਰਦੇ ਮਜ਼ਦੂਰ ਪ੍ਰਭਾਵਿਤ ਹੋਣਗੇ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਟਰੰਪ ਦੀ ਬੁਰਛਾਗਰਦੀ ਅੱਗੇ ਪੂਰੀ ਤਰ੍ਹਾਂ ਗੋਡੇ ਟੇਕ ਦਿੱਤੇ ਹਨ ਜੋ ਸ ਦੇਸ਼ ਦੇ ਲੋਕਾਂ ਨੂੰ ਇਨ੍ਹਾਂ ਸਮਝੌਤਿਆਂ ਖ਼ਿਲਾਫ਼ ਚੱਲਣ ਵਾਲੇ ਹਰ ਸੰਘਰਸ਼ ਦਾ ਡਟ ਕੇ ਸਾਥ ਦੇਣ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਕਿਸਾਨ, ਮਜ਼ਦੂਰ, ਟ੍ਰੇਡ ਯੂਨੀਅਨਾਂ, ਮੁਲਾਜ਼ਮ ਜਥੇਬੰਦੀਆਂ, ਵਿਦਿਆਰਥੀ ਜਥੇਬੰਦੀਆਂ ਸਮੇਤ ਸਭ ਸੰਘਰਸ਼ੀ ਲੋਕਾਂ ਨੂੰ ਅਪੀਲ ਹੈ ਕਿ ਅਜਿਹੇ ਹਾਲਾਤ ਵਿੱਚ ਇੱਕਜੁੱਟ ਹੋ ਕੇ ਸੰਘਰਸ਼ ਕੀਤਾ ਜਾਵੇ।ਇਸ ਮੌਕੇ ਕਰਮ ਸਿੰਘ ਪੰਡੋਰੀ, ਤਰਸੇਮ ਸਿੰਘ ਪੰਡੋਰੀ, ਸਰਿੰਦਰ ਸਿੰਘ ਖੱਬੇ ਆਦਿ ਆਗੂ ਹਾਜ਼ਰ ਸਨ।



# ਸੁਖਦੀਪ ਸਿੰਘ ਸੁਕਾਰ ਨਵਾਂਸ਼ਹਿਰ ਵਿਧਾਨ ਸਭਾ ਹਲਕਾ ਇੰਚਾਰਜ ਨਿਯੁਕਤ

**ਪੋਜੇਵਾਲ (ਰਾਮ ਲਾਲ)**-ਸੁਖਦੀਪ ਸਿੰਘ ਸੁਕਾਰ ਨੂੰ ਨਵਾਂਸ਼ਹਿਰ ਵਿਧਾਨ ਸਭਾ ਹਲਕੇ ਦਾ ਹਲਕਾ ਇੰਚਾਰਜ ਨਿਯੁਕਤ ਹੋਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਬਲਾਚੌਰ ਹਲਕੇ ਦੇ ਸੀਨੀਅਰ ਅਕਾਲੀ ਆਗੂ ਅਸ਼ੋਕ ਕੁਮਾਰ ਨਾਨੋਵਾਲ ਨੇ ਸਮੁੱਚੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ।ਅਸ਼ੋਕ ਕੁਮਾਰ ਨਾਨੋਵਾਲ ਨੇ ਕਿਹਾ ਕਿ ਸੁਖਦੀਪ ਸਿੰਘ ਸੁਕਾਰ ਜ਼ਮੀਨੀ ਪੱਧਰ ਦੇ ਨੇਤਾ ਹਨ। ਜਿਹੜੇ ਯੂਥ ਅਕਾਲੀ ਦੇ ਸਰਕਲ ਪ੍ਰਧਾਨ ਤੋਂ ਲੈ ਕੇ ਪਾਰਟੀ ਦੇ ਵੱਖ ਵੱਖ ਅਹੁਦਿਆਂ 'ਤੇ ਰਹਿ ਕੇ ਪਾਰਟੀ ਦੀ ਕੋਰ ਕਮੇਟੀ ਤੱਕ ਆਪਣੀ ਮਿਹਨਤ ਦੇ ਬਲਬੂਤੇ ਪੁੱਜੇ ਹਨ। ਨਵਾਂਸ਼ਹਿਰ ਦੇ ਜ਼ਿਲ੍ਹਾ ਪ੍ਰਧਾਨ ਵਜੋਂ ਉਨ੍ਹਾਂ ਦੀ ਸਖ਼ਤ ਮਿਹਨਤ ਨਾਲ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਕਾਫ਼ੀ ਮਜ਼ਬੂਤ ਕੀਤਾ ਹੈ।ਇਸ ਮੌਕੇ ਉਨ੍ਹਾਂ ਨਾਲ ਬਲਾਚੌਰ ਹਲਕੇ ਦੇ ਸੀਨੀਅਰ ਅਕਾਲੀ ਆਗੂ ਜੋਗਿੰਦਰ ਸਿੰਘ ਅਟਵਾਲ, ਗੁਰਦੀਪ ਸਿੰਘ ਬਕਾਪੁਰ, ਹਜ਼ੂਰਾ ਸਿੰਘ ਪੈਲ਼ੀ, ਅਜਮੇਰ ਸਿੰਘ ਭਾਰਾਪੁਰ, ਹਰਨੇਕ ਸਿੰਘ ਛਦੌੜੀ, ਬਹਾਦਰ ਸਿੰਘ ਬਿਰਲ ਪੈਲ਼ੀ, ਹਰਨੇਕ ਸਿੰਘ ਪੈਲੀ ਮੌਜੂਦ ਸਨ।



# ਹੜ੍ਹਾਂ ਦੀ ਭੇਟ ਚੜ੍ਹੀ ਕਸਬਾ ਬਾਹਮਣੀ ਤੋਂ ਠੱਠੀ ਫਰੀਦਪੁਰ ਨੂੰ ਜਾਂਦੀ ਸੜਕ 'ਤੇ ਚੱਲਣਾ ਹੋਇਆ ਮੁਹਾਲ

**ਗੁਰਦਾਸਪੁਰ, (ਜਨਕ ਮਹਾਜਨ)**

ਪਿਛਲੇ ਸਮੇਂ ਦੌਰਾਨ ਦਰਿਆ ਰਾਵੀ ਵਿਚ ਆਏ ਹੜ ਦੇ ਕਾਰਨ ਸਰਹੱਦੀ ਖੇਤਰ ਦੇ ਲੋਕਾਂ ਦਾ ਜਿੱਥੇ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਸੀ ਉੱਥੇ ਹੀ ਇਲਾਕੇ ਦੀਆਂ ਸੜਕਾਂ ਵੀ ਬੁਰੀ ਤਰ੍ਹਾਂ ਨਾਲ ਟੁੱਟ ਭੱਜ ਅਤੇ ਰੁੜ੍ਹ ਗਈਆਂ ਸਨ। ਕਸਬਾ ਬਾਹਮਣੀ ਤੋਂ ਵਾਇਆ ਜੋਗਰ ਠੱਠੀ, ਫਰੀਦਪੁਰ ਨੂੰ ਜਾਣ ਵਾਲੀ ਸੜਕ ਵੀ ਹੜ੍ਹ ਦੀ ਲਪੇਟ ਵਿਚ ਆ ਗਈ ਜਿਸ ਦਾ ਕਾਫੀ ਹਿੱਸਾ ਪਾਣੀ ਵਿਚ ਰੁੜ ਗਿਆ। ਸਬੰਧਿਤ ਵਿਭਾਗ ਵਲੋਂ ਅਜੇ ਤੀਕ ਇਸ ਸੜਕ ਦੀ ਕੋਈ ਸਾਰ ਨਾ ਲੈਣ ਕਾਰਨ ਲੋਕਾਂ ਦਾ ਪੰਜਾਬ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਗੱਲਬਾਤ ਕਰਦਿਆਂ ਲੋਕਾਂ ਨੇ ਦੱਸਿਆ ਕਿ ਇਸ ਸੜਕ ਰਾਹੀਂ ਉਨ੍ਹਾਂ ਦਾ ਕਾਫ਼ੀ ਰਸਤਾ ਬਹਿਰਾਮਪੁਰ ਜਾਣ ਸਮੇਂ ਘੱਟ ਜਾਂਦਾ ਸੀ ਪਰ ਹੁਣ ਇਸ ਸੜਕ ਦਾ ਕੁਝ ਹਿੱਸਾ ਰੁੜ੍ਹ ਜਾਣ ਨਾਲ ਉਨ੍ਹਾਂ ਨੂੰ ਝਬਕਰੇ ਵਲੋਂ ਜਾਣਾ ਪੈਂਦਾ ਹੈ। ਉਨ੍ਹਾਂ ਕਿਹਾ ਰੋਜ਼ਾਨਾ ਸਕੂਲੀ ਬੱਚਿਆਂ ਦੀਆਂ ਬੱਸਾਂ ਇਨ੍ਹਾਂ ਖਸਤਾ ਹਾਲਤ ਸੜਕਾਂ ਤੋਂ ਬੜੀ ਮੁਸ਼ਕਿਲ ਨਾਲ ਲੰਘਦੀਆਂ ਹਨ ਤੇ ਕਈ ਵਾਰ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸੜਕਾਂ ਵਿਚਕਾਰ ਡੂੰਘੇ-ਡੂੰਘੇ ਖੱਡੇ ਪੈ ਚੁੱਕੇ ਹਨ ਜਿਨ੍ਹਾਂ ਵਿੱਚੋਂ ਦੋ ਪਹੀਆਂ ਵਾਹਨ ਚਾਲਕਾਂ ਦਾ ਲੰਘਣਾ ਬੇਹਦ ਔਖਾ ਹੋਇਆ ਪਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਸੜਕਾਂ ਦੇ ਕੰਡੇ ਵੀ ਬੁਰੀ ਤਰ੍ਹਾਂ ਨਾਲ ਰੁੜ ਚੁੱਕੇ ਹਨ ਜੋ ਰਾਤ ਦੇ ਹਨੇਰੇ ਵਿੱਚ ਬਿਲਕੁਲ ਵੀ ਦਿਖਾਈ ਨਹੀਂ ਦਿੰਦੇ ਅਤੇ ਜੇਕਰ ਕੋਈ ਅਣਜਾਣ ਵਾਹਨ ਚਾਲਕ ਇਨ੍ਹਾਂ ਸੜਕਾਂ ਦੇ ਉੱਪਰੋਂ ਗੁਜ਼ਰਦੇ ਹਨ ਤਾਂ ਉਹ ਸੜਕਾਂ ਦੇ ਕੰਢੇ ਨਾ ਹੋਣ ਕਾਰਨ ਹਾਦਸੇ ਦਾ ਸ਼ਿਕਾਰ ਹੋ ਜਾਂਦੇ ਹਨ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਮੰਤਰੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਕਿ ਵਿਸ਼ੇਸ਼ ਬਜਟ ਤਿਆਰ ਕਰਕੇ ਸਰਹੱਦੀ ਖੇਤਰ ਅੰਦਰ ਹੜ੍ਹਾਂ ਦੌਰਾਨ ਨੁਕਸਾਨੀਆਂ ਗਈਆਂ ਸੜਕਾਂ ਦੀ ਪਹਿਲ ਦੇ ਆਧਾਰ 'ਤੇ ਮੁਰੰਮਤ ਕਰਵਾਈ ਜਾਵੇ ਤਾਂ ਜੋ ਉਨ੍ਹਾਂ ਨੂੰ ਆ ਰਹੀ ਇਸ ਮੁਸ਼ਕਿਲ ਤੋਂ ਨਿਜਾਤ ਮਿਲ ਸਕੇ।



# ਬਾਬਾ ਦੀਪ ਸਿੰਘ ਜੀ ਸ਼ਹੀਦ ਕੀਰਤਨ ਦਰਬਾਰ ਸੋਸਾਇਟੀ ਨੇ ਲੋੜਵੰਦ ਪਰਵਾਰਾਂ ਨੂੰ ਰਾਸ਼ਨ ਵੰਡਿਆ

**ਪੱਟੀ (ਬਲਦੇਵ ਸਿੰਘ ਸੰਧੂ)**

ਲੋੜਵੰਦ ਪਰਿਵਾਰਾਂ ਦੀ ਸੇਵਾ 'ਚ ਮੋਹਰੀ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਕੀਰਤਨ ਦਰਬਾਰ ਸੁਸਾਇਟੀ ਰਜਿ :ਪੱਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਮਹੀਨਾ ਵਾਰ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੀ ਸੇਵਾ ਗੁਰਦਵਾਰਾ ਬੀਬੀ ਰਜਨੀ ਜੀ ਪੱਟੀ ਵਿੱਖੇ ਕੀਤੀ ਗਈ।ਬਾਬਾ ਦੀਪ ਸਿੰਘ ਜੀ ਕਿਰਪਾ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹਰ ਮਹੀਨੇ ਸੰਗਤ ਦੇ ਉੱਦਮ ਨਾਲ ਇਹ ਸੇਵਾਵਾਂ ਚੱਲ ਰਹੀਆਂ ਹਨ।ਰਾਸ਼ਨ ਦੇਣ ਦੀ ਆਰੰਭਤਾ ਤੋਂ ਪਹਿਲਾਂ ਗੁਰਦਵਾਰਾ ਸਾਹਿਬ ਦੇ ਗ੍ਰੰਥੀ ਭਾਈ ਕੁਲਵਿੰਦਰ ਸਿੰਘ ਵੱਲੋਂ ਅਰਦਾਸ ਬੇਨਤੀ ਕੀਤੀ ਗਈ।ਇਸ ਮਹੀਨੇ ਦੀ ਸੇਵਾ ਪੱਟੀ ਸ਼ਹਿਰ ਦੇ ਸਮਾਜ ਸੇਵੀ ਭੁਪਿੰਦਰ ਸਿੰਘ ਮਿੰਟੂ ਮਾਹੀ ਰਿਜ਼ੋਰਟ ਵਾਲੇ ਆਪਣੇ ਪਿਤਾ ਰਤਨ ਸਿੰਘ ਮਾਹੀ ਰਿਜ਼ੋਰਟ ਵਾਲਿਆਂ ਦੀ ਬਰਸੀ ਦੇ ਸਬੰਧ ਵਿੱਚ 27 ਪਰਿਵਾਰਾਂ ਨੂੰ ਰਾਸ਼ਨ ਦੇਣ ਦੀ ਸੇਵਾ ਕੀਤੀ ਗਈ।ਇਹ ਜਾਣਕਾਰੀ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੱਬੂ ਅਤੇ ਸਕੱਤਰ ਜੋਗਾ ਸਿੰਘ ਵੱਲੋਂ ਦਿੱਤੀ ਗਈ।ਇਸ ਮੌਕੇ ਡਾ. ਤਰਲੋਚਨ ਸਿੰਘ ਬੇਦੀ, ਪ੍ਰਧਾਨ ਗੁਰਦਵਾਰਾ ਬੀਬੀ ਰਜਨੀ ਜੀ ਬਲਬੀਰ ਸਿੰਘ ਲੁਹਾਰੀਆ, ਭਾਈ ਕੰਵਲਜੀਤ ਸਿੰਘ ਰਾਗੀ ਜਥਾ ਪੱਟੀ, ਅਮਰੀਕ ਸਿੰਘ ਜੇਈ, ਰਜਵੰਤ ਸਿੰਘ ਜੇਈ, ਡੀਐੱਸਪੀ ਬਲਰਾਜ ਸਿੰਘ ਖਹਿਰਾ, ਸੁਰਜੀਤ ਸਿੰਘ, ਜਸਪਾਲ ਸਿੰਘ ਮੈਡੀਕਲ ਸਟੋਰ ਵਾਲੇ, ਮਨਕੀਰਤ ਸਿੰਘ ਕੈਨੇਡਾ, ਡਾ ਸਰਵਪ੍ਰੀਤ ਸਿੰਘ, ਅੰਮ੍ਰਿਤ ਸਿੰਘ ਪੁੱਤਰ ਇਕਬਾਲ ਸਿੰਘ ਜੋਲੀ, ਅਮਾਨਤ ਆਸਟੇਰਲੀਆ, ਸੁਖਚੈਨ ਸਿੰਘ ਰਾਜੂ ਕਲਾਥ ਹਾਊਸ ਵਾਲੇ, ਹਰਪ੍ਰੀਤ ਸਿੰਘ ਕੈਨੇਡਾ, ਦੀਪਕ ਸਿੰਘ, ਪ੍ਰਭਜੀਤ ਸਿੰਘ, ਨਰਿੰਦਰ ਸਿੰਘ, ਮਾਸਟਰ ਸਰਬਜੀਤ ਸਿੰਘ, ਮਾਸਟਰ ਗੁਰਦੇਵ ਸਿੰਘ ਲੁਹਾਰੀਆ, ਕੈਪਟਨ ਮਹਿਲ ਸਿੰਘ ਸਿੱਧੂ, ਮਾਸਟਰ ਸਤਨਾਮ ਸਿੰਘ ਸਿੱਧੂ, ਮਾਸਟਰ ਅਰਸਦੀਪ ਸਿੰਘ, ਮਾਸਟਰ ਬਿਕਰਮਜੀਤ ਸਿੰਘ, ਮਾਸਟਰ ਅਮਨਦੀਪ ਸਿੰਘ ਕਰੀਰ, ਗੁਰਸੇਵਕ ਸਿੰਘ ਪਟਵਾਰੀ, ਪਰਮਜੀਤ ਸਿੰਘ ਬੈਂਕ ਵਾਲੇ, ਨਿਰਮਲ ਸਿੰਘ ਕਿਰਪਾਨਾਂ ਵਾਲੇ, ਬਲਜਿੰਦਰ ਸਿੰਘ ਬੀਟੀ, ਸੰਦੀਪ ਸਿੰਘ ਨਗਰ ਕੌਂਸਲ, ਲਖਬੀਰ ਸਿੰਘ ਸ਼ਹੀਦ ਨਗਰ ਕੌਂਸਲ, ਜਗਦੀਪ ਸਿੰਘ ਪ੍ਰਿੰਸ, ਜੋਬਨਜੀਤ ਸਿੰਘ ਪਟਿਆਲਾ, ਜਸਨਪ੍ਰੀਤ ਸਿੰਘ ਪਟਿਆਲਾ, ਅਮਨ ਕਲਸੀ ਕੋਸਮੈਟਿਕ ਸੈਂਟਰ, ਹਰਚਰਨ ਸਿੰਘ ਪਲਾਈਵੁੱਡ, ਪ੍ਰਭਜੋਤ ਸਿੰਘ, ਇੰਸਪੈਕਟਰ ਦਰਸ਼ਨ ਸਿੰਘ, ਹਰਚਰਨ ਸਿੰਘ ਵਿਰਦੀ, ਜਗਤਾਰ ਸਿੰਘ ਮੁੱਕਰ, ਅਜੇਪਾਲ ਸਿੰਘ,ਪਿੰਟੂ ਕਰਿਆਨਾ ਸਟੋਰ, ਹਰਪ੍ਰੀਤ ਸਿੰਘ ਲੇਡੀਜ਼ ਜ਼ੋਨ, ਨਿਰਮਲ ਸਿੰਘ, ਅਮਰ ਸਿੰਘ ਬੈਂਕ ਵਾਲੇ, ਕਾਕਾ ਕੁਲਵਿੰਦਰ ਸਿੰਘ, ਬਲਦੇਵ ਸਿੰਘ ਲਵ ਗਾਰਮੈਂਟਸ ਵਾਲੇ, ਡਾਕਟਰ ਰਵੀ ਵੈਟਰਨਰੀ ਆਦਿ ਹਾਜ਼ਰ ਸਨ।



# ਵਿਦਿਆਰਥੀਆਂ ਨੂੰ ਆਵਾਜਾਈ ਦੇ ਨਿਯਮਾਂ ਬਾਰੇ ਦਿੱਤੀ ਜਾਣਕਾਰੀ



**ਬਟਾਲਾ, (ਡਾ. ਮਲਵਿੰਦਰ ਸਿੰਘ)**

ਡਾ. ਮਹਿਤਾਬ ਸਿੰਘ ਐੱਸਐੱਸਪੀ ਬਟਾਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਸ ਦੇ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਸਟਾਫ਼ ਨੇ ਆਗਿਆਵੰਤੀ ਮਰਵਾਹਾ ਡੀਏਵੀ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਅਤੇ ਟ੍ਰੈਫਿਕ ਸੇਫਟੀ ਬਾਰੇ ਵੱਡਮੁੱਲੀ ਜਾਣਕਾਰੀ ਦਿੱਤੀ। ਜਾਗਰੂਕਤਾ ਸੈਮੀਨਾਰ ਵਿਚ ਵਿਦਿਆਰਥੀਆਂ ਨੂੰ ਨਾਬਾਲਗ ਬੱਚਿਆਂ ਨੂੰ ਗੱਡੀ ਚਲਾਉਣ ਵਿਰੁੱਧ ਨਵੇਂ ਕਾਨੂੰਨ ਅਤੇ ਸੜਕ ਸੁਰੱਖਿਆ ਨਿਯਮਾਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਡੀਐੱਸਪੀ ਤੇਜਿੰਦਰਪਾਲ ਸਿੰਘ ਨੇ ਦੱਸਿਆ ਕਿ ਬਟਾਲਾ ਪੁਲਸ ਦੇ ਟਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਸਕੂਲਾਂ ਵਿੱਚ ਜਾ ਕੇ ਵਿਦਿਆਰਥੀਆਂ ਨੂੰ ਰੋਡ ਲਾਈਨ ਤੇ ਰੋਡ ਸਾਈਨ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਅਤੇ ਹੈਲਮਟ, ਸੀਟ ਬੈਲਟ ਲਗਾਉਣ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ।ਜਾਗਰੂਕਤਾ ਸੈਮੀਨਾਰ ਵਿਚ ਵਿਦਿਆਰਥੀਆਂ ਨੂੰ ਘੱਟ ਉਮਰ ਵਿੱਚ ਡਰਾਈਵਿੰਗ ਕਰਨ ਉਪਰੰਤ ਹੋਣ ਵਾਲੀ ਕਾਨੂੰਨੀ ਕਾਰਵਾਈ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਡਰਾਈਵਿੰਗ ਲਾਇਸੈਂਸ ਦੀ ਅਹਿਮੀਅਤ ਬਾਰੇ ਅਤੇ ਫ਼ਰਿਸ਼ਤੇ ਸਕੀਮ ਬਾਰੇ ਵੀ ਜਾਗਰੂਕ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਦੁਰਪ੍ਰਭਾਵਾਂ ਬਾਰੇ ਜਾਗਰੂਕ ਕੀਤਾ।ਵਾਤਾਵਰਣ ਨੂੰ ਸਾਫ਼-ਸੁਥਰਾ ਰੱਖਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਪੌਦਿਆਂ ਦੀ ਸਾਂਭ-ਸੰਭਾਲ ਬਾਰੇ ਪ੍ਰੇਰਿਤ ਕੀਤਾ।

# ਪ੍ਰੀਖਿਆਵਾਂ 'ਚ ਚੜ੍ਹਦੀ ਕਲਾ ਲਈ ਵਿਦਿਆਰਥੀਆਂ ਨੇ ਲਿਆ ਪ੍ਰਮਾਤਮਾ ਦਾ ਓਟ ਆਸਰਾ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਾਏ ਗਏ।ਇਹ ਪਾਠ ਬੱਚਿਆਂ ਦੀਆਂ ਸਾਲਾਨਾ ਪ੍ਰੀਖਿਆਵਾਂ ਵਿੱਚੋਂ ਵਧੀਆ ਕਾਰਗੁਜ਼ਾਰੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਓਟ ਆਸਰਾ ਲੈਣ ਲਈ ਸਕੂਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਰਦਾਸ ਕੀਤੀ।ਇਸ ਵਿੱਚ ਸਕੂਲ ਦੇ ਵਿਦਿਆਰਥੀਆਂ ਦੇ ਲਈ ਆਉਣ ਵਾਲੀ ਸਾਲਾਨਾ ਪ੍ਰੀਖਿਆ ਵਿੱਚ ਸਮੂਹ ਸਕੂਲ ਵਿਦਿਆਰਥੀਆਂ ਦੀਆਂ ਸਫਲਤਾ ਲਈ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਗਈ। ਸੁਖਮਨੀ ਸਾਹਿਬ ਦੇ ਪਾਠ ਤੋਂ ਉਪਰੰਤ ਸਕੂਲ ਦੇ ਹੀ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਗਾਇਨ ਕੀਤੇ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਵਿੱਚ ਸਕੂਲ ਸਮੂਹ ਸਟਾਫ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਵੀ ਸ਼ਾਮਿਲ ਹੋਏ।ਅਨੰਦ ਸਾਹਿਬ ਦੇ ਪਾਠ ਅਤੇ ਅਰਦਾਸ ਤੋਂ ਬਾਅਦ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਚਾਹ ਦਾ ਲੰਗਰ ਛਕਾਇਆ ਗਿਆ।ਸਕੂਲ ਦੇ ਪ੍ਰਿੰਸੀਪਲ ਸੁਰਜੀਤ ਸਿੰਘ ਭਰੋਵਾਲ ਨੇ ਵਿਦਿਆਰਥੀਆਂ ਨੂੰ ਪੇਪਰਾਂ ਵਿੱਚੋਂ ਚੰਗੇ ਨੰਬਰ ਲੈਣ ਲਈ ਕਿਹਾ। ਉਨ੍ਹਾਂ ਨੇ ਇਹ ਵੀ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਮਿਹਨਤ ਸਦਕਾ ਹੀ ਨੰਬਰ ਲੈਣੇ ਚਾਹੀਦੇ ਹਨ ਤੇ ਨਕਲ ਨਾ ਮਾਰਨ ਦੀ ਪ੍ਰੇਰਨਾ ਦਿੱਤੀ।ਉਨ੍ਹਾਂ ਨੇ ਚੰਗੇ ਨੰਬਰ ਲੈ ਕੇ ਆਪਣੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂ ਰੌਸ਼ਨ ਕਰਨ ਲਈ ਆਸ਼ੀਰਵਾਦ ਦਿੱਤਾ।

# ਸਰਮਾਏਦਾਰ ਕੰਪਨੀਆਂ ਦੇ ਆਲੂਆਂ ਤੋਂ ਬਣੇ ਚਿਪਸ ਮਹਿੰਗੇ ਪਰ ਕਿਸਾਨ ਦੇ ਆਲੂ ਸਸਤੇ : ਭੁਪਿੰਦਰ ਸਿੰਘ ਮਾਨ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**

ਆਲੂ ਪੰਜਾਬ ਵਿੱਚ ਬੀਜੀਆਂ ਜਾਣ ਵਾਲੀਆਂ ਮੁੱਖ ਫਸਲਾਂ ਵਿੱਚੋਂ ਇਕ ਹੈ।ਪੰਜਾਬ ਵਿੱਚ ਬਹੁਤ ਵੱਡੇ ਰਕਬੇ ਤੇ ਆਲੂ ਦੀ ਖੇਤੀ ਕੀਤੀ ਜਾਂਦੀ ਹੈ। ਇਸ ਫਸਲ ਨਾਲ ਕਿਸਾਨਾਂ ਦੀਆਂ ਬੜੀਆਂ ਆਸਾਂ ਉਮੀਦਾਂ ਤੇ ਸੁਪਨੇ ਜੁੜੇ ਹੁੰਦੇ ਹਨ ਪਰ ਦੁੱਖ ਦੀ ਗੱਲ ਹੈ ਕਿ ਕਿਸਾਨਾਂ ਨੂੰ ਆਪਣੀ ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲਦਾ ਹੈ।ਇਸ ਵਕਤ ਪੂਰੇ ਪੰਜਾਬ ਦੇ ਆਲੂ ਕਾਸ਼ਤਕਾਰ ਨਿਰਾਸ਼ਾ ਦੇ ਆਲਮ ਵਿੱਚੋਂ ਲੰਘ ਰਹੇ ਹਨ।ਇਸ ਸੰਬੰਧੀ ਪਿੰਡ ਮਾਨ ਸੈਂਡਵਾਲ ਦੇ ਨੌਜਵਾਨ ਕਿਸਾਨ ਭੁਪਿੰਦਰ ਸਿੰਘ ਮਾਨ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਵਾਰ ਆਲੂਆਂ ਦੀ ਫਸਲ ਬੇਹੱਦ ਘਾਟੇ ਦਾ ਸੌਦਾ ਸਾਬਤ ਹੋਈ ਹੈ।ਉਹ ਹਰ ਸੀਜ਼ਨ 100 ਏਕੜ ਦੇ ਕਰੀਬ ਆਲੂਆਂ ਦੀ ਖੇਤੀ ਕਰਦੇ ਨੇ ਜਿਸ ਵਿੱਚ ਮਹਿੰਗੇ ਭਾਅ ਦੀਆਂ ਖਾਦਾਂ, ਸਪਰੇਅ ਅਤੇ ਮਜ਼ਦੂਰੀ ਵੀ ਸ਼ਾਮਲ ਹੁੰਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹਰ ਸਾਲ ਖਾਦਾਂ, ਕੀਟਨਾਸ਼ਕਾਂ ਦੀ ਕੀਮਤ ਤਾਂ ਵੱਧਦੀ ਹੈ ਪਰ ਆਲੂਆਂ ਦੀ ਫਸਲ ਦਾ ਮੁੱਲ ਅੱਜ ਤੋਂ ਵੀਹ ਸਾਲ ਪੁਰਾਣਾ ਹੀ ਮਿਲ ਰਿਹਾ ਹੈ।ਐਤਕੀਂ ਕਾਸ਼ਤਕਾਰਾਂ ਨੇ ਇਸ ਫਸਲ ਵਿੱਚੋਂ ਮੁਨਾਫਾ ਤਾਂ ਕੀ ਕਮਾਉਣਾ ਹੈ, ਉਲਟਾ ਆਲੂ ਪੁਟਾਈ ਲਈ ਲੇਬਰ ਦੇ ਖਰਚੇ ਪੂਰੇ ਹੁੰਦੇ ਵੀ ਨਹੀਂ ਦਿੱਸ ਰਹੇ।ਉਨ੍ਹਾਂ ਕਿਹਾ ਕਿ ਕਿਸਾਨ ਦੇ ਖ਼ੂਨ ਪਸੀਨੇ ਨਾਲ ਉਗਾਏ ਆਲੂ ਮੰਡੀਆਂ ਵਿੱਚ ਰੁਲ਼ ਰਹੇ ਨੇ ਜਦੋਂ ਕਿ ਇਨ੍ਹਾਂ ਆਲੂਆਂ ਤੋਂ ਹੀ ਸਰਮਾਏਦਾਰ ਕੰਪਨੀਆਂ ਜੋ ਚਿਪਸ ਤਿਆਰ ਕਰਦੀਆਂ ਨੇ ਉਹ ਮਹਿੰਗੇ ਭਾਅ ਵਿਕਦੇ ਹਨ। ਅਜਿਹੇ ਹਾਲਾਤ ਨੂੰ ਵੇਖਦਿਆਂ ਹੋਇਆਂ ਸਰਕਾਰ ਨੂੰ ਕਿਸਾਨਾਂ ਦੀ ਬਾਂਹ ਜ਼ਰੂਰ ਫੜਨੀ ਚਾਹੀਦੀ ਹੈ ਤੇ ਆਲੂਆਂ ਦੀ ਫਸਲ ਦਾ ਘੱਟੋ ਘੱਟ ਨਿਰਧਾਰਿਤ ਮੁੱਲ ਜ਼ਰੂਰ ਤੈਅ ਕਰਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜਿਵੇਂ ਫਿਰੋਜ਼ਪੁਰ ਦੇ ਇਕ ਕਿਸਾਨ ਨੇ ਆਲੂਆਂ ਦੀ ਫਸਲ ਵਿੱਚ ਪਏ ਘਾਟੇ ਕਾਰਨ ਆਪਣੇ ਪਰਿਵਾਰ ਸਮੇਤ ਖੁਦਕੁਸ਼ੀ ਦੀ ਕੋਸ਼ਿਸ਼ ਕੀਤੀ ਏ ਇਹ ਬਹੁਤ ਹੀ ਮੰਦਭਾਗਾ ਹੈ।ਇਸ ਲਈ ਆਲੂਆਂ ਦੀ ਫਸਲ ਦੀ ਖਰੀਦ ਦੀ ਗਾਰੰਟੀ ਦਿੱਤੀ ਜਾਵੇ।ਅਖੀਰ ਵਿੱਚ ਉਨ੍ਹਾਂ ਕਿਸਾਨ ਭਰਾਵਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਫਸਲਾਂ ਵਿਚ ਪੈਂਦੇ ਘਾਟੇ ਦੇ ਮੱਦੇਨਜ਼ਰ ਕੋਈ ਵੀ ਕਿਸਾਨ ਭਰਾ ਅਜਿਹਾ ਗਲਤ ਕਦਮ ਨਾ ਚੁੱਕੇ ਜਿਸ ਨਾਲ ਉਸਦੀ ਤੇ ਉਸਦੇ ਪਰਿਵਾਰ ਦੀ ਜ਼ਿੰਦਗੀ ਖਤਰੇ ਵਿੱਚ ਪਵੇ।



# ਖਾਰਘਰ (ਨਵੀਂ ਮੁੰਬਈ) ਵਿਖੇ ਹੋਣ ਜਾ ਰਹੇ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਮਹਾਰਾਸ਼ਟਰ ਵਿਖੇ ਤੀਸਰੇ ਪੜਾਅ ' ਖਾਰਗਰ (ਨਵੀਂ ਮੁੰਬਈ) ਦੇ ਉਵੇ ਮੈਦਾਨ ਵਿਖੇ 28 ਫਰਵਰੀ ਦਿਨ ਸ਼ਨੀਵਾਰ ਤੇ 01 ਮਾਰਚ ਦਿਨ ਐਤਵਾਰ ਨੂੰ ਰਾਜ ਪੱਧਰ 'ਤੇ ਮਨਾਏ ਜਾ ਰਹੇ 'ਹਿੰਦ ਦੀ ਚਾਦਰ' ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮਾਂ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦੇ ਚੱਲਦਿਆਂ ਗਰਾਊਂਡ ਅੰਦਰ ਸੁੰਦਰ ਪੰਡਾਲ ਦਾ ਨਿਰਮਾਣ ਕਾਰਜ ਸ਼ੁਰੂ ਕਰ ਦਿੱਤਾ ਗਿਆ ਹੈ।ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਸਹਿਯੋਗ ਨਾਲ ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਪ੍ਰਧਾਨ ਸੰਤ ਸਮਾਜ ਦੀ ਰਹਿਨੁਮਾਈ ਹੇਠ ਹੋ ਰਹੇ ਇਨ੍ਹਾਂ ਦੋ ਦਿਨਾ ਧਾਰਮਿਕ ਸਮਾਗਮਾਂ ਦੌਰਾਨ ਪ੍ਰਧਾਨ ਮੰਤਰੀ ਨੇਰੇਂਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਣਗੇ।ਇਸ ਦੇ ਨਾਲ ਹੀ ਹੋਰ ਵੀ ਬਹੁਤ ਸਾਰੀਆਂ ਪ੍ਰਮੁੱਖ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਹਸਤੀਆਂ ਸਮਾਗਮਾਂ 'ਚ ਹਾਜ਼ਰੀ ਭਰਨਗੀਆਂ।ਇਸ ਮੌਕੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਸਿੱਖ ਕੌਮ ਦੇ ਸ਼ਾਨਦਾਰ ਤੇ ਕੁਰਬਾਨੀਆਂ ਨਾਲ ਭਰੇ ਮਾਣਮੱਤੇ ਇਤਿਹਾਸ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਆਪਣਾ ਸੰਕਲਪ ਦਹਰਾਉਂਦੇ ਹੋਏ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮੁਗਲ ਕਾਲ ਦੌਰਾਨ ਧਰਮ ਤੇ ਸੱਚਾਈ ਲਈ ਆਪਣਾ ਸੀਸ ਨਿਛਾਵਰ ਕਰ ਦਿੱਤਾ ਤੇ ਢਾਲ ਬਣ ਕੇ ਹਿੰਦੂ ਸਮਾਜ ਤੇ ਸੱਭਿਆਚਾਰ ਦੀ ਰੱਖਿਆ ਲਈ ਕੁਰਬਾਨੀ ਦਿੱਤੀ, ਜੋ ਸਵੈ-ਧਰਮ, ਸਹਿਣਸ਼ੀਲਤਾ ਅਤੇ ਮਨੁੱਖਤਾ ਦਾ ਪ੍ਰਤੀਕ ਹੈ।ਉਨ੍ਹਾਂ ਨੇ ਕਿਹਾ ਕਿ ਸਿੱਖ ਸਮੁਦਾਏ ਮਹਾਰਾਸ਼ਟਰ ਦਾ ਅਭਿੰਨ ਅੰਗ ਹੈ ਤੇ ਅੱਜ ਗੁਰੂ ਸਾਹਿਬਾਂ ਦੇ ਸ਼ਤਾਬਦੀ ਸਮਾਗਮ ਮਨਾ ਕੇ ਉਨ੍ਹਾਂ ਨੂੰ ਬਹੁਤ ਖੁਸ਼ੀ ਤੇ ਮਾਣ ਹਾਸਲ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਸਰਕਾਰ ਆਪਣੇ ਸਿੱਖ ਭਰਾਵਾਂ ਦੇ ਨਾਲ ਮਿਲ ਕੇ ਅੱਗੇ ਵੀ ਗੁਰੂ ਸਹਿਬਾਨਾਂ ਦੇ ਗੁਰਪੁਰਬ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਮਨਾਉਂਦੀ ਰਹੇਗੀ।

# ਐਡਵੋਕੇਟ ਸੇਖਵਾਂ ਨੇ ਵੱਖ-ਵੱਖ ਪਿੰਡਾਂ ਦੇ ਮੋਹਤਬਰਾਂ ਨਾਲ ਕੀਤੀ ਮੀਟਿੰਗ



**ਧਾਰੀਵਾਲ/ਕਾਹਨੂੰਵਾਨ, (ਮਨਦੀਪ ਵਿੱਕੀ)**-ਹਲਕਾ ਇੰਚਾਰਜ ਕਾਦੀਆਂ, ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵਲੋਂ ਬਲਾਕ ਕਾਹਨੂੰਵਾਨ ਵਿਖੇ ਵੱਖ-ਵੱਖ ਪਿੰਡਾਂ ਦੇ ਮੋਹਤਬਰਾਂ ਨਾਲ ਪਿੰਡਾਂ ਦੇ ਵਿਕਾਸ ਕਾਰਜਾਂ ਸਬੰਧੀ ਵਿਸ਼ੇਸ਼ ਮਟਿੰਗ ਕੀਤੀ ਗਈ। ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਦੱਸਿਆ ਕਿ ਮੀਟਿੰਗ ਦੌਰਾਨ ਸੜਕਾਂ, ਨਿਕਾਸੀ ਪ੍ਰਬੰਧ, ਪੀਣ ਵਾਲੇ ਪਾਣੀ, ਸਿੱਖਿਆ ਅਤੇ ਸਿਹਤ ਸਹੂਲਤਾਂ ਵਰਗੇ ਮੁੱਦਿਆਂ 'ਤੇ ਗੰਭੀਰ ਚਰਚਾ ਹੋਈ ਅਤੇ ਤੁਰੰਤ ਕਾਰਵਾਈ ਲਈ ਯੋਜਨਾਵਾਂ ਤਿਆਰ ਕੀਤੀਆਂ ਗਈਆਂ। ਉਨ੍ਹਾਂ ਕਿਹਾ ਕਾਦੀਆਂ ਵਿਧਾਨ ਸਭਾ ਹਲਕੇ ਦੇ ਹਰ ਪਿੰਡ ਅੰਦਰ ਬੁਨਿਆਦੀ ਢਾਂਚੇ ਅਤੇ ਬਿਹਤਰ ਸਹੂਲਤਾਂ ਨਾਲ ਵਿਕਾਸ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ ਅਤੇ ਹਲਕੇ ਦੇ ਚਹੁੱਪਖੀ ਵਿਕਾਸ ਲਈ ਉਹ ਦਿਨ ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ।ਹਲਕਾ ਇੰਚਾਰਜ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਹਲਕੇ ਅੰਦਰ ਪਾਰਦਰਸ਼ੀ ਢੰਗ ਨਾਲ ਸਰਬਪੱਖੀ ਵਿਕਾਸ ਕਾਰਜ ਜਾਰੀ ਹਨ ਅਤੇ ਲੋਕਾਂ ਦੀਆਂ ਸਹੂਲਤਾਂ ਨੂੰ ਮੁੱਖ ਰੱਖਦਿਆਂ ਵਿਕਾਸ ਕੰਮ ਕਰਵਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਕਾਦੀਆਂ ਹਲਕੇ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਵੱਖ-ਵੱਖ ਪਿੰਡਾਂ ਵਿੱਚ ਸੜਕ ਬਣਾਉਣ ਦੇ ਕੰਮ ਕਰਵਾਏ ਗਏ ਹਨ ਅਤੇ ਵੱਖ ਵੱਖ ਵਿਕਾਸ ਕਾਰਜ ਪ੍ਰਗਤੀ ਅਧੀਨ ਹਨ।

# ਵਿਧਾਇਕ ਸ਼ੈਰੀ ਕਲਸੀ ਵੱਲੋਂ ਵਾਰਡ ਨੰਬਰ 48 'ਚ ਵਿਕਾਸ ਕਾਰਜਾਂ ਦੀ ਸ਼ੁਰੂਆਤ



**ਬਟਾਲਾ, (ਡਾ.ਮਲਵਿੰਦਰ ਸਿੰਘ)**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲੇ ਹਲਕੇ ਅੰਦਰ ਕਰੋੜਾਂ ਰੁਪਏ ਦੇ ਲਾਗਤ ਨਾਲ ਵਿਕਾਸ ਕਾਰਜ ਕਰਵਾਏ ਗਏ ਹਨ ਅਤੇ ਲੋਕਾਂ ਦੀ ਸਹੂਲਤ ਲਈ ਵਿਕਾਸ ਕਾਰਜ ਜਾਰੀ ਹਨ। ਵਿਧਾਇਕ ਸ਼ੈਰੀ ਕਲਸੀ ਨੇ ਵਾਰਡ ਨੰਬਰ 48 ਵਿਚ ਵਾਰਡ ਵਾਸੀਆਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਗਲੀ ਬਣਾਉਣ ਦਾ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਬਟਾਲਾ ਸ਼ਹਿਰ ਦੇ ਚਹੁੱਪਖੀ ਵਿਕਾਸ ਲਈ ਦ੍ਰਿੜ ਸੰਕਲਪ ਹਨ। ਵਿਧਾਇਕ ਕਲਸੀ ਨੇ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਸਰਬਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਹਲਕੇ ਦੇ ਵਿਕਾਸ ਕੰਮਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ।ਉਨ੍ਹਾਂ ਕਿਹਾ ਕਿ ਬਟਾਲਾ ਹਲਕੇ ਦੇ ਲੋਕਾਂ ਨੇ ਜੋ ਜ਼ਿੰਮੇਵਾਰੀ ਉਨਾਂ ਨੂੰ ਸੌਂਪੀ ਹੈ, ਉਹ ਦਿਨ-ਰਾਤ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ ਅਤੇ ਲੋਕਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ ਅਤੇ ਲੋਕਾਂ ਨੂੰ ਮਿਲ ਕੇ ਉਨਾਂ ਦੀਆਂ ਦੁੱਖ-ਤਕਲੀਫਾਂ ਦੂਰ ਕੀਤੀਆਂ ਜਾ ਰਹੀਆਂ ਹਨ।ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ। ਸ਼ਹਿਰ ਵਿਚਲੇ ਚੌਂਕਾਂ ਨੂੰ ਚੌੜਿਆਂ ਕਰਕੇ ਖੂਬਸੂਰਤ ਦਿੱਖ ਦਿੱਤੀ ਗਈ ਹੈ।ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ।ਵਾਰਡਾਂ ਵਿੱਚ ਗਲੀਆਂ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਅਤੇ ਜਿਨਾਂ ਵਾਰਡਾਂ ਵਿੱਚ ਗਲੀਆਂ ਬਣਾਉਣ ਦਾ ਕੰਮ ਰਹਿ ਗਿਆ ਹੈ, ਉਥੇ ਵੀ ਜਲਦ ਕੰਮ ਸ਼ੁਰੂ ਕਰਵਾਇਆ ਜਾਵੇਗਾ।

# ਸੁਵਿਧਾ ਦੀ ਥਾਂ ਦੁਬਿਧਾ ਦਾ ਸਬੱਬ ਬਣ ਰਹੇ ਨੇ ਤਿੱਬੜੀ ਚੌਕ 'ਚ ਬਣਾਏ ਬੇਤਰਤੀਬੇ ਸਪੀਡ ਬਰੇਕਰ



**ਗੁਰਦਾਸਪੁਰ, (ਜਨਕ ਮਹਾਜਨ)**

ਗੁਰਦਾਸਪੁਰ ਸ਼ਹਿਰ ਅੰਦਰ ਟਰੈਫਿਕ ਦੀ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਤਿੱਬੜੀ ਚੌਕ ਵਿਚ ਬੇਤਰਤੀਬੇ ਬਣਾਏ ਗਏ ਸਪੀਡ ਬਰੇਕਰ ਉਲਟਾ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਇਨ੍ਹਾਂ ਸਪੀਡ ਬਰੇਕਰਾਂ ਦੀ ਉਚਾਈ ਜ਼ਿਆਦਾ ਹੋਣ ਕਾਰਨ ਦੋ ਪਹੀਆ ਵਾਹਨ ਚਲਾ ਰਹੇ ਬਜ਼ੁਰਗਾਂ ਦਾ ਇਥੋਂ ਲੰਘਣਾ ਕਾਫ਼ੀ ਔਖਾ ਹੋਇਆ ਪਿਆ ਹੈ। ਜ਼ਿਕਰਯੋਗ ਹੈ ਕਿ ਤਿੱਬੜੀ ਰੋਡ 'ਤੇ ਰੇਲਵੇ ਲਾਈਨ ਹੇਠ ਅੰਡਰ ਬ੍ਰਿਜ ਬਣਾਇਆ ਗਿਆ ਜਿਸ 'ਤੇ ਦੋ ਸਾਲ ਦੇ ਕਰੀਬ ਸਮਾਂ ਅਤੇ ਲਗਭਗ 14 ਕਰੋੜ ਰੁਪਏ ਖਰਚ ਆਏ ਸਨ ਜਿਸ ਨਾਲ ਰੇਲਵੇ ਫਾਟਕ 'ਤੇ ਬੰਦ ਰਹਿਣ ਕਾਰਨ ਜਿੱਥੇ ਲੋਕਾਂ ਨੂੰ ਕਾਫੀ ਮੁਸ਼ਕਿਲ ਪੇਸ਼ ਆਉਂਦੀ ਸੀ ਉਥੇ ਨਵੇਂ ਬਣੇ ਬੱਸ ਸਟੈਂਡ 'ਤੇ ਆਉਣ ਜਾਣ ਵਾਲੇ ਲੋਕਾਂ ਨੂੰ ਵੀ ਕਾਫੀ ਰਾਹਤ ਮਿਲੀ ਹੈ। ਹੁਣ ਸੰਬੰਧਿਤ ਵਿਭਾਗ ਵੱਲੋਂ ਅੰਡਰ ਬ੍ਰਿਜ ਤਿੱਬੜੀ ਰੋਡ ਨੂੰ ਜਾਂਦੇ ਅਤੇ ਆਉਣ ਸਮੇਂ ਰਸਤੇ ਵਿਚ ਘਰ ਬੇਤਰਤੀਬੇ ਸਪੀਡ ਬਰੇਕਰ ਬਣਾ ਦਿੱਤੇ ਗਏ ਹਨ ਜਿਨ੍ਹਾਂ ਤੋਂ ਲੰਘਣਾ ਵਾਹਨ ਚਾਲਕਾਂ ਦਾ ਬੇਹੱਦ ਔਖਾ ਹੋਇਆ ਪਿਆ ਹੈ। ਇਹ ਸਪੀਡ ਬਰੇਕਰ ਕਾਫੀ ਉਚੇ ਬਣਾ ਦਿੱਤੇ ਗਏ ਹਨ ਜਿਸ ਨਾਲ 2 ਪਹੀਆ ਵਾਹਨ ਚਾਲਕ ਬੜੀ ਮੁਸ਼ਕਿਲ ਨਾਲ ਇਥੋਂ ਗੁਜ਼ਰਦੇ ਹਨ ਅਤੇ ਉਨ੍ਹਾਂ ਦੇ ਡਿਗਣ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਕਈ ਓਵਰਲੋਡ ਚਾਰ ਪਹੀਆ ਚਾਲਕਾਂ ਅਤੇ ਰਿਕਸ਼ੇ 'ਤੇ ਬੈਠੀਆਂ ਸਵਾਰੀਆਂ ਨੂੰ ਇਥੋਂ ਲੰਘਣ ਸਮੇਂ ਕਾਫੀ ਮੁਸ਼ਕਿਲ ਪੇਸ਼ ਆਉਂਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਵਿਭਾਗ ਵੱਲੋਂ ਇਨ੍ਹਾਂ ਸਪੀਡ ਬਰੇਕਰਾਂ ਨੂੰ ਸਹੀ ਤਰੀਕੇ ਨਾਲ ਬਣਾਇਆ ਜਾਵੇ ਤਾਂ ਜੋ ਕੋਈ ਵੀ ਹਾਦਸਾ ਨਾ ਵਾਪਰ ਸਕੇ।

# ਗੁ. ਗੁਰੂ ਕੀ ਬੇਰ ਸਾਹਿਬ ਵਿਖੇ ਹੋਲੇ ਮਹੱਲੇ ਦੇ 57ਵੇਂ ਧਾਰਮਿਕ ਦੀਵਾਨ ਅੱਜ ਤੋਂ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**

ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਧਰਤੀ ਇਤਿਹਾਸਕ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਦੀ ਯੋਗ ਅਗਵਾਈ 'ਚ ਇਲਾਕੇ ਦੀਆਂ ਸਮੂਹ ਸੰਗਤਾਂ ਵੱਲੋਂ ਅੱਜ 18 ਫਰਵਰੀ ਤੋਂ 23 ਫਰਵਰੀ ਤੱਕ ਹੋਲੇ ਮਹੱਲੇ ਦੇ 57ਵੇਂ ਸਾਲਾਨਾ ਧਾਰਮਿਕ ਦੀਵਾਨ ਸ਼ਰਧਾ ਤੇ ਉਤਸ਼ਾਹ ਨਾਲ ਸਜਾਏ ਜਾਣਗੇ।ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ 'ਚ ਦੁਪਹਿਰ 1 ਤੋਂ ਸ਼ਾਮ 5 ਵਜੇ ਤੱਕ ਰੋਜ਼ਾਨਾ ਦੀਵਾਨ ਸਜਿਆ ਕਰਨਗੇ, ਜਿਨ੍ਹਾਂ 'ਚ ਗਿਆਨੀ ਹਰਪਾਲ ਸਿੰਘ ਢੰਡ ਦੇ ਢਾਡੀ ਜਥੇ ਤੋਂ ਇਲਾਵਾ 18 ਫਰਵਰੀ ਨੂੰ ਭਾਈ ਕੁਲਵਿੰਦਰ ਸਿੰਘ ਢਾਡੀ ਜਥਾ, 19 ਫਰਵਰੀ ਨੂੰ ਭਾਈ ਲਖਬੀਰ ਸਿੰਘ ਮਸਤ ਕਵੀਸ਼ਰ, 20 ਨੂੰ ਭਾਈ ਸਤਨਾਮ ਸਿੰਘ ਬੱਲੋਵਾਲੀ, 21 ਫਰਵਰੀ ਨੂੰ ਭਾਈ ਨਿਰਮਲ ਸਿੰਘ ਬਰਿਆਰ ਤੇ ਭਾਈ ਸੁਲੱਖਣ ਸਿੰਘ ਯੂ. ਕੇ., 22 ਫਰਵਰੀ ਨੂੰ ਭਾਈ ਗੁਰਮੁਖ ਸਿੰਘ ਐੱਮ. ਏ. ਅਤੇ 23 ਫਰਵਰੀ ਨੂੰ ਭਾਈ ਸੁਲੱਖਣ ਸਿੰਘ ਰਿਆੜ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਵਾ ਕੇ ਨਿਹਾਲ ਕਰਨਗੇ।ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਟੇਡੀਅਮ ਗੁਰੂ ਕੀ ਬੇਰ ਸਾਹਿਬ ਵਿਖੇ ਕਬੱਡੀ ਦੇ ਮੈਚ ਵੀ ਕਰਵਾਏ ਜਾਣਗੇ।ਇਸ ਦੌਰਾਨ 22 ਫਰਵਰੀ ਨੂੰ ਸੱਦੇ ਹੋਏ ਪਹਿਲਵਾਨਾਂ ਦੇ ਘੋਲ ਹੋਣਗੇ ਅਤੇ 23 ਫਰਵਰੀ ਨੂੰ ਸ਼ਾਮ 4 ਵਜੇ ਮਾਝੇ ਅਤੇ ਮਾਲਵੇ ਦੀਆਂ ਕਬੱਡੀ ਟੀਮਾਂ ਵਿਚਕਾਰ ਜ਼ਬਰਦਸਤ ਮੈਚ ਖੇਡੇ ਜਾਣਗੇ।ਇਸ ਮੌਕੇ ਸੰਤ ਬਾਬਾ ਸੱਜਣ ਸਿੰਘ ਨੇ ਇਲਾਕੇ ਦੀਆਂ ਸੰਗਤਾਂ ਨੂੰ ਹਰ ਰੋਜ਼ ਸਮੇਂ ਸਿਰ ਇਨ੍ਹਾਂ ਦੀਵਾਨਾਂ 'ਚ ਪਹੁੰਚ ਕੇ ਗੁਰੂ ਸਾਹਿਬਾਨ ਦਾ ਇਤਿਹਾਸ ਸੁਣਨ ਤੇ ਖੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਰਣਜੀਤ ਸਿੰਘ ਰਾਣਾ ਬਾਬੋਵਾਲ, ਬਾਬਾ ਰਾਜਾ ਬੁਲਾਰਾ ਅਤੇ ਹੋਰ ਆਗੂ ਹਾਜ਼ਰ ਸਨ।



# ਨਾਨਕਸ਼ਾਹੀ ਸਿੱਖ ਸੇਵਾ ਸੋਸਾਇਟੀ ਵੱਲੋ ਇੱਕ ਚੇਤ ਨੂੰ ਨਵਾਂ ਸਾਲ ਮਨਾਉਣ ਦਾ ਫੈਸਲਾ



**ਧਾਰੀਵਾਲ, (ਮਨਦੀਪ ਵਿੱਕੀ)**

ਨਾਨਕਸ਼ਾਹੀ ਸਿੱਖ ਸੇਵਾ ਸੋਸਾਇਟੀ ਧਾਰੀਵਾਲ ਦੀ ਅਹਿਮ ਬੈਠਕ ਸੰਸਥਾ ਦੇ ਸਰਪਰਸਤ ਜਥੇਦਾਰ ਨਿਰਵੈਰ ਸਿੰਘ ਦੇ ਗ੍ਰਹਿ ਵਿਖੇ ਸੰਸਥਾ ਦੇ ਪ੍ਰਧਾਨ ਬਲਦੇਵ ਸਿੰਘ ਨਿਮਾਣਾ ਦੀ ਪ੍ਰਧਾਨਗੀ ਹੇਠ ਹੋਈ। ਸੰਸਥਾ ਦੇ ਪ੍ਰੈੱਸ ਸਕੱਤਰ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ ਨੇ ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਦੱਸਿਆ ਕਿ ਮੀਟਿੰਗ ਦੀ ਸ਼ੁਰੂਆਤ ਵਿੱਚ ਸੰਸਥਾ ਦੇ ਸਕੱਤਰ ਇੰਜੀਨੀਅਰ ਲਖਵਿੰਦਰ ਸਿੰਘ ਪੰਨੂ ਨੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਅੱਗੇ ਅਰਦਾਸ ਕਰਕੇ ਮੀਟਿੰਗ ਦੀ ਸ਼ੁਰੂਆਤ ਦੀ ਆਗਿਆ ਲਈ। ਇਸ ਦੇ ਉਪਰੰਤ ਸੰਸਥਾ ਦੇ ਖਜ਼ਾਨਚੀ ਹਰਪ੍ਰੀਤ ਸਿੰਘ ਸਭਰਵਾਲ ਨੇ ਪਿਛਲੇ ਸਾਲ ਦਾ ਲੇਖਾ ਜੋਖਾ ਵਿਸਥਾਰ ਪੂਰਵਕ ਦੱਸਿਆ। ਮੀਟਿੰਗ ਦੌਰਾਨ ਨਾਨਕਸ਼ਾਹੀ ਸਿੱਖ ਸੇਵਾ ਸੁਸਾਇਟੀ ਦੇ ਅਹੁਦੇਦਾਰਾਂ ਨੇ ਹਰ ਸਾਲ ਦੀ ਤਰ੍ਹਾਂ ਇੱਕ ਚੇਤ ਨੂੰ ਨਵਾਂ ਸਾਲ ਧਾਰੀਵਾਲ ਸਥਿਤ ਇਤਿਹਾਸਿਕ ਗੁਰਦੁਆਰਾ ਬੁਰਜ ਸਾਹਿਬ ਵਿਖੇ ਦੋ ਰੋਜ਼ਾ ਧਾਰਮਿਕ ਸਮਾਗਮ ਕਰਵਾ ਕੇ ਨਵਾਂ ਸਾਲ ਮਨਾਉਣ ਬਾਰੇ ਸਹਿਮਤੀ ਪ੍ਰਗਟਾਈ। ਸਮਾਗਮ ਵਿੱਚ 12 ਮਾਰਚ ਨੂੰ ਡਾਕਟਰ ਸ਼ਿਵ ਸਿੰਘ ਜੀ ਨਿਸ਼ਕਾਮ ਕੀਰਤਨੀ ਜੱਥਾ ਗੁਰਦਾਸਪੁਰ ਵਾਲੇ, ਹਜ਼ੂਰੀ ਰਾਗੀ ਗੁਰਦੁਆਰਾ ਬੁਰਜ ਸਾਹਿਬ ਅਤੇ ਕੀਰਤਨੀ ਜਥਾ ਨਾਨਕਸ਼ਾਹੀ ਸਿੱਖ ਸੇਵਾ ਸੋਸਾਇਟੀ ਵਾਲੇ ਸੰਗਤਾਂ ਨੂੰ ਕੀਰਤਨ ਕਰਕੇ ਨਾਲ ਨਿਹਾਲ ਕਰਨਗੇ ਅਤੇ 13 ਮਾਰਚ ਨੂੰ ਢਾਡੀ ਜਥੇ ਅਤੇ ਕੌਮ ਦੇ ਪ੍ਰਸਿੱਧ ਕਥਾਵਾਚਕ ਭਾਈ ਮਨਦੀਪ ਸਿੰਘ ਮੁਰੀਦ ਸੰਗਰੂਰ ਵਾਲੇ ਸੰਗਤਾਂ ਨੂੰ ਆਪਣੇ ਬਚਨਾਂ ਰਾਹੀਂ ਨਿਹਾਲ ਕਰਨਗੇ। ਇਸ ਤੋਂ ਇਲਾਵਾ 13 ਮਾਰਚ ਰਾਤ ਨੂੰ 12 ਵਜੇ ਤੋਂ ਬਾਅਦ ਅਨੰਦ ਸਾਹਿਬ ਦਾ ਪਾਠ ਕਰਕੇ ਅਰਦਾਸ ਕਰਕੇ ਨਵੇਂ ਸਾਲ ਦੀ ਸ਼ੁਰੂਆਤ ਕਰਦੇ ਹੋਏ ਅਲੌਕਿਕ ਆਤਿਸ਼ਬਾਜ਼ੀ ਕੀਤੀ ਜਾਵੇਗੀ। ਦੋਵੇਂ ਦਿਨ ਗੁਰੂ ਕਾ ਅਟੁੱਟ ਲੰਗਰ ਵਰਤਾਇਆ ਜਾਵੇਗਾ। ਇੱਕ ਚੇਤ 14 ਮਾਰਚ ਨੂੰ ਇੱਕ ਵਿਸ਼ਾਲ ਨਾਨਕਸ਼ਾਹੀ ਮਾਰਚ ਗੁਰਦੁਆਰਾ ਬੁਰਜ ਸਾਹਿਬ ਤੋਂ ਗੁਰਦੁਆਰਾ ਸਿੰਘ ਸਭਾ ਰਣੀਏ ਤੱਕ ਨਿਹੰਗ ਸਿੰਘਾਂ ਦੀ ਅਗਵਾਈ ਵਿੱਚ ਸੰਗਤਾਂ ਦੇ ਸਹਿਯੋਗ ਨਾਲ ਕੱਢਿਆ ਜਾਵੇਗਾ। ਮੀਟਿੰਗ ਦੀ ਸੰਸਥਾ ਦੇ ਮੀਤ ਪ੍ਰਧਾਨ ਡਾਕਟਰ ਕਮਲਜੀਤ ਸਿੰਘ ਕੇਜੇ, ਐਕਟਿਵ ਮੈਂਬਰ ਦਲਜੀਤ ਸਿੰਘ ਛੋਟੇਪੁਰ ਆਦਿ ਸਮੇਤ ਹੋਰ ਵੀ ਹਾਜ਼ਰ ਸਨ।

# ਆਰ. ਡੀ. ਖੋਸਲਾ ਡੀਏਵੀ ਸਕੂਲ 'ਚ ਕਰਵਾਇਆ 43ਵਾਂ ਇਨਾਮ ਵੰਡ ਤੇ ਸੱਭਿਆਚਾਰਕ ਪ੍ਰੋਗਰਾਮ

## ਸਮੁੱਚਾ ਪ੍ਰੋਗਰਾਮ 'ਭਾਰਤੀ ਆਤਮਾ ਦੀਆਂ ਜੀਵਨ ਰੇਖਾਵਾਂ 'ਨਦੀਆਂ' ਵਿਸ਼ੇ 'ਤੇ ਰਿਹਾ ਕੇਂਦਰਿਤ

**ਬਟਾਲਾ (ਡਾ. ਮਲਵਿੰਦਰ ਸਿੰਘ)**

ਆਰ. ਡੀ. ਖੋਸਲਾ ਡੀਏਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦਾ 43ਵਾਂ ਭਾਗ-2 ਇਨਾਮ ਵੰਡ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ।ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਐੱਸਐੱਸਪੀ ਬਟਾਲਾ ਡਾ. ਮਹਿਤਾਬ ਸਿੰਘ ਸਨ।ਇਸ ਮੌਕੇ ਸਕੂਲ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ, ਪ੍ਰਿੰ. ਡਾ: ਬਿੰਦੂ ਭੱਲਾ, ਪ੍ਰਬੰਧਕੀ ਕਮੇਟੀ ਮੈਂਬਰ ਵਰਿੰਦਰ ਕਾਂਸਰਾ, ਕਮਲ ਅਰੋੜਾ, ਮੋਨਿਕਾ ਖੋਸਲਾ ਤੇ ਮਨੀਸ਼ਾ ਖੋਸਲਾ ਨੇ ਜੋਤੀ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।ਇਸ ਪ੍ਰੋਗਰਾਮ ਦਾ ਵਿਸ਼ਾ ਭਾਰਤੀ ਆਤਮਾ ਦੀਆਂ ਜੀਵਨ ਰੇਖਾਵਾਂ 'ਨਦੀਆਂ' ਸੀ ਜਿਸ ਵਿੱਚ ਦਰਸਾਇਆ ਗਿਆ ਕਿ ਨਦੀਆਂ ਕੇਵਲ ਜਲ ਦਾ ਸਰੋਤ ਹੀ ਨਹੀਂ ਸਗੋਂ ਸਾਡੀ ਸੱਭਿਅਤਾ ਦੀਆਂ ਸੰਦੇਸ਼ ਵਾਹਕ ਹਨ।ਨਦੀਆਂ ਪਹਾੜਾਂ ਤੋਂ ਉਤਰ ਕੇ ਸਮੁੰਦਰ ਤੱਕ ਜਾਂਦੀਆਂ ਹਨ।ਨਦੀਆਂ ਦਾ ਸੰਗੀਤ ਸਾਡੇ ਜੀਵਨ ਵਿੱਚ ਸਮਾਇਆ ਹੋਇਆ ਹੈ।ਇਹ ਮਨੁੱਖ ਨੂੰ ਜੀਵਨ ਦਿੰਦੀਆਂ ਹਨ ।ਨਦੀਆਂ ਸਿਰਫ ਪਾਣੀ ਦਾ ਸਾਧਨ ਨਹੀਂ ਸਗੋਂ ਸਾਡੇ ਲੋਕਾਂ ਦੀ ਪਹਿਚਾਣ ਹਨ। ਨਦੀਆਂ ਵਪਾਰ ਤੇ ਸੱਭਿਆਚਾਰਕ ਸਾਂਝ ਦਾ ਜ਼ਰੀਆ ਹਨ ।ਨਦੀਆਂ ਸਿਰਫ ਜਲ ਹੀ ਨਹੀਂ ਸਗੋਂ ਸਭਿਅਤਾ, ਸੰਸਕ੍ਰਿਤੀ ਅਤੇ ਜੀਵਨ ਦਾ ਸੰਗੀਤ ਹਨ। ਇਸ ਮੌਕੇ ਵਿਦਿਆਰਥੀਆਂ ਨੇ ਨਦੀਆਂ ਦੇ ਜੀਵਨ ਵਿੱਚ ਮਹੱਤਵ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਪ੍ਰਿੰ. ਡਾ: ਬਿੰਦੂ ਭੱਲਾ ਨੇ ਸਮੂਹ ਮਹਿਮਾਨਾਂ, ਪ੍ਰਬੰਧਕ ਕਮੇਟੀ ਮੈਂਬਰਾਂ, ਮਾਪਿਆਂ, ਮੀਡੀਆ ਨੂੰ ਜੀ ਆਇਆਂ ਕਿਹਾ। ਉਨ੍ਹਾਂ ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹੀ ਅਤੇ ਨਾਲ ਹੀ ਯੋਗਾ ਅਤੇ ਖੇਡਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਜਿੱਥੇ ਇੱਕ ਪਾਸੇ ਇਹ ਸਕੂਲ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸਕੂਲ ਹੈ, ਉਥੇ ਹੀ ਦੂਜੇ ਪਾਸੇ ਸਾਹਿਤਕ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ ਵਿੱਚ ਵੀ ਵਿਸ਼ੇਸ਼ ਭੂਮਿਕਾ ਨਿਭਾ ਰਿਹਾ ਹੈ।ਸਕੂਲ ਦੇ ਲੜਕੇ-ਲੜਕੀਆਂ ਨੇ ਕ੍ਰਿਕਟ, ਕੁਸ਼ਤੀ, ਟੇਬਲ ਟੈਨਿਸ, ਹੈਂਡਬਾਲ, ਬੈਡਮਿੰਟਨ, ਵਾਲੀਬਾਲ ਵਰਗੀਆਂ ਖੇਡਾਂ ਵਿੱਚ ਰਾਜ ਅਤੇ ਰਾਸ਼ਟਰੀ ਪੱਧਰ ਤੇ ਵਿਸ਼ੇਸ਼ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ।ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਦੱਸਿਆ ਕਿ ਜੀਵਨ ਇੱਕ ਰੰਗ ਮੰਚ ਹੈ। ਉਮੀਦ, ਉਤਸ਼ਾਹ ਤੇ ਦ੍ਰਿੜ ਨਿਸ਼ਚੇ ਨਾਲ ਜੀਵਨ ਵਿੱਚ ਹਰ ਮੁਕਾਮ ਹਾਸਿਲ ਕੀਤਾ ਜਾ ਸਕਦਾ ਹੈ। ਸਕੂਲ ਦੇ ਪ੍ਰਧਾਨ ਅਜੇ ਖੋਸਲਾ ਨੇ ਸਕੂਲ ਵਿੱਚ ਆਏ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਬੋਲਦਿਆਂ ਮੁੱਖ ਮਹਿਮਾਨ ਡਾ. ਮਹਿਤਾਬ ਸਿੰਘ ਨੇ ਕਿਹਾ ਕਿ ਬੱਚਿਆਂ ਨੂੰ ਬਚਪਨ ਤੋਂ ਹੀ ਅਨੁਸ਼ਾਸਨ ਵਿੱਚ ਰੱਖਣਾ ਚਾਹੀਦਾ ਹੈ। ਪ੍ਰੋਗਰਾਮ ਦੇ ਅੰਤ ਵਿੱਚ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਵਿਸ਼ੇਸ਼ ਮਹਿਮਾਨ ਅੰਮ੍ਰਿਤ ਕਲਸੀ ਨੇ ਪ੍ਰੋਗਰਾਮ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਉਨ੍ਹਾਂ ਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ। ਸਕੂਲ ਦੀ ਪ੍ਰਬੰਧਕੀ ਕਮੇਟੀ ਵੱਲੋਂ ਮੁੱਖ ਮਹਿਮਾਨ ਐੱਸ. ਐੱਸ. ਪੀ. ਡਾ. ਮਹਿਤਾਬ ਸਿੰਘ ਨੂੰ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਡਾ. ਨਰਿੰਦਰ ਖੁੱਲਰ, ਅੰਮ੍ਰਿਤ ਕਲਸੀ, ਬੀ. ਬੀ. ਵਿੱਗ, ਸੁਨੀਲ ਖੋਸਲਾ, ਗੌਰਵ ਸੇਠ, ਹੀਰਾ ਵਾਲੀਆ, ਕਰਨਲ ਨਵਨੀਤ ਜੈਸਵਾਲ, ਨਰੇਸ਼ ਮਹਾਜਨ, ਭੂਸ਼ਣ ਬਜਾਜ ਮੌਜੂਦ ਸਨ।



18-Feb-PAGE-4.qxd 2/17/2026 10:32 PM Page 1

ਨਵਾਂ ਜ਼ਮਾਨਾ
ਬੁੱਧਵਾਰ, 18 ਫਰਵਰੀ 2026

# ਆਦਿਵਾਸੀਆਂ 'ਤੇ ਚਲਦਾ ਕੁਹਾੜਾ

*ਸਰਕਾਰ ਆਦਿਵਾਸੀਆਂ ਦੇ ਹਿੱਤਾਂ ਬਾਰੇ ਲੰਮੀਆਂ-ਚੌੜੀਆਂ ਗੱਲਾਂ ਕਰਦੀ ਹੈ, ਪਰ ਵਿਕਾਸ ਦੇ ਜਿਸ ਰਾਹ 'ਤੇ ਚੱਲ ਰਹੀ ਹੈ, ਉਹ ਸਿਰਫ ਕਾਰਪੋਰੇਟਾਂ ਦੇ ਵਿਕਾਸ ਦਾ ਹੀ ਰਾਹ ਹੈ। ਸੰਸਦ ਵਿੱਚ ਪੇਸ਼ ਬਜਟ ਦੇ ਛਿਲਕੇ ਜਿਵੇਂ-ਜਿਵੇਂ ਉਤਰ ਰਹੇ ਹਨ, ਤਿਵੇਂ-ਤਿਵੇਂ ਸਰਕਾਰ ਦਾ ਆਦਿਵਾਸੀ ਚਿਹਰਾ ਸਾਫ ਨਜ਼ਰ ਆ ਰਿਹਾ ਹੈ। ਨੀਤੀ ਆਯੋਗ ਨੇ ਸਰਕਾਰ ਨੂੰ ਬਜਟ ਵਿੱਚ ਕੁੱਲ ਖਰਚ ਦਾ 8.6 ਫੀਸਦੀ ਅਨੁਸੂਚਿਤ ਜਾਤਾਂ 'ਤੇ ਖਰਚ ਕਰਨ ਦਾ ਨਿਰਦੇਸ਼ ਦਿੱਤਾ ਹੈ, ਜੋ ਆਬਾਦੀ ਦੇ ਉਨ੍ਹਾਂ ਦੇ ਹਿੱਸੇ ਦੇ ਬਰਾਬਰ ਹੈ। ਮੋਦੀ ਸਰਕਾਰ ਬਜਟ ਪੇਪਰਾਂ ਦੇ ਹਿੱਸੇ ਦੇ ਤੌਰ 'ਤੇ 'ਅਨੁਸੂਚਿਤ ਜਨਜਾਤੀਆਂ ਦੀ ਭਲਾਈ ਲਈ ਫੰਡ ਅਲਾਟਮੈਂਟ' ਦੇ ਨਾਂਅ ਇੱਕ ਵੱਖਰੀ ਸਟੇਟਮੈਂਟ ਨੰਬਰ 10 ਬੀ ਪ੍ਰਕਾਸ਼ਤ ਕਰਦੀ ਹੈ, ਜਿਸ ਵਿੱਚ ਹਰ ਮੰਤਰਾਲੇ ਤੋਂ ਆਦਿਵਾਸੀ ਜਨਜਾਤੀਆਂ ਲਈ ਨਿਸਚਿਤ ਰਕਮ ਖਰਚ ਕਰਨ ਦੀ ਉਮੀਦ ਕੀਤੀ ਜਾਂਦੀ ਹੈ। 2025-26 ਵਿੱਚ ਰੱਖੀ ਗਈ ਰਕਮ ਕੁੱਲ ਬਜਟ ਦਾ ਸਿਰਫ 2.58 ਫੀਸਦੀ ਸੀ, ਪਰ ਉਹ ਵੀ ਖਰਚ ਨਹੀਂ ਹੋਈ। ਇੱਕ ਲੱਖ 30 ਹਜ਼ਾਰ ਕਰੋੜ ਰੁਪਏ ਰੱਖੇ ਗਏ ਸਨ, ਪਰ ਖਰਚ ਮਸਾਂ 700 ਕਰੋੜ ਰੁਪਏ ਹੋਏ, ਪਰ ਸਟੇਟਮੈਂਟ ਨੰਬਰ 10 ਬੀ ਵਿੱਚ ਦਿਖਾਏ ਗਏ ਅਖੌਤੀ ਖਰਚ ਦਾ ਵੀ ਅਸਲ ਵਿੱਚ ਆਦਿਵਾਸੀ ਭਲਾਈ ਨਾਲ ਕੋਈ ਲੈਣਾ-ਦੇਣਾ ਨਹੀਂ। ਮਿਸਾਲ ਦੇ ਤੌਰ 'ਤੇ ਆਈ ਆਈ ਟੀ ਵਿੱਚ ਅਨੁਸੂਚਿਤ ਜਨਜਾਤੀਆਂ ਲਈ 700 ਕਰੋੜ ਤੋਂ ਵੱਧ ਰਕਮ ਖਰਚ ਹੋਈ ਦੱਸੀ ਗਈ ਹੈ, ਪਰ ਆਰ ਟੀ ਆਈ ਦੇ ਜਵਾਬਾਂ ਤੋਂ ਪਤਾ ਲੱਗਦਾ ਹੈ ਕਿ ਕਈ ਆਈ ਆਈ ਟੀ ਵਿੱਚ ਅਨੁਸੂਚਿਤ ਜਨਜਾਤੀਆਂ ਦੇ ਸਿਰਫ 2 ਫੀਸਦੀ ਵਿਦਿਆਰਥੀ ਹੀ ਪੜ੍ਹ ਰਹੇ ਸਨ, ਜੋ ਉਨ੍ਹਾਂ ਲਈ ਨਿਰਧਾਰਤ 7.5 ਫੀਸਦੀ ਰਿਜ਼ਰਵੇਸ਼ਨ ਨਾਲੋਂ ਬਹੁਤ ਘੱਟ ਹੈ ਅਤੇ ਕਈ ਵਿਭਾਗਾਂ ਵਿੱਚ ਤਾਂ ਅਨੁਸੂਚਿਤ ਜਨਜਾਤੀ ਦੇ ਵਿਦਿਆਰਥੀਆਂ ਦੀ ਗਿਣਤੀ ਸਿਫਰ ਸੀ। ਇਸ ਤਰ੍ਹਾਂ ਆਈ ਆਈ ਟੀ ਵਿਦਿਆਰਥੀਆਂ 'ਤੇ 700 ਕਰੋੜ ਰੁਪਏ ਕਿਵੇਂ ਖਰਚ ਹੋ ਗਏ। ਸੈਮੀ-ਕੰਡਕਟਰ ਇਕਾਈਆਂ ਬਣਾਉਣ ਵਿੱਚ 561 ਕਰੋੜ ਰੁਪਏ ਅਨੁਸੂਚਿਤ ਜਨਜਾਤੀਆਂ ਦੀ ਭਲਾਈ ਵਜੋਂ ਪਾਏ ਗਏ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਇਕਾਈਆਂ ਨਿੱਜੀ ਖੇਤਰ ਵਿੱਚ ਹਨ। ਉਂਜ ਵੀ ਇਸ ਦਾ ਅਨੁਸੂਚਿਤ ਜਨਜਾਤੀਆਂ ਦੀ ਭਲਾਈ ਨਾਲ ਕੀ ਲੈਣਾ-ਦੇਣਾ ਹੈ?*

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਦਿਵਾਸੀ ਬਹੁਗਿਣਤੀ ਵਾਲੇ ਝਾਰਖੰਡ ਦੀ ਅਸੈਂਬਲੀ ਚੋਣ ਤੋਂ ਪਹਿਲਾਂ ਜਨ-ਮਨ ਯੋਜਨਾ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਨੌਂ ਮੰਤਰਾਲੇ ਇਸ ਲਈ ਫੰਡ ਦੇਣਗੇ। 2025-26 ਵਿੱਚ ਇਸ ਤਹਿਤ 6351.99 ਕਰੋੜ ਰੁਪਏ ਖਰਚੇ ਜਾਣੇ ਸਨ, ਪਰ ਖਰਚੇ ਸਿਰਫ 3997 ਕਰੋੜ ਹੀ ਗਏ। ਇੱਕ ਹੋਰ ਯੋਜਨਾ 'ਧਰਤੀ ਆਬਾ ਜਨਜਾਤੀ ਗ੍ਰਾਮ ਉਤਕਰਸ਼ ਅਭਿਯਾਨ' ਤਹਿਤ 2025-26 ਵਿੱਚ 6105 ਕਰੋੜ ਰੱਖੇ ਗਏ ਸਨ, ਪਰ ਖਰਚੇ ਸਿਰਫ 2186 ਕਰੋੜ ਰੁਪਏ। ਅਨੁਸੂਚਿਤ ਜਾਤੀਆਂ ਦੇ ਬੱਚਿਆਂ ਲਈ ਬਿਹਤਰੀਨ ਪੜ੍ਹਾਈ ਵਾਸਤੇ ਏਕਲਵਯ ਸਕੂਲ ਖੋਲ੍ਹਣ ਦਾ ਪਿਛਲੇ ਸਾਲ ਐਲਾਨ ਕੀਤਾ ਗਿਆ ਸੀ। ਇਸ ਲਈ 7088.60 ਕਰੋੜ ਰੱਖੇ ਗਏ, ਪਰ ਖਰਚੇ ਸਿਰਫ 4900 ਕਰੋੜ। 728 ਸਕੂਲ ਬਣਾਉਣੇ ਸਨ, ਪਰ ਬਣੇ 245 ਹੀ।*

*ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਆਦਿਵਾਸੀਆਂ ਦੀ ਭਲਾਈ ਦੇ ਮੰਤਰਾਲੇ ਨੇ ਪਿਛਲੇ ਸਾਲ 14861 ਕਰੋੜ 96 ਲੱਖ ਰੁਪਏ ਖਰਚਣੇ ਸਨ, ਪਰ ਸਿਰਫ 10745 ਕਰੋੜ 16 ਲੱਖ ਹੀ ਖਰਚੇ। ਇਸ ਨੇ ਕਰੀਬ 35 ਫੀਸਦੀ ਫੰਡ ਨਹੀਂ ਖਰਚਿਆ, ਜੋ ਕਿ ਆਦਿਵਾਸੀਆਂ ਨਾਲ ਬਹੁਤ ਵੱਡਾ ਧੋਖਾ ਹੈ।*

*ਇਹ ਸਭ ਉਸ ਸਮੇਂ ਹੋ ਰਿਹਾ ਹੈ, ਜਦੋਂ ਲੱਖਾਂ ਆਦਿਵਾਸੀ ਵਿਕਾਸ ਪ੍ਰੋਜੈਕਟਾਂ ਦੇ ਨਾਂਅ 'ਤੇ ਨਿੱਜੀ ਖਣਨ, ਬਿਜਲੀ ਤੇ ਸਿੰਜਾਈ ਪ੍ਰੋਜੈਕਟਾਂ ਕਾਰਨ ਬੇਘਰ ਹੋ ਰਹੇ ਹਨ। ਸਰਕਾਰ ਨੇ ਨਿੱਜੀਕਰਨ ਨੀਤੀਆਂ ਦੇ ਚਲਦਿਆਂ ਸਰਵਜਨਕ ਸੰਪਤੀ ਨੂੰ ਕਾਰਪੋਰੇਟਾਂ ਹਵਾਲੇ ਕਰਕੇ ਕਰੀਬ 90 ਹਜ਼ਾਰ ਕਰੋੜ ਰੁਪਏ ਜੁਟਾਉਣ ਦਾ ਟੀਚਾ ਰੱਖਿਆ ਹੈ। ਇਸ ਨਾਲ ਆਦਿਵਾਸੀਆਂ ਦੇ ਜਲ, ਜ਼ਮੀਨ ਤੇ ਜੰਗਲ ਦੇ ਅਧਿਕਾਰਾਂ 'ਤੇ ਮਾਰ ਪੈਣੀ ਹੈ। ਮਨਰੇਗਾ ਨੂੰ ਖਤਮ ਕਰਨ ਦਾ ਵੀ ਬਹੁਤਾ ਨੁਕਸਾਨ ਆਦਿਵਾਸੀਆਂ ਦਾ ਹੋਣਾ ਹੈ, ਕਿਉਂਕਿ ਇਸ ਦਾ ਆਪਣੀ ਆਬਾਦੀ ਨਾਲੋਂ ਦੁੱਗਣੇ ਤੋਂ ਵੀ ਵੱਧ ਅਤੇ ਕੁੱਲ ਮਨਰੇਗਾ ਮਜ਼ਦੂਰਾਂ ਦਾ ਕਰੀਬ 20 ਫੀਸਦੀ ਹਿੱਸਾ ਮਨਰੇਗਾ ਸਹਾਰੇ ਸੀ। ਮਨਰੇਗਾ ਦੀ ਥਾਂ ਲਿਆਂਦੀ 'ਜੀ-ਰਾਮ-ਜੀ' ਯੋਜਨਾ ਨਾਲ ਇਹ ਰੁਜ਼ਗਾਰ ਗਰੰਟੀ ਵੀ ਉਨ੍ਹਾਂ ਤੋਂ ਖੋਹ ਲਈ ਗਈ ਹੈ।*

## ਹਾਕਮ ਦਾ ਹਥਿਆਰ ਈ ਡੀ

*ਰਲਿਆ 'ਖੋਟ' ਜਦ ਸੋਨੇ 'ਚੋਂ ਕੱਢਦਾ ਏ,*
*'ਸੇਕ ਅੱਗ' ਦਾ ਦੇਵੇ ਸੁਨਿਆਰ ਮੀਆਂ।*
*ਕੱਢੇ 'ਚਿੱਬ' ਜਦ ਪਿੱਤਲ ਦੇ ਭਾਂਡਿਆਂ 'ਚੋਂ,*
*ਸੱਟ ਮਾਰਦਾ 'ਠਾਹ' ਠਠਿਆਰ ਮੀਆਂ,*
*'ਵਿੰਗੀ' ਇੱਟ ਨੂੰ ਕੰਧ ਵਿੱਚ ਚਿਣਨ ਵੇਲੇ,*
*'ਤੇਸੀ' ਮਾਰਦਾ ਜਿਉਂ ਦਸਤਕਾਰ ਮੀਆਂ।*
*ਹਲ ਵਾਹੁੰਦਿਆਂ ਬਲਦ ਜੇ ਸਿਆੜ ਭੰਨੇ,*
*ਪੁੜੇ ਉੱਪਰ ਝੱਟ ਪੈਂਦੀ ਏ 'ਆਰ' ਮੀਆਂ।*
*ਫੜ੍ਹਾਂ ਫੋਕੀਆਂ ਮਾਰਨ ਤੋਂ ਕਾਇਰ ਹਟਦੇ,*
*ਸੁਣ ਕੇ 'ਸੂਰਮੇ' ਵਾਲੀ ਲਲਕਾਰ ਮੀਆਂ,*
*ਵਿੰਗਾ ਹੋ ਰਿਹਾ ਸਿੱਧਾ 'ਕੋਈ' ਕਰਨ ਵੇਲੇ,*
*ਹਾਕਮ ਵਰਤਦੇ 'ਈ ਡੀ' ਹਥਿਆਰ ਮੀਆਂ!*

*-ਤਰਲੋਚਨ ਸਿੰਘ ਦੁਪਾਲਪੁਰ, 001-408-905-5517*

# ਜੈਫਰੀ ਐਪਸਟੀਨ ਦਾ ਕਾਲਾ ਸੱਚ



ਡਾ. ਕ੍ਰਿਸ਼ਨ ਲਾਲ

ਜੈਫਰੀ ਐਪਸਟੀਨ ਦਾ ਮਾਮਲਾ 21ਵੀਂ ਸਦੀ ਦੇ ਸਭ ਤੋਂ ਵੱਡੇ ਅਪਰਾਧਿਕ ਅਤੇ ਸਿਆਸੀ ਸਕੈਂਡਲਾਂ ਵਿੱਚੋਂ ਇੱਕ ਹੈ। ਇਹ ਸਿਰਫ਼ ਇੱਕ ਇਨਸਾਨ ਦੇ ਗੁਨਾਹਾਂ ਦੀ ਕਹਾਣੀ ਨਹੀਂ, ਸਗੋਂ ਇਹ ਦੁਨੀਆ ਦੇ ਸਭ ਤੋਂ ਤਾਕਤਵਰ ਲੋਕਾਂ, ਅਰਬਪਤੀਆਂ ਅਤੇ ਰਾਜਨੇਤਾਵਾਂ ਦੇ ਇੱਕ ਅਜਿਹੇ ਨੈੱਟਵਰਕ ਦਾ ਖੁਲਾਸਾ ਕਰਦਾ ਹੈ, ਜੋ ਕਾਨੂੰਨ ਤੋਂ ਉਪਰ ਹੋਣ ਦਾ ਭਰਮ ਪਾਲੀ ਬੈਠੇ ਸਨ। ਇਹ ਕੇਸ ਸਿਰਫ ਇਹ ਦੱਸਦਾ ਹੈ ਕਿ ਜਦੋਂ ਦੌਲਤ ਅਤੇ ਤਾਕਤ ਕਾਨੂੰਨ ਦੇ ਸਾਹਮਣੇ ਆਉਂਦੀਆਂ ਹਨ, ਤਾਂ ਨਿਆਂ ਪ੍ਰਣਾਲੀ ਕਿਵੇਂ ਦਬਾਅ ਵਿੱਚ ਆ ਜਾਂਦੀ ਹੈ।

ਅਮਰੀਕਾ ਤੋਂ ਯੂਰਪ ਤੱਕ ਫੈਲੀਆਂ ਐਪਸਟਾਈਨ ਫਾਈਲਾਂ ਨੇ ਸਿਆਸਤਦਾਨਾਂ, ਰਾਜਦੂਤਾਂ, ਅਰਬਪਤੀਆਂ ਅਤੇ ਸ਼ਾਹੀ ਪਰਵਾਰਾਂ ਲਈ ਜਾਂਚ ਦੀ ਗਰਮੀ ਲਿਆ ਦਿੱਤੀ ਹੈ। ਅਮਰੀਕੀ ਨਿਆਂ ਵਿਭਾਗ ਵੱਲੋਂ ਲਗਭਗ 30 ਲੱਖ ਪੰਨਿਆਂ ਦੇ ਦਸਤਾਵੇਜ਼ ਜਾਰੀ ਕਰਨ ਤੋਂ ਬਾਅਦ ਹੁਣ ਤੱਕ 10 ਦੇਸ਼ਾਂ ਦੇ 15 ਤੋਂ ਵੱਧ ਉੱਚ ਅਧਿਕਾਰੀਆਂ ਨੂੰ ਆਪਣੇ ਅਹੁਦੇ ਗੁਆਉਣੇ ਪਏ ਹਨ, ਜਦੋਂ ਕਿ ਸੱਤਾ ਦੇ ਸਿਖਰ 'ਤੇ ਬੈਠੇ 80 ਤੋਂ ਵੱਧ ਵੱਡੇ ਨਾਵਾਂ ਵਿਰੁੱਧ ਅਧਿਕਾਰਤ ਜਾਂਚ ਚੱਲ ਰਹੀ ਹੈ। ਬ੍ਰਿਟੇਨ ਵਿੱਚ ਐਪਸਟੀਨ ਬਾਰੇ ਖੁਲਾਸੇ ਨੇ ਇੱਕ ਰਾਜਨੀਤਕ ਸੰਕਟ ਪੈਦਾ ਕਰ ਦਿੱਤਾ ਹੈ, ਜਿਸ ਵਿੱਚ ਬ੍ਰਿਟਿਸ਼ ਅਤੇ ਨਾਰਵੇਈ ਸ਼ਾਹੀ ਪਰਿਵਾਰ ਜਾਂਚ ਅਧੀਨ ਹਨ। ਜੈਫਰੀ ਐਪਸਟੀਨ ਇੱਕ ਅਮਰੀਕੀ ਫਾਈਨਾਂਸਰ ਸੀ ਜਿਸ ਨੇ ਨਿਊਯਾਰਕ ਦੇ ਵਾਲ ਸਟਰੀਟ ×#39;ਤੇ ਆਪਣਾ ਸਿੱਕਾ ਜਮਾਇਆ। ਉਸ ਕੋਲ ਅਥਾਹ ਪੈਸਾ ਸੀ, ਮੌਤ ਵੇਲੇ ਉਸ ਦੀ ਸੰਪਤੀ 580 ਮਿਲੀਅਨ ਡਾਲਰ ਸੀ। ਐਪਸਟੀਨ ਕੋਈ ਬਹੁਤ ਵੱਡਾ ਬਿਜ਼ਨੈੱਸਮੈਨ ਨਹੀਂ ਸੀ, ਫਿਰ ਵੀ ਉਸ ਕੋਲ ਅਰਬਾਂ ਰੁਪਏ ਸਨ। ਵਿਕਟੋਰੀਆ ਸੀਕਰੇਟ ਦੇ ਮਾਲਕ ਲੈਸ ਵੈਕਸਨਰ ਐਪਸਟੀਨ ਦੇ ਸਭ ਤੋਂ ਵੱਡੇ ਕਲਾਇੰਟ ਸਨ ਅਤੇ ਉਹਨਾ ਹੀ ਐਪਸਟੀਨ ਨੂੰ ਅਮੀਰ ਬਣਾਇਆ ਸੀ।

ਐਪਸਟੀਨ ਦੇ ਸ਼ੌਕ ਬਹੁਤ ਅਜੀਬ ਅਤੇ ਡਰਾਉਣੇ ਸਨ: ਉਹ ਚਾਹੁੰਦਾ ਸੀ ਕਿ ਡੀ ਐਨ ਏ ਰਾਹੀਂ ਇੱਕ ਨਵੀਂ ਇਨਸਾਨੀ ਨਸਲ ਪੈਦਾ ਕੀਤੀ ਜਾਵੇ। ਉਸ ਨੇ ਨਿਊ ਮੈਕਸੀਕੋ ਵਿੱਚ ਇੱਕ ਫਾਰਮ ਬਣਾਇਆ ਸੀ, ਜਿੱਥੇ ਉਹ ਕਈ ਔਰਤਾਂ ਨੂੰ ਰੱਖ ਕੇ 'ਸੁਪਰ-ਬੱਚੇ' ਪੈਦਾ ਕਰਨ ਦੀ ਯੋਜਨਾ ਬਣਾ ਰਿਹਾ ਸੀ। ਉਸ ਨੇ ਸਟੀਫਨ ਹਾਕਿੰਗ ਵਰਗੇ ਵੱਡੇ ਵਿਗਿਆਨੀਆਂ ਨੂੰ ਆਪਣੇ ਟਾਪੂ 'ਤੇ ਬੁਲਾਇਆ ਸੀ। ਉਹ ਚਾਹੁੰਦਾ ਸੀ ਕਿ ਵਿਗਿਆਨ ਰਾਹੀਂ ਉਹ 'ਅਮਰ' ਹੋ ਜਾਵੇ, ਪਰ ਉਸ ਦੀ ਸਭ ਤੋਂ ਵੱਡੀ ਤਾਕਤ ਉਸ ਦੇ ਸੰਪਰਕ ਸਨ। ਉਸ ਨੇ ਵਿਗਿਆਨੀਆਂ, ਫਿਲਮੀ ਸਿਤਾਰਿਆਂ ਅਤੇ ਦੁਨੀਆ ਭਰ ਦੇ ਰਾਸ਼ਟਰਪਤੀਆਂ ਨਾਲ ਗੂੜ੍ਹੀ ਦੋਸਤੀ ਪਾਲੀ ਹੋਈ ਸੀ। ਐਪਸਟੀਨ ਕੋਲ ਵਰਜਿਨ ਆਈਲੈਂਡਜ਼ ਵਿੱਚ ਇੱਕ ਨਿੱਜੀ ਟਾਪੂ ਸੀ, ਜਿਸ ਨੂੰ 'ਪਾਪ ਦਾ ਟਾਪੂ'; ਕਿਹਾ ਜਾਣ ਲੱਗਿਆ। ਉਹ ਨਾਬਾਲਗ ਕੁੜੀਆਂ ਨੂੰ ਮਾਡਲਿੰਗ ਜਾਂ ਨੌਕਰੀ ਦਾ ਝਾਂਸਾ ਦੇ ਕੇ ਫਸਾਉਂਦਾ ਸੀ। ਹੁਣ ਤੱਕ 100 ਤੋਂ ਵੱਧ ਔਰਤਾਂ ਨੇ ਸਾਹਮਣੇ ਆ ਕੇ ਦੱਸਿਆ ਹੈ ਕਿ ਐਪਸਟੀਨ ਅਤੇ ਉਸ ਦੀ ਸਾਥੀ ਘਿਸਲੇਨ ਮੈਕਸਵੈੱਲ ਨੇ ਕਿਵੇਂ ਉਹਨਾਂ ਦੀ ਜ਼ਿੰਦਗੀ ਬਰਬਾਦ ਕੀਤੀ। ਉਹ ਆਪਣੇ ਤਾਕਤਵਰ ਦੋਸਤਾਂ ਨੂੰ ਇੱਥੇ ਬੁਲਾਉਂਦਾ ਸੀ ਅਤੇ ਉਨ੍ਹਾਂ ਨੂੰ ਇਨ੍ਹਾਂ ਕੁੜੀਆਂ ਰਾਹੀਂ ਸਹੂਲਤਾਂ ਪ੍ਰਦਾਨ ਕਰਦਾ ਸੀ। ਐੱਫ ਬੀ ਆਈ ਦੇ ਅੰਦਰੂਨੀ ਮੈਮੋਜ਼ ਵਿੱਚ ਲਿਖਿਆ ਹੈ ਕਿ ਐਪਸਟੀਨ ਦੇ ਨਿਊਯਾਰਕ ਮਹਿਲ ਅਤੇ ਟਾਪੂ 'ਤੇ ਲੁਕਵੇਂ ਕੈਮਰੇ ਅਤੇ ਰਿਕਾਰਡਿੰਗ ਡਿਵਾਈਸਾਂ ਮਿਲੀਆਂ ਸਨ। ਇਹ ਇਸ ਗੱਲ ਦਾ ਸਬੂਤ ਹੈ ਕਿ ਉਹ ਤਾਕਤਵਰ ਲੋਕਾਂ ਦੀਆਂ ਵੀਡੀਓ ਬਣਾ ਕੇ ਉਨ੍ਹਾਂ ਨੂੰ ਬਲੈਕਮੇਲ ਕਰਦਾ ਸੀ। ਹਾਲ ਹੀ ਵਿੱਚ ਜਾਰੀ ਹੋਈਆਂ ਫਾਈਲਾਂ ਵਿੱਚੋਂ ਕੁਝ ਅਹਿਮ ਤੱਥ ਸਾਹਮਣੇ ਆਏ ਹਨ। ਹੁਣ ਤੱਕ ਦਸਤਾਵੇਜ਼ਾਂ ਵਿੱਚ 15 ਦੇਸ਼ਾਂ ਦੇ ਅਮੀਰ ਵਿਅਕਤੀਆਂ, ਸਿਆਸਤਦਾਨਾਂ ਅਤੇ ਅੰਤਰਰਾਸ਼ਟਰੀ ਸ਼ਖ਼ਸੀਅਤਾਂ ਦੇ ਨਾਂਅ ਸ਼ਾਮਲ ਹਨ। ਫਾਈਲਾਂ ਵਿੱਚ 700 ਤੋਂ 1,000 ਪ੍ਰਭਾਵਸ਼ਾਲੀ ਲੋਕਾਂ ਦੇ ਈਮੇਲ, ਫਲਾਈਟ ਲੌਗ ਅਤੇ ਸੰਪਰਕ ਰਿਕਾਰਡ ਹਨ, ਜਿਨ੍ਹਾਂ ਵਿੱਚ 100 ਸਿਆਸਤਦਾਨ ਅਤੇ ਸੀਨੀਅਰ ਡਿਪਲੋਮੈਟ, 200 ਅਰਬਪਤੀ ਅਤੇ ਕਾਰਪੋਰੇਟ ਦਿੱਗਜ਼ ਸ਼ਾਮਲ ਹਨ ਅਤੇ 1000 ਤੋਂ ਵੱਧ ਨਾਬਾਲਗ ਕੁੜੀਆਂ ਅਤੇ ਨੌਜਵਾਨ ਔਰਤਾਂ ਦੇ ਜਿਨਸੀ ਸ਼ੋਸ਼ਣ ਬਾਰੇ ਖੁਲਾਸੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਐਪਸਟੀਨ ਦੇ ਫਲੋਰਿਡਾ ਕਲੱਬ ਵਿੱਚ ਦੋਸਤ ਰਹੇ। ਫਲਾਈਟ ਲੋਗਸ ਵਿੱਚ 7 ਵਾਰ ਜ਼ਿਕਰ ਹੈ। ਟਰੰਪ ਨੇ ਕਿਹਾ ਕਿ 2004 ਵਿੱਚ ਉਹਨਾ ਦੀ ਦੋਸਤੀ ਟੁੱਟ ਗਈ ਸੀ। ਸਾਬਕਾ ਇਜ਼ਰਾਈਲੀ ਪੀ ਐੱਮ ਏਹੁਦ ਬਾਰਕ ਦਾ ਐਪਸਟੀਨ ਦੇ ਨਿਊਯਾਰਕ ਮਹਿਲ ਵਿੱਚ ਕਈ ਵਾਰ ਜਾਣ ਦਾ ਰਿਕਾਰਡ ਮਿਲਿਆ ਹੈ। ਜਹਾਜ਼ ਦੇ ਮੈਨੀਫੈਸਟ ਵਿੱਚ ਹਾਲੀਵੁੱਡ ਅਦਾਕਾਰ ਕੇਵਿਨ ਸਪੇਸੀ, ਮਾਡਲ ਨਾਓਮੀ ਕੈਂਪਬੈਲ, ਕ੍ਰਿਸ ਟਕਰ, ਵੂਡੀ ਐਲਨ ਅਤੇ ਮਸ਼ਹੂਰ ਵਿਗਿਆਨੀ ਸਟੀਫਨ ਹਾਕਿੰਗ, ਲਾਰੈਂਸ ਕਰੌਸ, ਮਾਰਵਿਨ ਮਿੰਸਕੀ ਦੇ ਨਾਂਅ ਵੀ ਮਿਲੇ ਹਨ। 1996 ਦੀ ਸ਼ਿਕਾਇਤ ਦਾ ਡਾਟਾ ਦੱਸਦਾ ਹੈ ਕਿ ਐੱਫ ਬੀ ਆਈ ਨੂੰ ਮਾਰੀਆ ਫਾਰਮਰ ਨਾਂਅ ਦੀ ਔਰਤ ਨੇ 1996 ਵਿੱਚ ਹੀ ਐਪਸਟੀਨ ਦੇ ਗਲਤ ਕੰਮਾਂ ਬਾਰੇ ਜਾਣਕਾਰੀ ਦੇ ਦਿੱਤੀ ਸੀ, ਪਰ ਏਜੰਸੀ ਨੇ ਅਗਲੇ 10 ਸਾਲਾਂ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ। 2026 ਦੀਆਂ ਨਵੀਆਂ ਫਾਈਲਾਂ ਅਨੁਸਾਰ ਐੱਫ ਬੀ ਆਈ ਨੂੰ 2006 ਵਿੱਚ ਹੀ ਐਪਸਟੀਨ ਦੇ ਨੈੱਟਵਰਕ ਬਾਰੇ ਪੂਰੀ ਜਾਣਕਾਰੀ ਸੀ, ਪਰ ਸਿਆਸੀ ਦਬਾਅ ਕਾਰਨ ਕਾਰਵਾਈ ਢਿੱਲੀ ਰਹੀ। ਵਰਜੀਨੀਆ ਜਿਊਫਰੇ ਨੇ ਇਲਜ਼ਾਮ ਲਾਇਆ ਕਿ ਜਦੋਂ ਉਹ ਨਾਬਾਲਗ ਸੀ ਬ੍ਰਿਟਿਸ਼ ਰਾਇਲ ਫੈਮਿਲੀ ਦੇ ਪ੍ਰਿੰਸ ਐਂਡਰਿਊ ਨੇ ਉਸ ਦਾ ਸ਼ੋਸ਼ਣ ਕੀਤਾ।

ਮੈਕਸਵੈੱਲ, ਜੋ ਇਸ ਵੇਲੇ 20 ਸਾਲ ਦੀ ਸਜ਼ਾ ਕੱਟ ਰਹੀ ਹੈ, ਉਸ 'ਤੇ ਕੁੜੀਆਂ ਨੂੰ ਸਪਲਾਈ ਕਰਨ ਦਾ ਦੋਸ਼ ਸਾਬਤ ਹੋਇਆ। ਮਾਡਲਿੰਗ ਏਜੰਟ ਜੀਨ-ਲੂਕ ਬਰੂਨਲ ਨੇ ਕਈ ਕੁੜੀਆਂ ਨੂੰ ਮਾਡਲਿੰਗ ਦਾ ਝਾਂਸਾ ਦੇ ਕੇ ਐਪਸਟੀਨ ਕੋਲ ਭੇਜਿਆ। ਜੇਲ੍ਹ ਵਿੱਚ ਇਸ ਨੇ ਵੀ ਖੁਦਕੁਸ਼ੀ ਕਰ ਲਈ ਸੀ। 10 ਅਗਸਤ 2019 ਨੂੰ ਨਿਊਯਾਰਕ ਦੀ ਹਾਈ-ਸਕਿਉਰਿਟੀ ਜੇਲ੍ਹ ਵਿੱਚ ਐਪਸਟੀਨ ਦੀ ਮੌਤ ਹੋ ਗਈ। ਸਰਕਾਰ ਨੇ ਇਸ ਨੂੰ ਖੁਦਕੁਸ਼ੀ ਕਿਹਾ, ਪਰ ਜੇਲ੍ਹ ਦੇ ਕੈਮਰੇ ਉਸ ਰਾਤ ਖਰਾਬ ਸਨ ਅਤੇ ਗਾਰਡ ਸੌਂ ਰਹੇ ਸਨ। ਕਈ ਮਾਹਰਾਂ ਦਾ ਮੰਨਣਾ ਹੈ ਕਿ ਉਸ ਨੂੰ ਮਾਰਿਆ ਗਿਆ ਸੀ, ਤਾਂ ਜੋ ਉਹ ਵੱਡੇ ਲੋਕਾਂ ਦੇ ਨਾਂਅ ਨਾ ਲੈ ਸਕੇ।

ਜੈਫਰੀ ਐਪਸਟੀਨ ਕੇਸ ਮਨੁੱਖੀ ਇਤਿਹਾਸ ਦੇ ਸਭ ਤੋਂ ਸ਼ਰਮਨਾਕ ਅਧਿਆਵਾਂ ਵਿੱਚੋਂ ਇੱਕ ਹੈ। ਭਾਵੇਂ ਐਪਸਟੀਨ ਮਰ ਚੁੱਕਾ ਹੈ,ਪਰ ਉਸ ਨਾਲ ਜੁੜਿਆ ਸਿਸਟਮਅਜੇ ਵੀ ਕਈ ਸਵਾਲ ਖੜ੍ਹੇ ਕਰਦਾ ਹੈ। ਇਹ ਰਿਪੋਰਟ ਸਾਬਤ ਕਰਦੀ ਹੈ ਕਿ ਜਦੋਂ ਪੈਸਾ ਅਤੇ ਤਾਕਤ ਇਕੱਠੇ ਹੁੰਦੇ ਹਨ, ਤਾਂ ਉਹ ਕਾਨੂੰਨ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦੀ ਕੋਸ਼ਿਸ਼ ਕਰਦੇ ਹਨ। ਇਨਸਾਫ਼ ਅਜੇ ਵੀ ਅਧੂਰਾ ਹੈ, ਕਿਉਂਕਿ ਕਈ ਕਲਾਇੰਟਸ ਅਜੇ ਵੀ ਆਜ਼ਾਦ ਹਨ। ਹੁਣ ਤੱਕ ਦੀ ਜਾਣਕਾਰੀ ਅਨੁਸਾਰ ਇਹ ਸਭ ਸਿਰਫ ਸੋਸ਼ਲ ਮੀਡੀਆ ਦੀਆਂ ਅਫਵਾਹਾਂ ਅਤੇ ਰਾਜਨੀਤਕ ਬਹਿਸ ਦਾ ਹਿੱਸਾ ਹਨ, ਪਰ ਇਹ ਗੱਲ ਸਮਝਣੀ ਬਹੁਤ ਜ਼ਰੂਰੀ ਹੈ ਕਿ ਕਿਸੇ ਦਾ ਨਾਂਅ ਕਿਸੇ ਦਸਤਾਵੇਜ਼ ਵਿੱਚ ਆ ਜਾਣਾ ਆਪਣੇ ਆਪ ਵਿੱਚ ਦੋਸ਼ ਸਾਬਤ ਨਹੀਂ ਕਰਦਾ। ਕਾਨੂੰਨ ਅਨੁਸਾਰ ਦੋਸ਼ ਸਿਰਫ ਅਦਾਲਤ ਵਿੱਚ ਪੱਕੇ ਸਬੂਤਾਂ ਨਾਲ ਹੀ ਸਾਬਤ ਹੁੰਦਾ ਹੈ।

**# ਸੰਪਰਕ : 62831-16797**

# ਪੱਤਰਕਾਰੀ ਦਾ ਡਿੱਗਦਾ ਗ੍ਰਾਫ



ਗੁਰਜਿੰਦਰ ਸਿੰਘ ਸਾਹਦੜਾ

ਪਹਿਲਾਂ-ਪਹਿਲ ਜਦੋਂ ਅਖਬਾਰਾਂ ਛਪਣੀਆਂ ਸ਼ੁਰੂ ਹੋਈਆਂ ਤਾਂ ਇਲਾਕੇ 'ਚ ਹੋਣ ਵਾਲੀਆਂ ਸਰਗਰਮੀਆਂ ਜਾਂ ਘਟਨਾਵਾਂ ਨਾਲ ਸੰਬੰਧਤ ਖ਼ਬਰਾਂ ਚਿੱਠੀ/ਪੱਤਰ ਰਾਹੀਂ ਲਿਖ ਕੇ ਅਖ਼ਬਾਰਾਂ ਦੇ ਦਫਤਰ ਭੇਜੀਆਂ ਜਾਂਦੀਆਂ ਸਨ। ਇਹ ਕੰਮ ਕਰਨ ਵਾਲੇ ਲੋਕਾਂ (ਪ੍ਰਤੀਨਿਧੀਆਂ) ਨੂੰ ਪੱਤਰਕਾਰ ਦਾ ਨਾਂਅ ਦਿੱਤਾ ਗਿਆ। ਪੱਤਰਕਾਰੀ ਸਮਾਜ ਦਾ ਇੱਕ ਅੰਗ ਬਣ ਗਿਆ ਤੇ ਇਸ ਨੂੰ ਲੋਕਤੰਤਰ ਦੇ ਚੌਥੇ ਸਤੰਭ ਦਾ ਦਰਜਾ ਪ੍ਰਾਪਤ ਹੋਇਆ, ਜੋ ਕਿ ਬਿਲਕੁਲ ਢੁਕਵਾਂ ਤੇ ਸਹੀ ਸੀ। ਓਦੋਂ ਅਖ਼ਬਾਰਾਂ ਵੀ ਨਿਰਪੱਖ ਹੁੰਦੀਆਂ ਸਨ ਤੇ ਪੱਤਰਕਾਰ ਵੀ। ਅਨੁਸ਼ਾਸਨ ਐਨਾ ਕਿ ਜੇ ਕੋਈ ਪੱਤਰਕਾਰ ਵਿਕ ਗਿਆ ਤਾਂ ਉਸ ਨੂੰ ਸੰਬੰਧਤ ਅਖਬਾਰ 'ਚੋਂ ਕੱਢ ਦਿੱਤਾ ਜਾਂਦਾ ਸੀ। ਹੌਲੀ-ਹੌਲੀ ਹਾਲਾਤ ਬਦਲਣ ਲੱਗੇ। ਸਮੇਂ ਨਾਲ ਸੰਚਾਰ ਦੇ ਸਾਧਨ ਵਧਦੇ ਗਏ ਤੇ ਇੱਕ ਤੋਂ ਬਾਅਦ ਇੱਕ, ਨਿੱਤ ਨਵੀਂ ਤਬਦੀਲੀ ਆਉਂਦੀ ਗਈ। ਪੱਤਰਾਂ ਰਾਹੀਂ ਜਾਣਕਾਰੀ ਭੇਜਣ ਦੀ ਦਿਸ਼ਾ ਹੀ ਬਦਲ ਗਈ। ਖਬਰਾਂ ਪਹਿਲਾਂ ਫੈਕਸ ਹੋਣ ਲੱਗੀਆਂ ਤੇ ਬਾਅਦ 'ਚ ਈ ਮੇਲ ਰਾਹੀਂ ਭੇਜੀਆਂ ਜਾਣ ਲੱਗੀਆਂ। ਅੱਜ-ਕੱਲ੍ਹ ਤੇ ਕਿਤੇ ਜਾਣ ਦੀ ਲੋੜ ਈ ਨਹੀਂ ਪੈਂਦੀ, ਘਰੇ ਬੈਠੇ ਸਿੱਧਾ ਮੋਬਾਇਲ ਰਾਹੀਂ ਹੀ ਸਾਰਾ ਕੰਮ ਹੋ ਜਾਂਦਾ ਏ। ਜਿੱਥੇ ਤੇ ਜਿਹਨੂੰ ਮਰਜ਼ੀ, ਜੋ ਮਰਜ਼ੀ ਭੇਜ ਦੇਵੋ। ਸਮੇਂ ਨਾਲ ਪੱਤਰਕਾਰਾਂ ਦੇ ਹੱਥ ਵਿੱਚ ਮਾਈਕ, ਆਵਾਜ਼ ਰਿਕਾਰਡਰ ਤੋਂ ਹੁੰਦੇ ਹੋਏ ਕੈਮਰੇ ਤੇ ਕੈਮਰਿਆਂ ਵਾਲੇ ਮੋਬਾਇਲ ਆ ਗਏ। ਸਿਰਫ ਇੱਕ ਯੰਤਰ ਨਾਲ ਹੀ ਸਾਰਾ ਕੰਮ ਹੋਣ ਲੱਗਾ। ਨਿਰਪੱਖਤਾ ਤੇ ਇਮਾਨਦਾਰੀ ਦਾ ਸਮਾਂ ਦੂਰ ਹੁੰਦਾ ਗਿਆ ਤੇ ਇੱਕ ਨਵਾਂ ਦੌਰ ਸ਼ੁਰੂ ਹੋ ਗਿਆ ਚਾਪਲੂਸੀ ਦਾ, ਵਿਕਣ ਦਾ, ਬਲੈਕਮੇਲਿੰਗ ਦਾ ਤੇ ਕਮਾਈ ਦਾ ਦੌਰ, ਜਿਸ ਪੱਤਰਕਾਰੀ ਨੂੰ ਲੋਕਤੰਤਰ ਦੇ ਚੌਥੇ ਸਤੰਭ ਦਾ ਦਰਜਾ ਪ੍ਰਾਪਤ ਸੀ, ਹੁਣ ਉਹ ਥੰਮ੍ਹ ਲੋਕਤੰਤਰ ਲਈ ਕਲੰਕ ਅਤੇ ਗ੍ਰਹਿਣ ਸਾਬਤ ਹੋਣ ਲੱਗਾ। ਹਾਲ ਇਹ ਹੋ ਗਿਆ ਹੈ ਕਿ ਅੱਜ ਲੋਕਤੰਤਰ ਦਾ ਇਹ ਮਜ਼ਬੂਤ ਸਤੰਭ ਸਿਉਂਕ ਤੇ ਜੰਗਾਲ ਦੀ ਭੇਟ ਚੜ੍ਹ ਕੇ ਖੋਖਲਾ ਹੋ ਗਿਆ ਏ। ਕਦੀ ਪੱਤਰਕਾਰ ਨੂੰ ਅਖਬਾਰਾਂ ਕੋਲੋਂ ਖ਼ਬਰਾਂ ਲਾਉਣ ਲਈ ਮਾਣ-ਭੱਤੇ ਅਤੇ ਸਨਮਾਨ ਦੇ ਤੌਰ 'ਤੇ ਧਨ-ਰਾਸ਼ੀ ਮਿਲਦੀ ਸੀ, ਪਰ ਹੁਣ ਦਾ ਪੱਤਰਕਾਰ ਇਸ ਸਭ 'ਤੇ ਨਿਰਭਰ ਨਹੀਂ ਰਿਹਾ। ਹੁਣ ਖ਼ਬਰਾਂ ਲਾਉਣ ਨਾਲੋਂ ਖ਼ਬਰਾਂ ਰੋਕਣ ਦੇ ਨੋਟ ਮਿਲਦੇ ਨੇ, ਉਨ੍ਹਾਂ ਕੋਲੋਂ ਜਿਹੜੇ ਕਿ ਕਾਲੇ ਧੰਦੇ ਅਤੇ ਇਸ ਨਾਲ ਜੁੜੇ ਕਾਰੋਬਾਰ ਕਰਦੇ ਨੇ। ਅਖ਼ਬਾਰਾਂ ਨਾਲ ਜੁੜੇ ਪੱਤਰਕਾਰ ਘਟਦੇ ਜਾ ਰਹੇ ਨੇ। ਅਖਬਾਰ ਨੂੰ ਖ਼ਬਰ ਭੇਜਣ ਤੇ ਲਗਾਉਣ ਨਾਲੋਂ ਕੈਮਰੇ ਨਾਲ ਵੀਡੀਓ ਬਣਾ ਕੇ 'ਕੱਟ-ਵੱਢ' ਕਰ ਕੇ ਨੈੱਟ 'ਤੇ ਛੋਟਾ ਜਿਹਾ ਕਲਿੱਪ ਚਲਾਉਣ ਨੂੰ ਤਰਜੀਹ ਦਿੱਤੀ ਜਾਣ ਲੱਗੀ ਹੈ। ਬਹੁਗਿਣਤੀ ਮੀਡੀਆ ਦੇ ਲੋਕ ਪੇਸ਼ੇਵਰ ਹੋ ਗਏ ਨੇ ਅਤੇ ਪੱਤਰਕਾਰੀ ਅਜਿਹੇ ਲੋਕਾਂ ਲਈ ਮਹਿਜ਼ ਧੰਦਾ ਬਣ ਕੇ ਰਹਿ ਗਈ ਹੈ। ਕਿਸੇ ਸਮੇਂ ਅਜਿਹੇ ਲੋਕ ਆਟੇ ਵਿੱਚ ਲੂਣ ਦੇ ਬਰਾਬਰ ਸਨ, ਪਰ ਅੱਜ ਸਾਰੀ ਦਾਲ ਹੀ ਕਾਲੀ ਹੋ ਗਈ ਏ। ਹਾਂ, ਕੁਝ ਵਿਰਲੇ-ਟਾਵੇਂ ਜ਼ਰੂਰ ਇਸ ਡਿਗ ਰਹੇ ਸਤੰਭ ਨੂੰ ਡਾਹ ਲਾਈ ਖੜੇ ਨੇ, ਪਰ ਬਹੁਤ ਘੱਟ। ਸਮਾਜਿਕ ਖ਼ਬਰਾਂ ਲਗਾ ਕੇ ਕੋਈ ਪੱਤਰਕਾਰ ਰਾਜ਼ੀ ਨਹੀਂ, ਪਰ ਰਾਜਨੀਤਕ ਲੋਕਾਂ ਦੀਆਂ ਖ਼ਬਰਾਂ ਧੜਾ-ਧੜ ਥੋਕ ਦੇ ਭਾਅ ਲੱਗ ਰਹੀਆਂ ਨੇ।

ਮੇਰੇ ਖੁਦ ਦੇ ਦੇਖਣ ਦੀ ਗੱਲ ਹੈ ਇਹੋ ਜਿਹੇ ਇੱਕ ਅਖੌਤੀ ਪੱਤਰਕਾਰ ਨੇ ਕਿਸੇ ਘਟਨਾ ਦੀ ਵੀਡੀਓ ਬਣਾ ਲਈ। ਸਬੱਬੀਂ ਮੈਂ ਵੀ ਕੋਲ ਹੀ ਖੜ੍ਹਾ ਸੀ। ਉਸ ਨੂੰ ਕਿਹਾ ਕਿ ਪੋਸਟ ਬਣਾ ਕੇ ਨੈੱਟ 'ਤੇ ਪਾ ਦੇ। ਕਹਿੰਦਾ ਰੁਕੋ ਅਖਬਾਰ ਨੂੰ ਖਬਰ ਭੇਜਣੀ ਹੈ, ਛਪਣ ਤੋਂ ਬਾਅਦ ਪਾਵਾਂਗਾ। ਦੋ ਕੁ ਦਿਨ ਬਾਅਦ ਮਿਲਿਆ ਤਾਂ ਖ਼ਬਰ ਬਾਰੇ ਪੁੱਛਣ 'ਤੇ ਕਹਿਣ ਲੱਗਾ, ਯਾਰ ਬੰਦੇ ਮੂੰਹ-ਮੱਥੇ ਲੱਗਦੇ ਸਨ ਤੇ ਮਿੰਨਤਾਂ ਈ ਕਰਨ ਲੱਗ ਗਏ। ਮੈਂ ਸਮਝ ਗਿਆ ਕਿ 'ਮੂੰਹ-ਮੱਥੇ' ਵਾਲੀ ਗੱਲ ਨਹੀਂ, ਸਗੋਂ ਮੂੰਹ ਈ ਕਾਲਾ ਕਰਵਾ ਲਿਆ ਏ।

ਇੱਕ ਹੋਰ ਘਟਨਾ ਵਿੱਚ ਪੁਲਸ ਨੇ ਕਿਸੇ ਅਮੀਰਜ਼ਾਦੇ ਦੀ ਗੱਡੀ ਰੋਕ ਕੇ ਤਲਾਸ਼ੀ ਲੈਣ ਉਪਰੰਤ ਕਾਲੀਆਂ ਜਾਲੀਆਂ ਲਾਹ ਕੇ ਆਪਣੀ ਗੱਡੀ ਵਿੱਚ ਰਖਵਾ ਲਈਆਂ ਅਤੇ ਚਿਤਾਵਨੀ ਦੇ ਕੇ ਛੱਡ ਦਿੱਤਾ। ਕੋਲ ਈ ਇੱਕ ਹੋਰ 'ਮੀਡੀਆ ਵਾਲਾ' ਖੜ੍ਹਾ ਸੀ। ਮੈਂ ਕਿਹਾ ਪਾ ਦੇ ਪੋਸਟ। ਕਹਿੰਦਾ ਬੰਦੇ ਖ਼ਤਰਨਾਕ ਨੇ, ਐਵੇਂ ਰਾਹ-ਵਾਟੇ ਘੇਰ ਕੇ ਕੰਮ ਕਰ ਦੇਣਗੇ। ਇਵੇਂ ਹੀ ਇੱਕ ਹੋਰ ਮਿੱਤਰ ਨੂੰ ਕੋਈ ਸਮਾਜਿਕ ਖ਼ਬਰ ਲਗਾਉਣ ਲਈ ਭੇਜੀ, ਪਰ ਉਸ ਨੇ ਕੋਈ ਹੁੰਗਾਰਾ ਈ ਨ੍ਹੀਂ ਭਰਿਆ। ਅਜਿਹੇ ਵਿੱਚ ਸਾਖ ਬਚਾਉਣ ਦਾ ਇੱਕੋ ਤਰੀਕਾ ਬਚਿਆ ਏ ਕਿ ਜਿਸ ਤਰਾਂ ਪੱਤਰ ਵਿਹਾਰ ਬੰਦ ਹੋ ਗਿਆ ਏ, ਇਸੇ ਤਰ੍ਹਾਂ ਸਮੇਂ ਮੁਤਾਬਕ ਪੱਤਰਕਾਰ ਸ਼ਬਦ ਦਾ ਵੀ ਨਾਂਅ ਬਦਲ ਕੇ ਹੁਣ ਦੇ ਸਾਧਨਾਂ ਤੇ ਕੰਮਾਂ ਨਾਲ ਮਿਲਦਾ-ਜੁਲਦਾ ਨਾਂਅ ਰੱਖ ਦੇਣਾ ਚਾਹੀਦਾ ਏ। ਘੱਟੋ-ਘੱਟ ਆਉਣ ਵਾਲੀ ਨਵੀਂ ਪੀੜ੍ਹੀ ਨੂੰ ਕੋਈ ਭੁਲੇਖਾ ਤਾਂ ਨਹੀਂ ਰਹੇਗਾ ਤੇ ਇਸ ਪਵਿੱਤਰ ਤੇ ਸੱਚੇ-ਸੁੱਚੇ ਸ਼ਬਦ ਦੀ ਹੋਂਦ ਤਾਂ ਬਰਕਰਾਰ ਰਹਿ ਜਾਊ।

**# ਸੰਪਰਕ : 98153-02341**

# ਪੰਜਾਬ ਦੀ ਸਿਆਸਤ ਦਾ ਰੋਲ-ਘਚੋਲਾ!

**ਕੇਵਲ ਸਿੰਘ**

ਪੰਜਾਬ ਸਿਆਸਤ ਦੀ ਸਹੀ ਸਮਝ ਵਾਲਿਆਂ ਦੀ ਲਗਾਤਾਰ ਪੈਦਾ ਥੁੜ੍ਹ ਕਾਰਨ ਸਿਆਸੀ ਅਸਥਿਰਤਾ ਦਾ ਸੰਤਾਪ ਪਿਛਲੇ ਕਈ ਦਹਾਕਿਆਂ ਤੋਂ ਭੋਗ ਰਿਹਾ ਹੈ। ਪੰਜਾਬ ਦੀ ਇਤਿਹਾਸਕ ਤੇ ਭੂਗੋਲਿਕ ਸਮਝ ਸੂਝ ਵਾਲੇ ਉਹ ਆਗੂ, ਜੋ ਪੰਜਾਬ ਨੂੰ ਆਪਣੇ ਅੰਦਰ ਜੀਊ ਰਹੇ ਹੋਣ, ਸਹੀ ਅਰਥਾਂ ਵਿੱਚ ਲੱਭਣੇ ਹੀ ਔਖੇ ਹਨ। ਸੰਨ 1947 ਤੋਂ ਪਹਿਲਾਂ ਪੰਜਾਬ ਦਾ ਸਿਆਸਤਦਾਨ ਇਕ ਨੁਕਾਤੀ ਸਿਆਸਤ ਨੂੰ ਸਮਰਪਤ ਸੀ ਦੇਸ਼ ਦੀ ਆਜ਼ਾਦੀ! ਦੇਸ਼ ਦੀ ਆਜ਼ਾਦੀ!! ਦੇਸ਼ ਦੀ ਆਜ਼ਾਦੀ!!!

ਪੰਜਾਬ ਦੇ ਅਸਲੀ ਵਾਰਸ ਕੇਵਲ ਤੇ ਕੇਵਲ ਸਿੱਖ ਹੀ ਰਹੇ ਹਨ। ਜਿਨ੍ਹਾਂ ਪਾਸ ਗੁਰੂ ਬਖਸ਼ਿਸ਼ ਦੀ ਗੁੜ੍ਹਤੀ ਸਰਬੱਤ ਦੇ ਭਲੇ ਵਾਲੀ ਹੈ। ਜਿਨ੍ਹਾਂ ਦੀ ਰੂਹ ਅੰਦਰ ਇਨਸਾਨੀਅਤ ਦਾ ਸਬਕ ਰਗ-ਰਗ, ਰੇਸ਼ੇ-ਰੇਸ਼ੇ ਗੁਰੂ ਜੀ ਵਸਾਇਆ ਹੋਇਆ ਹੈ। ਸਿੱਖ ਕਹਾਉਣ ਵਾਲਿਆਂ ਲਈ ਪੰਜਾਬ ਉਨ੍ਹਾਂ ਦੀਆਂ ਜਾਤੀ ਗਰਜਾਂ ਪੂਰੀਆਂ ਕਰਨ ਵਾਲੀ ਧਰਤੀ ਨਹੀਂ, ਬਲਕਿ ਪੰਜਾਬ ਗੁਰੂ ਨਦਰਿ ਤੋਂ ਵਰੋਸਾਈ ਹੋਈ ਉਹ ਧਰਤੀ ਹੈ, ਜਿੱਥੇ ਗੁਰੂ ਜੀ ਰਾਜਾ-ਰੰਕ ਬਰਾਬਰੀ ਦਾ ਵਰਤਾਰਾ ਪਹਿਲੇ ਜਾਮੇ ਤੋਂ ਦਸਵੇਂ ਜਾਮੇ ਤੱਕ ਆਪਣੇ ਕਰਨੀਨਾਮੇ ਰਾਹੀਂ ਵਰਤਾਂਦੇ ਹਨ। ਉਸ ਨੂੰ ਬਰਕਰਾਰ ਰੱਖਣ ਦੀ ਜ਼ਿੰਮੇਵਾਰੀ ਆਪਣੇ ਨਾਦੀ ਪੁੱਤਰ ਖ਼ਾਲਸਾ ਪੰਥ ਨੂੰ ਬਖਸ਼ੀ ਹੈ।

ਅੱਜ ਪੰਜਾਬ ਵਾਸੀਆਂ ਨੂੰ ਜਿਨ੍ਹਾਂ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ ਵਿੱਚ ਇਕ ਇਹ ਵੀ ਚੁਣੌਤੀ ਹੈ ਕਿ ਕੀ ਪੰਜਾਬ ਦੇ ਜਾਇਆਂ ਵਿਚੋਂ ਪੰਜਾਬ ਦਾ ਮੋਹ ਤਥਾ ਪਕੜ ਕਿਸੇ ਵੱਡੀ ਰਣਨੀਤੀ ਅਧੀਨ ਖਤਮ ਕਰਨ ਦਾ ਮਨਸੂਬਾ ਭਾਰਤੀ ਹਾਕਮਾਂ ਤੇ ਇਥੋਂ ਦੀਆਂ ਖੁਫੀਆਂ ਨੀਤੀਆਂ ਚਲਾਉਣ ਵਾਲੀਆਂ ਤਾਕਤਾਂ ਨੇ ਤਾਂ ਨਹੀਂ ਬਣਾਇਆ?

ਅੰਗਰੇਜ਼ੀ ਹਕੂਮਤ ਦਾ ਬੋਰੀ-ਬਿਸਤਰਾ ਗੋਲ ਪੰਜਾਬ ਦੇ ਦੂਲਿਆਂ ਨੇ ਹੀ ਕੀਤਾ ਸੀ। ਅੱਜ ਉਨ੍ਹਾਂ ਦੂਲਿਆਂ ਦੀਆਂ ਨਸਲਾਂ ਪੰਜਾਬ ਨੂੰ ਛੱਡ ਕੇ ਉਨ੍ਹਾਂ ਅੰਗਰੇਜ਼ਾਂ ਦੀ ਭਾਂਤ-ਸੁਭਾਂਤੀ ਗ਼ੁਲਾਮੀ ਕਰਨ ਲਈ ਸੋਨੇ ਦੀਆਂ ਜ਼ੰਜੀਰਾਂ ਗਲੀਂ ਪਵਾਉਣ ਲਈ ਬੜੀਆਂ ਬੇਸਬਰੀਆਂ ਹਨ। ਕੀ ਦਹਾਕਿਆਂ ਤੋਂ ਮਾਰੋ-ਮਾਰ ਕਰਦੀਆਂ ਆਪਣੇ ਵਿਰਸੇ ਵਿਰਾਸਤ ਦੀ ਬਲੀ ਦੇਣ ਜਾ ਰਹੀਆਂ ਹਨ।

ਪੰਜਾਬ ਦੀ ਸਿਆਸਤ ਦਾ ਤਾਣਾ-ਬਾਣਾ ਕਿਸੇ ਵੀ ਤਰ੍ਹਾਂ ਪੰਜਾਬ ਹਿੱਤੂ ਨਹੀਂ। ਜਿੰਨੀਆਂ ਵੀ ਦਿਖਾਈ ਦੇਂਦੀਆਂ ਸਿਆਸੀ ਧਿਰਾਂ ਹਨ, ਸਭ ਦੇ ਆਗੂਆਂ ਦੇ ਮੂੰਹ ਸੱਤਾ ਦੀ ਕੁਰਸੀ 'ਤੇ ਟਿਕੇ ਹੋਏ ਹਨ। ਹਰ ਇਕ ਕੁਰਸੀ ਹਥਿਆਉਣ ਵਾਲੀ ਛਲ-ਕਪਟ, ਬੇਈਮਾਨੀ ਵਾਲੀ ਬੇਅਰਥੀ ਸਿਆਸਤ ਦਾ ਮੋਹਰਾ ਹੈ। ਵੇਖਣ, ਦਿਖਾਉਣ ਲਈ ਬੜੇ ਪੰਜਾਬ ਹਿਤੂ ਹੋਣ ਦੇ ਦਮਗਜ਼ੇ ਮਾਰਦੇ ਹਨ, ਪ੍ਰੰਤੂ ਪੰਜਾਬ ਪ੍ਰਤੀ ਵਫ਼ਾਦਾਰੀ ਦੀ ਕਸੌਟੀ 'ਤੇ ਕਿੰਨੇ ਕੁ ਟਿਕਾਊ ਹਨ।

ਪੰਜਾਬ ਨੂੰ ਜੇਕਰ ਬੀਤੇ ਵਿਚ ਔਖੇ ਸਮੇਂ ਸਮਝਿਆ ਤਾਂ ਉਹ ਸੀ ਪੰਜਾਬ ਦੀ ਖੇਤਰੀ ਸਿਆਸੀ ਧਿਰ ਸ਼੍ਰੋਮਣੀ ਅਕਾਲੀ ਦਲ, ਜਿਸ ਦੇ ਆਗੂਆਂ ਅੰਦਰ ਪੰਥ ਤੇ ਪੰਜਾਬ ਦਾ ਬਰਾਬਰ ਦਰਦ ਸੀ। ਉਨ੍ਹਾਂ ਪੰਜਾਬ ਨੂੰ ਬਚਾਉਣ ਤੇ ਸੰਭਾਲਣ ਲਈ ਪੂਰੀ ਤਨਦੇਹੀ ਨਾਲ ਕੰਮ ਕਰਨ ਤੋਂ ਗ਼ੁਰੇਜ਼ ਨਹੀਂ ਕੀਤਾ ਨਾ ਕਦੀ ਪਾਸਾ ਵੱਟਿਆ।

ਵੰਡ ਉਪਰੰਤ ਭਾਰਤੀ ਹਕੂਮਤ ਨੇ ਗਿਰਗਿਟ ਵਾਂਗ ਰੰਗ ਬਦਲਿਆ। ਬਾਕੀ ਸੂਬਿਆਂ ਲਈ ਹੋਰ ਤੇ ਪੰਜਾਬ ਲਈ ਹੋਰ! ਅੰਗਰੇਜ਼ਾਂ ਤੋਂ ਬਚਿਆ ਪੰਜਾਬ ਕੇਵਲ ਤੇ ਕੇਵਲ ਸਿੱਖ ਸਿਆਸੀ ਆਗੂਆਂ ਦੀ ਪੰਜਾਬ ਪ੍ਰਤੀ ਵਫ਼ਾਦਾਰੀ ਤਥਾ ਸੁਹਿਰਦਤਾ ਕਰਕੇ ਹੀ ਸੀ।

ਸ਼੍ਰੋਮਣੀ ਅਕਾਲੀ ਦਲ ਦੇ ਆਗੂ ਲੰਮਾਂ ਸਮਾਂ ਪੰਜਾਬ ਪ੍ਰਤੀ ਬੜੇ ਸੁਹਿਰਦ ਰਹੇ ਹਨ। ਘਰ-ਘਾਟ ਜਿੰਦ-ਜਾਨ ਦੀ ਪ੍ਰਵਾਹ ਕੀਤੇ ਬਗੈਰ ਪੰਜਾਬ ਦੀਆਂ ਹੱਦਾਂ ਤੇ ਹਿੱਤਾਂ ਲਈ ਸਿਰ ਉੱਖਲੀ ਵਿਚ ਦੇਣ ਤੋਂ ਗ਼ੁਰੇਜ਼ ਨਹੀਂ ਸੀ ਕੀਤਾ।

ਦੁੱਖ ਇਹ ਵੀ ਰਿਹਾ ਕਿ ਪੰਜਾਬ ਦੀ ਹਿੰਦੂਤਵੀ ਧਿਰ ਨੇ ਪੰਜਾਬ ਨਾਲ ਪੰਜਾਬੀ ਨਾਲ ਖਲੋਣਾ ਯੋਗ ਨਹੀਂ ਸੀ ਜਾਣਿਆ। ਰੋਏ-ਧੋਏ ਪੰਜਾਬੀ ਵਿਚ, ਨੱਚੇ-ਟੱਪੇ ਵੀ ਪੰਜਾਬੀ, ਲੋਰੀਆਂ, ਘੋੜੀਆਂ, ਸੁਹਾਗਾਂ, ਟੱਪਿਆਂ ਬੋਲੀਆਂ ਨਾਲ ਮਗਰ ਪੰਜਾਬੀ ਨੂੰ ਮਾਂ ਬੋਲੀ ਕਹਿਣ ਮੌਕੇ ਦੰਦਣ ਪੈ ਗਈ ਸੀ।

ਸ਼੍ਰੋਮਣੀ ਅਕਾਲੀ ਦਲ ਕੁਝ ਆਪਣੇ ਆਗੂਆਂ ਦੀਆਂ ਨਲਾਇਕੀਆਂ ਨਾਲ ਰਸਾਤਲ ਨੂੰ ਗਿਆ ਹੈ ਤੇ ਕੁਝ ਭਾਰਤੀ ਹਾਕਮਾਂ ਦੀਆਂ ਮਿਥਵੀਆਂ ਸਾਜ਼ਿਸ਼ਾਂ ਕਰਕੇ ਹੈ।

ਕਾਂਗਰਸ ਕਦੀ ਵੀ ਪੰਜਾਬ ਪ੍ਰਤੀ ਪੂਰਨ ਵਫ਼ਾਦਾਰੀ ਵਾਲੀ ਖੇਤਰੀ ਧਿਰ ਵਾਂਗ ਨਹੀਂ ਰਹੀ। ਜਨਸੰਘੀ ਧਿਰ ਮੌਕੇ ਦਾਅ ਦੀ ਕਪਟੀ ਸਿਆਸਤ ਨੂੰ ਪਹਿਲ ਦੇਂਦੀ ਰਹੀ। ਇਸ ਨੇ ਹਮੇਸ਼ਾ ਪੰਜਾਬ ਦੇ ਹਿਤਾਂ ਦੀ ਥਾਂ ਆਪਣੇ ਹਿੰਦੂ ਰਾਸ਼ਟਰਵਾਦ ਵੀ ਸੋਚ, ਸਿਧਾਂਤਾਂ ਨੂੰ ਅੱਗੇ ਵਧਾਉਣ ਲਈ ਕੰਮ ਕੀਤਾ।

ਭਾਰਤੀ ਹਿੰਦੂਤਵੀ ਤਾਕਤਾਂ ਨੇ ਬੜੇ ਸੋਚੇ-ਸਮਝੇ ਢੰਗ ਨਾਲ ਅੰਨਾ ਹਜ਼ਾਰੇ ਅੰਦੋਲਨ ਦਾ ਨਾਟਕ ਰਚਾਇਆ ਸੀ, ਜਿਸ ਦਾ ਬਾਹਰੀ ਮਖੌਟਾ ਰਿਸ਼ਵਤ ਵਿਰੋਧੀ ਦਿਖਾਈ ਦੇਂਦਾ ਸੀ, ਮਗਰ ਪਿਛਲੇ ਪਾਸੇ ਹਿੰਦੂਤਵੀ ਸਿਆਸਤ ਦੀ ਮਾਂ ਆਰ ਐੱਸ ਐੱਸ ਤਥਾ ਭਾਜਪਾ ਦੀ ਅਣਮਿਣਵੀਂ ਤਾਕਤ+ਸਾਜ਼ਿਸ਼ ਸੀ। ਭਾਰਤ ਵਿੱਚ ਇਹ ਅੰਦੋਲਨ ਅੱਗ ਵਾਂਗ ਫੈਲਾਉਣ ਦੀ ਜ਼ਬਰਦਸਤ ਤਿਆਰੀ ਰਹੀ ਹੈ। ਇਸ ਕਪਟ ਭਰੇ ਅੰਦੋਲਨ ਵਿਚੋਂ ਹਿੰਦੂਤਵੀ ਸਿਆਸਤ ਦਾ ਗੈਰ-ਲੋਕਤੰਤਰੀ ਸੱਤਾ ਹਥਿਆਊ ਰੂਪ ਹਨੇਰੀ ਬਣ ਕੇ ਭਾਰਤੀ ਸਿਆਸਤ ਵਿੱਚ ਉਭਰਦਾ ਹੈ।

ਜਦੋਂ ਵਰਤਮਾਨ ਵਿੱਚ ਪੰਜਾਬ ਦੀ ਸਿਆਸਤ ਦਾ ਗੰਧਲਾ ਉਲਝਿਆ ਰੂਪ ਵੇਖ ਕੇ ਅੱਜ ਤੇ ਕੱਲ੍ਹ ਦੀ ਕਲਪਨਾ ਕਰਨ ਲਈ ਯਤਨ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਪੰਜਾਬ ਦੇ ਵਿਰਸੇ, ਵਿਰਾਸਤ, ਵਜੂਦ ਤੇ ਪੰਜਾਬ ਪ੍ਰਤੀ ਪਹੁੰਚ ਪੱਖੋਂ ਚਾਰੇ ਪਾਸੇ ਅੰਧਕਾਰ ਹੈ।

2 ਦਸੰਬਰ 2024 ਨੂੰ ਅਕਾਲ ਤਖ਼ਤ ਸਾਹਿਬ ਤੋਂ ਆਇਆ ਆਦੇਸ਼ ਕਿ ਸ਼੍ਰੋਮਣੀ ਅਕਾਲੀ ਦਲ ਦੇ ਵਰਤਮਾਨ ਆਗੂ ਅਗਵਾਈ ਯੋਗ ਨਹੀਂ ਰਹੇ ਆਖਿਆ ਜਾਂਦਾ। ਪੰਥਕ ਭਾਵਨਾਵਾਂ ਦੀ ਤਰਜਮਾਨੀ ਕਰਨ ਮੁੜ ਉਸਾਰੀ ਲਈ ਨਵੀਂ ਭਰਤੀ ਕਰਕੇ ਸ਼੍ਰੋਮਣੀ ਅਕਾਲੀ ਦਲ ਦਾ ਨਵਾਂ ਜਥਾ ਤਿਆਰ ਕਰਨ ਦਾ ਆਦੇਸ਼ ਸੀ। ਕਪਟੀ ਤੇ ਧੋਖੇਬਾਜ਼ ਆਗੂਆਂ ਇਨ੍ਹਾਂ ਆਦੇਸ਼ਾਂ ਨੂੰ ਪਿੱਠ ਦੇ ਕੇ ਆਪਣੀ ਘਟੀਆ ਸੋਚ ਦਾ ਪ੍ਰਗਟਾਵਾ ਕਰ ਦਿੱਤਾ ਸੀ। ਜੇਕਰ ਧੜੇਬਾਜ਼ ਇਨ੍ਹਾਂ ਅਕਾਲੀ ਕਹਾਉਣ ਵਾਲਿਆਂ ਵਿੱਚ ਅਕਾਲ ਤਖ਼ਤ ਸਾਹਿਬ ਦਾ ਸਤਿਕਾਰ ਪ੍ਰਭਾਵ ਹੁੰਦਾ ਤਾਂ ਸਿਰ ਝੁਕਾਅ ਜਾਂਦੇ। ਅਹੁਦੇਦਾਰੀਆਂ ਨੂੰ ਪਾਸੇ ਕਰਕੇ ਪੰਥ, ਪੰਜਾਬ ਦਾ ਸਨਮਾਨ ਕਰਦੇ। ਮਗਰ ਕਿੱਥੇ ਇਨ੍ਹਾਂ ਦੇ ਭਾਗਾਂ ਵਿੱਚ ਏਨੀ ਖੁਸ਼ਨਸੀਬੀ ਸ਼ਾਇਦ ਨਹੀਂ ਲਿਖੀ। ਪੰਜਾਬ ਅੰਦਰ ਸਿਆਸੀ ਧਿਰਾਂ ਦਾ ਜਮਘਟਾ ਹੈ, ਕੋਈ ਗਰਮ, ਕੋਈ ਨਰਮ, ਕੋਈ ਸੱਜੇ-ਪੱਖੀ ਕੋਈ ਖੱਬੇ-ਪੱਖੀ, ਕੋਈ ਹਿੰਦੂ ਰਾਸ਼ਟਰ ਦੀ ਇੱਛਾ ਵਾਲੀ ਆਦਿ-ਆਦਿ!

ਪੰਜਾਬ ਪੱਖੀ ਕਿਹੜੀ ਧਿਰ ਹੈ ਸਿਆਸੀ ਜਿਸ ਨੂੰ ਪੰਜਾਬ ਵਾਸੀ ਆਪਣੀ ਆਖ ਕੇ ਮਾਣ ਕਰ ਸਕਣ! ਸੱਚ ਜਾਣੋ ਤਾਂ ਹਕੀਕਤ ਵਿਚ ਹਾਲ ਦੀ ਘੜੀ ਕੋਈ ਨਹੀਂ! ਸਭ ਦੀਆਂ ਸਭ ਕੁਰਸੀ ਦੀ ਕੂੜ ਨੀਤੀ ਦੀਆਂ ਮੁਰੀਦ ਹਨ। ਸਭ ਦੇ ਸਿਰਕੱਢ ਆਗੂਆਂ ਨੂੰ ਸਾਹਮਣੇ ਰੱਖ ਕੇ ਵੇਖੀਏ, ਪਰਖੀਏ ਤਾਂ ਸਿਆਸੀ ਦੁਨੀਆ ਦੇ ਬੌਣੇ ਕੱਦਾਂ ਦੇ ਮਾਲਕ ਹਨ।

ਕੇਂਦਰ ਦੀ ਹਿੰਦੂਵਾਦੀ ਸੱਤਾਧਾਰੀ ਜਮਾਤ ਨਫ਼ਰਤ, ਵੈਰ-ਵਿਰੋਧ ਪ੍ਰਚਾਰਨ ਦੀ ਵੱਡੀ ਮੁਹਾਰਤ ਰੱਖਣ ਵਾਲੀ ਹੈ। 100 ਸਾਲ ਤੋਂ ਵੱਧ ਇਸ ਤਰ੍ਹਾਂ ਕਰਨ-ਕਰਾਉਣ ਦਾ ਉਸ ਦਾ ਤਜਰਬਾ ਵੀ ਹੈ।

ਪੰਜਾਬ ਵਰਤਮਾਨ ਸਿਆਸੀ ਧਿਰਾਂ ਦੇ ਰੋਲ-ਘਚੋਲੇ ਵਿਚੋਂ ਬਾਹਰ ਨਿਕਲ ਸਕੇ, ਇਸ ਲਈ ਪੰਜਾਬ ਨੂੰ ਰੂਹ ਕਰਕੇ ਪਿਆਰ ਕਰਨ ਵਾਲੇ ਵਿਚਾਰਵਾਨਾਂ ਨੂੰ ਪੰਜਾਬ ਦੇ ਵੱਡੇ ਹਿੱਤ ਵਿਚ ਆਪਣੀਆਂ ਛੋਟੀਆਂ ਤੇ ਤੰਗ ਗਲੀਆਂ ਵਾਲੀਆਂ ਸੰਸਥਾਵਾਂ ਤੋਂ ਬਿਨਾਂ ਦੇਰ ਉਪਰ ਉਠ ਕੇ ਕੇਵਲ ਪੰਜਾਬ ਦੇ ਪੁੱਤਰ-ਧੀਆਂ ਵਜੋਂ ਖ਼ੁਦ ਨੂੰ ਪੰਜਾਬ ਦੀ ਖ਼ਿਦਮਤ ਲਈ ਪੇਸ਼ ਕਰਨ ਦੀ ਵੱਡੀ ਲੋੜ ਹੈ।

# ਪਾਠਕ-ਸੱਥ

## *ਨਸ਼ਿਆਂ ਨੇ ਕੀਤੀ ਨੌਜਵਾਨੀ ਖ਼ਤਮ*

ਸਾਰਿਆਂ ਨੂੰ ਪਤਾ ਹੈ ਕਿ ਅੱਜ ਪੰਜਾਬ ਕਿਸ ਦੌਰ ਵਿੱਚੋਂ ਲੰਘ ਰਿਹਾ ਹੈ। ਸੁੰਨੀਆਂ ਥਾਵਾਂ 'ਤੇ ਨਸਾਂ ਵਿੱਚ ਲੱਗੀਆਂ ਹੋਈਆਂ ਸਰਿੰਜਾਂ ਮ੍ਰਿਤਕ ਦੀ ਬਾਂਹ ਵਿੱਚ ਦੇਖੀਆਂ ਜਾਂਦੀਆਂ ਹਨ। ਛੋਟੀ ਉਮਰ ਦੇ ਨੌਜਵਾਨ ਸ਼ਿਕਾਰ ਹੋ ਰਹੇ ਹਨ। ਪਿੱਛੇ ਜਿਹੇ ਮਾਨਸਾ ਵਿਖੇ ਇੱਕ ਅਥਲੀਟ, ਜਿਸ ਨੇ ਚਿੱਟਾ ਲਾਉਣ ਲਈ ਆਪਣਾ ਛੋਟਾ ਬੱਚਾ ਹੀ ਵੇਚ ਦਿੱਤਾ, ਪਤੀ ਵੀ ਚਿੱਟਾ ਲਗਾਉਂਦਾ, ਸਮਾਜ ਸੇਵੀ ਸੰਸਥਾਵਾਂ ਨੇ ਬੱਚਾ ਬਚਾ ਲਿਆ। ਚੋਰੀ ਦੀਆਂ ਵਾਰਦਾਤਾਂ ਵਿੱਚ ਵਾਧਾ ਹੋ ਰਿਹਾ ਹੈ। ਗਟਰਾਂ ਦੇ ਉੱਪਰ ਰੱਖੇ ਹੋਏ ਲੋਹੇ ਦੇ ਢੱਕਣ, ਕਿਤੇ ਟੂਟੀ ਲੱਗੀ ਹੋਈ ਜਾਂ ਕਿਤੇ ਸਿਲੰਡਰਾਂ ਦੀ ਖੜੀ ਗੱਡੀ ਵਿੱਚੋਂ ਸਿਲੰਡਰ ਚੋਰੀ ਕਰਕੇ ਨਸ਼ਾ ਕਰ ਰਹੇ ਹਨ। ਪੰਜਾਬ ਦੇ ਹੀ ਕਿਸੇ ਸ਼ਹਿਰ ਵਿੱਚ ਇੱਕ ਕੰਧ 'ਤੇ ਲਿਖਿਆ ਹੋਇਆ ਸੀ: 'ਇੱਥੇ ਨਸ਼ਾ ਆਮ ਵਿਕਦਾ ਹੈ।' ਇਹ ਬਹੁਤ ਵਾਇਰਲ ਹੋਈ। ਪਿੰਡ ਦੇ ਲੋਕਾਂ ਨੇ ਆਪਣੀ ਭੜਾਸ ਕੱਢੀ। ਹਾਲਾਂਕਿ ਪਿੰਡ ਵਾਸੀਆਂ ਨੇ ਕਿਹਾ ਕਿ ਪੁਲਸ ਨੂੰ ਨਾਂਅ ਵੀ ਦੱਸਿਆ। ਲਗਾਤਾਰ ਸਮਾਜ ਦੀ ਹਾਲਤ ਤਰਸਯੋਗ ਬਣਦੀ ਜਾ ਰਹੀ ਹੈ। ਮੋਗਾ ਦੇ ਕਿਸੇ ਪਿੰਡ ਵਿੱਚ ਦੋ ਹਫ਼ਤਿਆਂ ਵਿੱਚ ਚਿੱਟੇ ਨਾਲ ਤਿੰਨ ਮੌਤਾਂ ਹੋਈਆਂ। ਇਹਨਾਂ ਦੀ ਉਮਰ 16 ਤੋਂ ਲੈ ਕੇ 18 ਸਾਲ ਤੱਕ ਦੀ ਸੀ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਸਾਡੇ ਪਿੰਡ ਵਿੱਚ ਤਾਂ 10 ਵਰਿਆਂ ਦੇ ਬੱਚੇ ਵੀ ਚਿੱਟਾ ਪੀਂਦੇ ਹਨ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਨਸ਼ਿਆਂ ਨੂੰ ਲੈ ਕੇ ਇੱਕ ਟਿੱਪਣੀ ਕੀਤੀ ਸੀ ਤੇ ਕਿਹਾ ਸੀ ਕਿ ਡਰੱਗ ਤਸਕਰੀ ਕਿਸੇ ਦੀ ਹੱਤਿਆ ਕਰਨ ਨਾਲੋਂ ਵੀ ਵੱਡਾ ਅਪਰਾਧ ਹੈ। ਇਸ ਕਾਰਨ ਪੰਜਾਬ ਦੀ ਜਵਾਨੀ ਬਰਬਾਦ ਹੋ ਰਹੀ ਹੈ। ਪੰਜਾਬ ਦਾ ਕੋਈ ਅਜਿਹਾ ਜ਼ਿਲ੍ਹਾ, ਸ਼ਹਿਰ, ਕਸਬਾ,ਪਿੰਡ ਨਹੀਂ ਬਚਿਆ ਹੋਣਾ, ਜਿੱਥੇ ਨੌਜਵਾਨੀ ਨਸ਼ੇ ਦਾ ਸ਼ਿਕਾਰ ਨਾ ਹੋ ਰਹੀ ਹੋਵੇ। ਛੋਟੀ-ਛੋਟੀ ਉਮਰ ਦੇ ਨੌਜਵਾਨ ਭੈੜੀ ਲੱਤ ਦਾ ਸ਼ਿਕਾਰ ਹੋ ਗਏ ਹਨ। ਹਰ ਰੋਜ਼ ਦੋ ਜਾਂ ਤਿੰਨ ਨੌਜਵਾਨ ਚਿੱਟੇ ਦੀ ਭੇਟ ਚੜ ਰਹੇ ਹਨ। ਗੁਆਂਢੀ ਦੇਸ਼ ਪਾਕਿਸਤਾਨ ਵੱਲੋਂ ਡਰੋਨ ਰਾਹੀਂ ਹੈਰੋਇਨ ਭਾਰਤ ਵਿੱਚ ਭੇਜੀ ਜਾਂਦੀ ਹੈ, ਜਿਸ ਨੂੰ ਬੀ ਐਸ ਐਫ ਵੱਲੋਂ ਜ਼ਬਤ ਕੀਤਾ ਜਾਂਦਾ ਹੈ। ਅਦਾਲਤ ਵੱਲੋਂ ਚਿੰਤਾ ਜ਼ਾਹਿਰ ਕੀਤੀ ਗਈ ਕਿ ਨਸ਼ਾ ਜਵਾਨੀ ਨੂੰ ਘੁਣ ਵਾਂਗੂੰ ਖਾ ਰਿਹਾ ਹੈ। ਚਿੱਟਾ ਚਾਦਰਾ ਲਾਉਣ ਵਾਲੇ ਨੌਜਵਾਨ, ਹੱਥੀਂ ਕਿਰਤ ਕਰਨ ਵਾਲੇ ਇਸ ਭੈੜੀ ਦਲਦਲ ਵਿੱਚ ਫਸਦੇ ਜਾ ਰਹੇ ਹਨ। ਸਰਕਾਰ ਨੇ ਇੱਥੋਂ ਤੱਕ ਵੀ ਚਿੰਤਾ ਜ਼ਾਹਿਰ ਕੀਤੀ ਹੈ ਕਿ ਨਸ਼ਾ ਤਸਕਰਾਂ ਨੂੰ ਲਗਾਤਾਰ ਜ਼ਮਾਨਤਾਂ ਮਿਲ ਗਈਆਂ ਹਨ। ਕਈ ਤਾਂ ਅਜਿਹੇ ਪਰਵਾਰ ਹਨ ਕਿ ਜਿੱਥੇ ਮਾਂ-ਪਿਓ ਦੀ ਅਰਥੀ ਨੂੰ ਮੋਢਾ ਦੇਣ ਲਈ ਪੁੱਤ ਤੱਕ ਨਹੀਂ ਬਚੇ ਹਨ। ਕਈ ਅਜਿਹੇ ਨਸ਼ੇੜੀ ਹਨ, ਜਿਨ੍ਹਾਂ ਮਾਂ-ਪਿਓ ਨੂੰ ਹੀ ਮੌਤ ਦੇ ਘਾਟ ਉਤਾਰ ਦਿੱਤਾ, ਕਿਉਂਕਿ ਮਾਂ-ਪਿਓ ਨੇ ਉਹਨਾਂ ਨੂੰ ਨਸ਼ੇ ਲਈ ਪੈਸੇ ਨਹੀਂ ਦਿੱਤੇ ਸਨ। ਨਸ਼ਾ ਕਰਨ ਤੋਂ ਉਹਨਾਂ ਨੂੰ ਰੋਕਿਆ ਸੀ। ਪਿੱਛੇ ਜਿਹੇ ਮੋਗਾ ਜ਼ਿਲ੍ਹੇ ਇੱਕ ਨਸ਼ੇੜੀ ਨੌਜਵਾਨ ਨੇ ਘਰ ਦੀਆਂ ਚੁਗਾਠਾਂ ਤੱਕ ਵੇਚ ਦਿੱਤੀਆਂ। ਰਸੋਈ ਵਿੱਚ ਸਿਲੰਡਰ ਤੱਕ ਨਹੀਂ ਛੱਡਿਆ। ਨਸ਼ਿਆਂ ਨੂੰ ਖ਼ਤਮ ਕਰਨ ਲਈ ਪੰਚਾਇਤਾਂ ਦੀ ਪਹਿਲ ਸਾਰਥਕ ਸਿੱਧ ਹੋ ਰਹੀ ਹੈ। ਪੰਜਾਬ ਪੁਲਸ ਨੇ ਹੁਣ ਤੱਕ ਸ਼ੱਕੀ ਥਾਵਾਂ 'ਤੇ ਛਾਪੇਮਾਰੀ ਕਰਕੇ 35000 ਤੋਂ ਵੱਧ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪਿੰਡ ਦੀਆਂ ਜੂਹਾਂ 'ਤੇ ਠੀਕਰੀ ਪਹਿਰਾ ਲਗਾਇਆ ਜਾ ਰਿਹਾ ਹੈ, ਤਾਂ ਜੋ ਨਸ਼ਾ ਸਪਲਾਈ ਕਰਨ ਆਏ ਤਸਕਰ ਨੂੰ ਫੜਿਆ ਜਾ ਸਕੇ। ਪਾਕਿਸਤਾਨਾਂ ਤੋਂ ਡਰੋਨ ਰਾਹੀਂ ਹੈਰੋਇਨ ਲਗਾਤਾਰ ਸੁੱਟੀ ਜਾ ਰਹੀ ਹੈ। ਅਜਿਹੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਨੂੰਨ ਨਾਲ ਹੀ ਡੱਕਿਆ ਜਾ ਸਕਦਾ ਹੈ। ਨੌਜਵਾਨਾਂ ਨੂੰ ਮਾਨਸਿਕ ਪੱਖੋਂ ਮਜ਼ਬੂਤ ਕਰਨ ਲਈ ਅਸਰਦਾਰ ਨੀਤੀਆਂ ਘੜਨ ਦੀ ਲੋੜ ਹੈ। ਸਕੂਲਾਂ, ਕਾਲਜਾਂ ਵਿੱਚ ਸੈਮੀਨਾਰ ਕਰਵਾਉਣੇ ਚਾਹੀਦੇ ਹਨ, ਤਾਂ ਜੋ ਬੱਚਿਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਜਾ ਸਕੇ।

**-ਸੰਜੀਵ ਸਿੰਘ ਸੈਣੀ, ਮੋਹਾਲੀ,78889-66168**

CMYK

18 Feb Page 5.qxd 2/17/2026 10:38 PM Page 1



# ਭਾਰਤ-ਅਮਰੀਕਾ ਵਪਾਰਕ ਸਮਝੌਤੇ ਦੇ ਵਿਰੋਧ 'ਚ ਕਿਸਾਨਾਂ ਫੂਕੇ ਮੋਦੀ-ਟਰੰਪ ਦੇ ਪੁਤਲੇ

## ਕੇਂਦਰ ਤੇ ਸੂਬਾ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਨੂੰ ਬਰਦਾਸ਼ਤ ਨਹੀਂ ਕਰਾਂਗੇ : ਖੋਸਾ

**ਮੋਗਾ (ਇਕਬਾਲ ਸਿੰਘ ਖਹਿਰਾ)** ਭਾਰਤ-ਅਮਰੀਕਾ ਵਿਚਕਾਰ ਹੋਏ ਵਪਾਰਕ ਸਮਝੌਤੇ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਖੋਸਾ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਮੋਗਾ ਦੇ ਬਾਹਰ ਮੋਦੀ ਟਰੰਪ ਤੇ ਮਾਨ ਦੇ ਪੁਤਲੇ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦਿਆਂ ਭਾਰਤੀ ਕਿਸਾਨ ਯੂਨੀਅਨ ਖੋਸਾ ਦੇ ਆਗੂ ਸੁਖਜਿੰਦਰ ਸਿੰਘ ਖੋਸਾ ਨੇ ਕਿਹਾ ਕਿ ਗੈਰ-ਰਾਜਨੀਤਕ ਸੰਯੁਕਤ ਕਿਸਾਨ ਮੋਰਚੇ ਵੱਲੋਂ ਅੱਜ ਦੇਸ਼ ਭਰ ਸਮੇਤ ਪੰਜਾਬ ਤੇ ਹਰਿਆਣਾ ਵਿੱਚ ਕੇਂਦਰ ਤੇ ਰਾਜ ਸਰਕਾਰਾਂ ਖ਼ਿਲਾਫ਼ ਤਿੱਖਾ ਪ੍ਰਦਰਸ਼ਨ ਕੀਤਾ ਗਿਆ ਹੈ। ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਤੇ ਪੰਜਾਬ ਦੇ ਮੁੱਖ ਮੰਤਰੀ ਦੇ ਪੁਤਲੇ ਫੂਕ ਕੇ ਰੋਸ ਜਤਾਇਆ।ਕਿਸਾਨ ਆਗੂ ਸੁਖਜਿੰਦਰ ਸਿੰਘ ਨੇ ਦੋਸ਼ ਲਗਾਇਆ ਕਿ ਸਰਕਾਰਾਂ ਵੱਲੋਂ ਪਹਿਲਾਂ ਕੀਤੇ ਵਾਅਦੇ ਅਜੇ ਤੱਕ ਪੂਰੇ ਨਹੀਂ ਕੀਤੇ ਗਏ ਅਤੇ ਅਮਰੀਕਾ ਨਾਲ ਹੋ ਰਹੇ ਖੇਤੀਬਾੜੀ ਸਮਝੌਤੇ ਦੇਸ਼ ਦੇ ਕਿਸਾਨਾਂ ਤੇ ਮਜ਼ਦੂਰਾਂ ਲਈ ਦੇਸ਼-ਮਾਰੂ ਸਾਬਿਤ ਹੋਣਗੇ।ਉਨ੍ਹਾਂ ਕਿਹਾ ਕਿ ਇਸ ਨਾਲ ਵਿਦੇਸ਼ੀ ਕਾਰਪੋਰੇਟ ਕੰਪਨੀਆਂ ਨੂੰ ਭਾਰਤ ਦੀਆਂ ਮੰਡੀਆਂ ਵਿੱਚ ਦਾਖਲਾ ਮਿਲੇਗਾ ਤੇ ਸਥਾਨਕ ਕਿਸਾਨਾਂ ਦੀ ਆਮਦਨ 'ਤੇ ਵੱਡਾ ਅਸਰ ਪਵੇਗਾ।ਵਿਦੇਸ਼ੀ ਖੇਤੀ ਪ੍ਰੋਜੈਕਟਾਂ ਨਾਲ ਭਾਰਤੀ ਮੰਡੀ ਪ੍ਰਣਾਲੀ ਕਮਜ਼ੋਰ ਹੋਵੇਗੀ ਹੜ੍ਹਾਂ ਨਾਲ ਨੁਕਸਾਨੀ ਫਸਲਾਂ ਲਈ ਮੁਆਵਜ਼ਾ ਨਾ ਮਿਲਣ ਤੇ ਨਾਰਾਜ਼ਗੀ ਬਿਜਲੀ ਸੋਧ ਬਿੱਲ ਰੱਦ ਨਾ ਕਰਨ 'ਤੇ ਸਰਕਾਰ ਘੇਰੀ। ਕਿਸਾਨ ਆਗੂ ਨੇ ਕਿਹਾ ਕਿ 20-25 ਸਾਲਾਂ ਵਿੱਚ ਖੇਤੀ ਦੀ ਲਾਗਤ ਕਈ ਗੁਣਾ ਵਧ ਗਈ ਹੈ, ਪਰ ਆਮਦਨ ਨਹੀਂ ਵਧੀ, ਜਿਸ ਕਰਕੇ ਆਤਮਹੱਤਿਆਵਾਂ ਵਿੱਚ ਵਾਧਾ ਹੋ ਰਿਹਾ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇ ਨੀਤੀਆਂ ਵਾਪਸ ਨਾ ਲਈਆਂ ਗਈਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਕਿਸਾਨ ਮੋਰਚੇ ਨੇ ਕੇਂਦਰ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਵਿਦੇਸ਼ੀ ਖੇਤੀ ਸਮਝੌਤਿਆਂ ਦੀ ਸਮੀਖਿਆ ਕੀਤੀ ਜਾਵੇ, ਬਿਜਲੀ ਸੋਧ ਬਿੱਲ ਤੇ ਕਿਸਾਨ ਵਿਰੋਧੀ ਨੀਤੀਆਂ ਰੱਦ ਕੀਤੀਆਂ ਜਾਣ, ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਤੁਰੰਤ ਮੁਆਵਜ਼ਾ ਦਿੱਤਾ ਜਾਵੇ, ਕਰਜ਼ਾ ਮਾਫ਼ੀ ਤੇ ਪਰਾਲੀ ਮਾਮਲਿਆਂ 'ਚ ਰਾਹਤ ਦਿੱਤੀ ਜਾਵੇ। ਆਗੂਆਂ ਨੇ ਕਿਹਾ ਕਿ ਕਿਸਾਨੀ ਤੇ ਮਜ਼ਦੂਰ ਵਰਗ ਦੀ ਰੱਖਿਆ ਲਈ ਸੰਘਰਸ਼ ਜਾਰੀ ਰਹੇਗਾ ਤੇ ਜ਼ਰੂਰਤ ਪਈ ਤਾਂ ਦੇਸ਼-ਪੱਧਰੀ ਵੱਡਾ ਅੰਦੋਲਨ ਕੀਤਾ ਜਾਵੇਗਾ।



# ਨਸ਼ਿਆਂ ਦੇ ਮਾਮਲੇ 'ਚ ਨੌਜਵਾਨ ਨੂੰ 12 ਸਾਲ ਦੀ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਕਰੀਬ ਚਾਰ ਸਾਲ ਪਹਿਲਾਂ ਸੀ.ਆਈ.ਏ. ਸਟਾਫ਼ ਸਰਹਿੰਦ ਵੱਲੋਂ ਭਾਰੀ ਮਾਤਰਾ 'ਚ ਨਸ਼ੇ ਲਈ ਵਰਤੇ ਜਾਣ ਵਾਲੇ ਪਾਬੰਦੀਸ਼ੁਦਾ ਟੀਕਿਆਂ ਸਮੇਤ ਕਾਬੂ ਕੀਤੇ ਗਏ ਅੰਬਾਲਾ ਵਾਸੀ ਨੌਜਵਾਨ ਨੂੰ ਇੱਥੋਂ ਦੀ ਇੱਕ ਅਦਾਲਤ ਵੱਲੋਂ 12 ਸਾਲ ਕੈਦ ਦੀ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਮਿਤੀ 25/6/23 ਨੂੰ ਥਾਣਾ ਸਰਹਿੰਦ ਵਿਖੇ ਅ/ਧ 22 (ਸੀ) 61/85 ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕੀਤੇ ਗਏ ਇੱਕ ਮੁਕੱਦਮੇ ਵਿੱਚ ਨਿਕਸ਼ੇ ਉਰਫ਼ ਨੋਨੀ ਵਾਸੀ ਅੰਬਾਲਾ (ਹਰਿਆਣਾ) ਨੂੰ ਗ੍ਰਿਫਤਾਰ ਕਰਦੇ ਹੋਏ ਪੁਲਸ ਨੇ ਦਾਅਵਾ ਕੀਤਾ ਸੀ ਕਿ ਪਿੰਡ ਮਲਕੋਮਾਜਰਾ ਦੇ ਬੱਸ ਅੱਡੇ ਨਜ਼ਦੀਕ ਮੌਜੂਦ ਸੀ.ਆਈ.ਏ. ਦੀ ਟੀਮ ਨੂੰ ਚੈਕਿੰਗ ਕਰਦਿਆਂ ਦੇਖ ਪਿੰਡ ਸਿੱਧੂਪੁਰ ਸਾਈਡ ਤੋਂ ਆ ਰਿਹਾ ਮੋਟਰਸਾਈਕਲ ਸਵਾਰ ਨਿਕਸ਼ੇ ਉਰਫ਼ ਨੋਨੀ ਘਬਰਾ ਗਿਆ, ਜਿਸ ਨੇ ਜਦੋਂ ਮੋਟਰਸਾਈਕਲ ਵਾਪਸ ਘੁਮਾਉਣ ਦੀ ਕੋਸ਼ਿਸ਼ ਕੀਤੀ ਤਾਂ ਸ਼ੱਕ ਦੇ ਆਧਾਰ 'ਤੇ ਪੁਲਸ ਕਰਮਚਾਰੀਆਂ ਵੱਲੋਂ ਉਸ ਨੂੰ ਕਾਬੂ ਕਰ ਲਿਆ ਗਿਆ।ਡੀ.ਐੱਸ.ਪੀ. ਸੁਖਬੀਰ ਸਿੰਘ ਦੀ ਹਾਜ਼ਰੀ ਵਿੱਚ ਸੀ.ਆਈ.ਏ. ਸਟਾਫ਼ ਸਰਹਿੰਦ ਦੇ ਸਬ-ਇੰਸਪੈਕਟਰ ਸਤਵਿੰਦਰ ਸਿੰਘ ਨੇ ਜਦੋਂ ਨਿਕਸ਼ੇ ਉਰਫ਼ ਨੋਨੀ ਦੇ ਕਬਜ਼ੇ ਵਾਲੇ ਬੈਗ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 180 ਟੀਕੇ ਬਿਊਪ੍ਰੇਨੋਰਫਿਨ ਤੇ 180 ਸ਼ੀਸ਼ੀਆਂ ਪਾਕਏਵਲ ਬਰਾਮਦ ਹੋਈਆਂ।ਇਸ ਸਬੰਧੀ ਸਥਾਨਕ ਅਦਾਲਤ 'ਚ ਚੱਲੇ ਮੁਕੱਦਮੇ ਦੀ ਸੁਣਵਾਈ ਪੂਰੀ ਹੋਣ 'ਤੇ ਫ਼ਤਹਿਗੜ੍ਹ ਸਾਹਿਬ ਦੀ ਸਪੈਸ਼ਲ ਅਦਾਲਤ ਨੇ ਨਿਕਸ਼ੇ ਉਰਫ਼ ਨੋਨੀ ਨੂੰ ਇਸ ਮਾਮਲੇ 'ਚ ਦੋਸ਼ੀ ਕਰਾਰ ਦਿੰਦੇ ਹੋਏ 12 ਸਾਲ ਕੈਦ ਬਾਮੁਸ਼ੱਕਤ ਤੇ 1,00,000/- ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

# ਪੰਜਾਬੀ 'ਵਰਸਿਟੀ 'ਚ ਇੰਟਰ-ਹੋਸਟਲ ਕ੍ਰਿਕਟ ਤੇ ਬੈਡਮਿੰਟਨ ਟੂਰਨਾਮੈਂਟ ਸੰਪੰਨ

**ਪਟਿਆਲਾ, (ਰਾਜਿੰਦਰ ਸਿੰਘ ਥਿੰਦ)** ਪੰਜਾਬੀ ਯੂਨੀਵਰਸਿਟੀ ਦੇ ਡੀਨ ਵਿਦਿਆਰਥੀ ਭਲਾਈ ਵੱਲੋਂ ਕਰਾਇਆ ਗਿਆ ਇੰਟਰ-ਹੋਸਟਲ ਕ੍ਰਿਕਟ ਤੇ ਬੈਡਮਿੰਟਨ (ਡਬਲ) ਟੂਰਨਾਮੈਂਟ ਸਫ਼ਲਤਾਪੂਰਵਕ ਸੰਪੰਨ ਹੋ ਗਿਆ ਹੈ।ਤਿੰਨ ਦਿਨ ਚੱਲੇ ਇਸ ਟੂਰਨਾਮੈਂਟ ਦੌਰਾਨ ਕ੍ਰਿਕਟ ਵਿੱਚ ਹੋਮੀ ਭਾਬਾ ਹੋਸਟਲ ਦੀ ਟੀਮ ਨੇ ਬਾਜ਼ੀ ਮਾਰੀ, ਜਦੋਂਕਿ ਬੈਡਮਿੰਟਨ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਹੋਸਟਲ ਦੀ ਟੀਮ ਜੇਤੂ ਰਹੀ।ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਆਖ਼ਰੀ ਦਿਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਜੇਤੂ ਟੀਮਾਂ ਨੂੰ ਟਰਾਫ਼ੀ ਤੇ ਤਗਮਿਆਂ ਨਾਲ਼ ਸਨਮਾਨਤ ਕੀਤਾ। ਡਾ. ਜਗਦੀਪ ਸਿੰਘ ਨੇ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਦਾ ਅਹਿਮ ਹਿੱਸਾ ਹਨ। ਇਹ ਨਾ ਸਿਰਫ਼ ਸਰੀਰਕ ਤੰਦਰੁਸਤੀ ਪ੍ਰਦਾਨ ਕਰਦੀਆਂ ਹਨ, ਸਗੋਂ ਮਾਨਸਿਕ ਤਣਾਅ ਨੂੰ ਦੂਰ ਕਰਕੇ ਵਿਦਿਆਰਥੀਆਂ 'ਚ ਮੁਕਾਬਲੇ ਦੀ ਸਿਹਤਮੰਦ ਭਾਵਨਾ ਵੀ ਪੈਦਾ ਕਰਦੀਆਂ ਹਨ।ਉਨ੍ਹਾਂ ਜੇਤੂ ਟੀਮਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਹਾਰ ਤੇ ਜਿੱਤ ਨਾਲ਼ੋਂ ਵੀ ਜ਼ਰੂਰੀ ਖੇਡ ਭਾਵਨਾ ਨਾਲ ਮੈਦਾਨ 'ਚ ਉਤਰਨਾ ਹੈ। ਜ਼ਿਕਰਯੋਗ ਹੈ ਕਿ ਟੂਰਨਾਮੈਂਟ 'ਚ ਵੱਖ-ਵੱਖ ਹੋਸਟਲਾਂ ਦੀਆਂ ਅੱਠ ਕ੍ਰਿਕਟ ਟੀਮਾਂ ਤੇ 16 ਬੈਡਮਿੰਟਨ ਟੀਮਾਂ ਨੇ ਹਿੱਸਾ ਲਿਆ।ਕ੍ਰਿਕਟ ਦੇ ਸੈਮੀਫਾਈਨਲ ਵਿੱਚ ਚਾਰ ਟੀਮਾਂ ਪਹੁੰਚੀਆਂ ਜਿਨ੍ਹਾਂ ਵਿੱਚੋਂ ਸ਼ਹੀਦ ਭਗਤ ਸਿੰਘ ਹੋਸਟਲ ਦੀ ਟੀਮ ਤੇ ਹੋਮੀ ਭਾਬਾ ਹੋਸਟਲ ਦੀ ਟੀਮ ਫ਼ਾਈਨਲ ਵਿੱਚ ਪਹੁੰਚਣ ਵਿੱਚ ਸਫਲ ਰਹੀਆਂ।ਫਾਈਨਲ ਮੈਚ ਦੌਰਾਨ ਸ਼ਹੀਦ ਭਗਤ ਸਿੰਘ ਹੋਸਟਲ ਵੱਲੋਂ 120 ਦੌੜਾਂ ਬਣਾਈਆਂ ਗਈਆਂ ਤੇ ਹੋਮੀ ਭਾਭਾ ਹੋਸਟਲ ਦੀ ਟੀਮ ਨੂੰ ਆਖਰੀ ਓਵਰ 'ਚ ਜਿੱਤ ਲਈ 28 ਦੌੜਾਂ ਦੀ ਜ਼ਰੂਰਤ ਸੀ।ਹੋਮੀ ਭਾਬਾ ਹੋਸਟਲ ਦੀ ਟੀਮ ਨੇ ਆਖਰੀ ਓਵਰ 'ਚ 30 ਦੌੜਾਂ ਬਣਾ ਕੇ 6 ਵਿਕਟਾਂ ਨਾਲ ਜਿੱਤ ਆਪਣੇ ਨਾਂਅ ਕੀਤੀ। ਬੈਡਮਿੰਟਨ ਫਾਈਨਲ 'ਚ ਬਾਬਾ ਬੰਦਾ ਸਿੰਘ ਬਹਾਦਰ ਹੋਸਟਲ ਦੀਆਂ ਹੀ ਦੋ ਵੱਖ-ਵੱਖ ਟੀਮਾਂ ਪਹੁੰਚੀਆਂ, ਜਿਨ੍ਹਾਂ 'ਚੋਂ ਸ਼ਾਨਦਾਰ ਮੁਕਾਬਲੇ ਤੋਂ ਬਾਅਦ ਇੱਕ ਟੀਮ ਜੇਤੂ ਰਹੀ।



# ਸ਼ਿਵਰਾਤਰੀ ਦੇ ਮੌਕੇ ਲਾਇਆ ਫ੍ਰੀ ਮੈਡੀਕਲ ਕੈਂਪ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)** ਸ਼੍ਰੀ ਬਾਲਾਜੀ ਖਾਟੂ ਸ਼ਿਆਮ ਮੰਦਰ ਵਿਖੇ ਮਹਾਂਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਗਿਆ।ਮੰਦਰ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਸ਼ਿਵਰਾਤਰੀ ਦੇ ਸ਼ੁਭ ਮੌਕੇ 'ਤੇ ਕਾਂਵੜੀਏ ਹਰਿਦੁਆਰ ਤੋਂ ਡਾਕ ਕਾਂਵੜ ਯਾਤਰਾ ਰਾਹੀਂ ਪਵਿੱਤਰ ਗੰਗਾ ਜਲ (ਕਾਂਵੜ) ਸ਼੍ਰੀ ਬਾਲਾਜੀ ਖਾਟੂ ਸ਼ਿਆਮ ਮੰਦਰ ਲੈ ਕੇ ਆਏ ਤੇ ਸ਼੍ਰੀ ਨਗਮਦੇਸ਼ਵਰ ਮਹਾਂਦੇਵ ਨੂੰ ਅਰਪਿਤ ਕੀਤਾ। ਵੱਡੀ ਗਿਣਤੀ 'ਚ ਸ਼ਹਿਰ ਵਾਸੀ ਮੰਦਰ ਵਿੱਚ ਇਕੱਠੇ ਹੋਏ ਤੇ ਸਾਰੇ ਸ਼ਰਧਾਲੂਆਂ ਨੇ ਕਾਂਵੜੀਆਂ ਦਾ ਫੁੱਲਾਂ ਨਾਲ ਸ਼ਾਨਦਾਰ ਸਵਾਗਤ ਕੀਤਾ। ਇਸ ਤੋਂ ਬਾਅਦ ਸਾਰੇ ਸ਼ਰਧਾਲੂ 'ਬਮ ਬਮ ਭੋਲੇ', 'ਜੈ ਸ਼ਿਵ ਸ਼ੰਕਰ', 'ਗੰਗਾ ਮਈਆ ਦੀ ਜੈ', 'ਹਰ ਹਰ ਮਹਾਂਦੇਵ' ਦੇ ਜੈਕਾਰੇ ਲਾਉਂਦੇ ਹੋਏ ਮੰਦਰ ਵਿੱਚ ਦਾਖਲ ਹੋਏ।ਇਸ ਤੋਂ ਬਾਅਦ ਸਾਰੇ ਸ਼ਰਧਾਲੂਆਂ ਨੇ ਭੋਲੇ ਬਾਬਾ ਦੀ ਪੂਜਾ ਕੀਤੀ।ਸਾਰਾ ਮਾਹੌਲ ਭੋਲੇ ਨਾਥ ਜੀ ਦੀ ਭਗਤੀ ਦੇ ਰੰਗ ਵਿੱਚ ਰੰਗਿਆ ਹੋਇਆ ਸੀ। ਇਸ ਮੌਕੇ ਸ਼੍ਰੀ ਸੰਤ ਸ਼ਿਰੋਮਣੀ ਇੱਛਾਪੂਰਤੀ ਬਾਲਾਜੀ ਚੈਰੀਟੇਬਲ ਟਰੱਸਟ ਵੱਲੋਂ ਆਉਣ ਵਾਲੇ ਸ਼ਰਧਾਲੂਆਂ ਲਈ ਪਕੌੜਿਆਂ ਤੇ ਖੀਰ ਦਾ ਲੰਗਰ ਲਾਇਆ ਗਿਆ। ਸ਼ਹਿਰ ਵਾਸੀਆਂ ਨੇ ਸ਼੍ਰੀ ਬਾਲਾਜੀ ਖਾਟੂ ਸ਼ਿਆਮ ਮੰਦਰ ਵਿਖੇ ਮਹਾਂਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਵੱਡੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ।ਸਵੇਰ ਤੋਂ ਰਾਤ ਤੱਕ ਭੋਲੇ ਬਾਬਾ ਦੇ ਦਰਸ਼ਨ ਕਰਨ ਤੇ ਜਲ ਚੜ੍ਹਾਉਣ ਲਈ ਸ਼ਰਧਾਲੂਆਂ ਦੀ ਭਾਰੀ ਭੀੜ ਲੱਗੀ ਰਹੀ। ਸੰਤ ਸ਼੍ਰੋਮਣੀ ਇੱਛਾਪੂਰਤੀ ਬਾਲਾਜੀ ਚੈਰੀਟੇਬਲ ਟਰੱਸਟ ਨੇ ਹਰਿਦੁਆਰ ਤੇ ਰਸਤੇ ਵਿੱਚ ਮੈਡੀਕਲ ਕੈਂਪਾਂ 'ਚ ਸ਼ਰਧਾਲੂਆਂ ਨੂੰ ਮੁਫ਼ਤ ਡਾਕਟਰੀ ਇਲਾਜ ਤੇ ਮੁਫ਼ਤ ਪਾਣੀ ਦੀ ਸੇਵਾ ਕੀਤੀ।ਮਹਾਂਸ਼ਿਵਰਾਤਰੀ 'ਤੇ ਸਾਰੇ ਸ਼ਿਵ ਭਗਤ ਤੇ ਸ਼ਰਧਾਲੂ ਭਗਵਾਨ ਸ਼ਿਵ ਨੂੰ ਖੁਸ਼ ਕਰਨ ਲਈ ਕਾਵੜ ਲਿਆਉਂਦੇ ਹਨ ਤੇ ਸ਼ਿਵ ਮੰਦਰ ਵਿੱਚ ਜਲ ਚੜ੍ਹਾਉਂਦੇ ਹਨ, ਭਗਵਾਨ ਭੋਲੇ ਨਾਥ ਸਾਰੇ ਸ਼ਰਧਾਲੂਆਂ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ।



# ਬਿਜਲੀ ਮੁਲਾਜ਼ਮਾਂ ਨੇ ਸਰਕਾਰਾਂ ਤੇ ਪਾਵਰਕਾਮ ਮੈਨੇਜਮੈਂਟ ਦੀ ਅਰਥੀਆਂ ਫੂਕੀਆਂ

**ਦੋਰਾਹਾ (ਹਰਮਿੰਦਰ ਸੇਠ)-** ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਤੇ ਕੋਆਰਡੀਨੇਸ਼ਨ ਕਮੇਟੀ ਆਫ ਪਾਵਰਕਾਮ ਐਂਡ ਟਰਾਂਸਕੋ ਆਊਟਸੋਰਸਡ ਮੁਲਾਜ਼ਮ ਪੰਜਾਬ ਤੇ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਦੇ ਫੈਸਲਿਆਂ ਅਨੁਸਾਰ ਡਵੀਜ਼ਨ ਦੋਰਾਹਾ ਅਧੀਨ ਪੈਂਦੀਆਂ ਸਬ ਡਵੀਜ਼ਨਾਂ ਦੇ ਕਾਮਿਆਂ ਨੇ ਸਾਂਝੇ ਤੌਰ 'ਤੇ ਸ਼ਹਿਰੀ ਦੋਰਾਹਾ ਦੇ ਕੰਪਲੇਂਟ ਸੈਂਟਰ ਤੇ ਸਬ ਡਵੀਜ਼ਨ ਧਮੋਟ ਵਿਖੇ ਕੇਂਦਰ ਸਰਕਾਰ ਵੱਲੋਂ ਉਦਯੋਗਿਕ ਕੋਡ ਸੋਧ ਬਿੱਲ ਪਾਸ ਕਰਕੇ ਪਾਰਲੀਮੈਂਟ ਵਿੱਚ ਮਨਜ਼ੂਰੀ ਦੇਣ ਦੇ ਵਿਰੋਧ ਵਿੱਚ ਤੇ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਪਟਿਆਲਾ ਵਿਖੇ ਬਡੂੰਗਰ ਦੀ 50 ਏਕੜ ਜ਼ਮੀਨ ਵੇਚਣ ਦੇ ਫੈਸਲੇ ਨੂੰ ਬੀ.ਓ.ਡੀ. ਦੀ ਮੀਟਿੰਗ ਵਿੱਚ ਪ੍ਰਵਾਨਗੀ ਦੇਣ ਦੇ ਕੀਤੇ ਫੈਸਲੇ ਦੇ ਵਿਰੋਧ ਵਿੱਚ ਰੈਲੀਆਂ ਕਰਕੇ ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਦੀਆਂ ਅਰਥੀਆਂ ਸਾੜੀਆਂ ਗਈਆਂ।

ਆਗੂਆਂ ਨੇ ਗੇਟ ਰੈਲੀਆਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਤੋਂ ਬਣੇ ਲੋਕ ਪੱਖੀ ਕਾਨੂੰਨਾਂ ਨੂੰ ਵੱਡੀ ਪੱਧਰ ਤੇ ਤਬਦੀਲ ਤੇ ਬਹੁਤ ਸਾਰੇ ਕਾਨੂੰਨਾਂ ਨੂੰ ਮੁੱਢੋਂ ਹੀ ਖਤਮ ਕੀਤਾ ਜਾ ਰਿਹਾ ਹੈ।ਕੇਂਦਰ ਸਰਕਾਰ ਵੱਲੋਂ ਵੱਡੀ ਪੱਧਰ 'ਤੇ ਕਾਰਪੋਰੇਟ ਪੱਖੀ ਨਵੇਂ ਨਵੇਂ ਕਾਨੂੰਨ ਲਿਆ ਕੇ ਕਿਰਤੀ ਲੋਕਾਂ ਦੀ ਰੱਤ ਨਿਚੋੜ ਲੁੱਟ ਕਰਨ ਦਾ ਹੱਲਾ ਵਿੱਢਿਆ ਹੋਇਆ ਹੈ।ਇਸ ਹੱਲੇ ਤਹਿਤ ਹੀ ਉਦਯੋਗਿਕ ਕੋਡ ਸੋਧ ਬਿੱਲ ਪਾਰਲੀਮੈਂਟ ਵਿੱਚ ਪਾਸ ਕਰ ਦਿੱਤਾ ਗਿਆ ਹੈ।ਕਾਮਾ ਦੋਖੀ ਚਾਰ ਲੇਬਰ ਕੋਡ ਵੀ ਲਾਗੂ ਕੀਤੇ ਜਾ ਰਹੇ ਹਨ।ਖੇਤੀ ਤੇ ਕਾਰਪੋਰੇਟੀ ਕਬਜ਼ਾ ਕਰਾਉਣ ਲਈ ਬੀਜ ਬਿੱਲ 2025 ਲਿਆਂਦਾ ਜਾ ਰਿਹਾ ਹੈ।ਪੰਜਾਬ ਸਰਕਾਰ ਵੱਲੋਂ ਪਾਵਰਕਾਮ ਦੀਆਂ ਜ਼ਮੀਨਾਂ ਵੇਚੀਆਂ ਜਾ ਰਹੀਆਂ ਹਨ, ਪਟਿਆਲਾ ਨੇੜੇ ਬਡੂੰਗਰ ਦੀ 50 ਏਕੜ ਜ਼ਮੀਨ ਵੇਚਣ ਦਾ ਫੈਸਲਾ ਬੋਰਡ ਆਫ ਡਾਇਰੈਕਟਰ ਦੀ ਮੀਟਿੰਗ ਵਿੱਚ ਕਰ ਦਿੱਤਾ ਗਿਆ ਹੈ, ਰਾਜਪੁਰਾ ਥਰਮਲ ਪਲਾਂਟ ਗੁਜਰਾਤ ਦੀ ਇੱਕ ਕੰਪਨੀ ਨੂੰ ਵੇਚ ਦਿੱਤਾ ਗਿਆ ਹੈ, ਜਿਸ ਦੀ ਆਗੂਆਂ ਨੇ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਕੇਂਦਰ ਤੇ ਪੰਜਾਬ ਸਰਕਾਰ ਇਨ੍ਹਾਂ ਨੀਤੀਆਂ ਨੂੰ ਲਾਗੂ ਕਰਨਾ ਬੰਦ ਕਰੇ।

ਆਗੂਆਂ ਨੇ ਕਿਹਾ ਕਿ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਦੀਆਂ 90 ਦੇ ਕਰੀਬ ਜਥੇਬੰਦੀਆਂ ਦੇ ਸਾਂਝੇ ਫੈਸਲੇ ਮੁਤਾਬਕ 22 ਫਰਵਰੀ ਨੂੰ ਖੰਨਾ ਵਿਖੇ ਆਮ ਆਦਮੀ ਪਾਰਟੀ ਦੇ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਦੇ ਦਫ਼ਤਰ ਸਾਹਮਣੇ ਸਾਂਝਾ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ।ਜੇਕਰ ਕੇਂਦਰ ਸਰਕਾਰ ਵੱਲੋਂ ਲੋਕ ਸਭਾ/ਰਾਜ ਸਭਾ ਵਿੱਚ ਬਿਜਲੀ ਸੋਧ ਬਿਲ 2025 ਤੇ ਬੀਜ ਬਿੱਲ 2025 ਲਿਆਂਦਾ ਗਿਆ ਤਾਂ ਉਸ ਦਿਨ ਨੂੰ ਕਾਲਾ ਦਿਨ ਮਨਾਉਂਦਿਆਂ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।ਦੋਵੇਂ ਗੇਟ ਰੈਲੀਆਂ ਵਿੱਚ ਵੱਖ ਵੱਖ ਆਗੂਆਂ ਬਲਵੀਰ ਸਿੰਘ, ਬੁੱਧ ਸਿੰਘ, ਬੂਟਾ ਸਿੰਘ, ਸੁਖਜੀਤ ਸਿੰਘ, ਜਸਵਿੰਦਰ ਸਿੰਘ, ਅਮਰੀਕ ਸਿੰਘ, ਰਾਮਜੀਤ ਸਿੰਘ, ਭਰਭੂਰ ਸਿੰਘ, ਬਲਜੀਤ ਸਿੰਘ, ਰਵਿੰਦਰ ਸਿੰਘ, ਮਨਪ੍ਰੀਤ ਸਿੰਘ ਨੇ ਸੰਬੋਧਨ ਕੀਤਾ।





# ਮਾਤਾ ਸੁੰਦਰੀ 'ਵਰਸਿਟੀ ਗਰਲਜ਼ ਕਾਲਜ 'ਚ 9 ਕਰੋੜ 99 ਲੱਖ ਰੁਪਏ ਦੀ ਲਾਗਤ ਨਾਲ ਬਣੇਗਾ ਹੋਸਟਲ : ਡਾ. ਬਲਜੀਤ ਕੌਰ

**ਮਾਨਸਾ, (ਆਤਮਾ ਸਿੰਘ ਪਮਾਰ)** ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ ਵਿਖੇ ਆਯੋਜਤ ਦੂਜੀ ਕਨਵੋਕੇਸ਼ਨ ਤੇ ਸਾਲਾਨਾ ਇਨਾਮ ਵੰਡ ਸਮਾਰੋਹ 'ਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।ਇਸ ਸਮੇਂ ਉਨ੍ਹਾਂ ਸਾਲ 2021 ਤੋਂ ਸਾਲ 2025 ਤੱਕ ਪਾਸ ਹੋਈਆਂ 300 ਗਰੈਜੂਏਟ ਤੇ 161 ਪੋਸਟ ਗਰੈਜੂਏਟ ਵਿਦਿਆਰਥਣਾਂ ਨੂੰ ਡਿਗਰੀਆਂ ਤਕਸੀਮ ਕੀਤੀਆਂ। ਡਾ. ਬਲਜੀਤ ਕੌਰ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਲੜਕੀਆਂ ਲਈ ਉੱਚ ਸਿੱਖਿਆ ਪ੍ਰਾਪਤ ਕਰਨਾ ਬਹੁਤ ਲਾਜ਼ਮੀ ਹੈ, ਜਿਸ ਦੇ ਲਈ ਪੰਜਾਬ ਸਰਕਾਰ ਵੱਲੋਂ ਹਮੇਸ਼ਾ ਸਹਿਯੋਗ ਕੀਤਾ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ 'ਚ ਵਿਦਿਆਰਥਣਾਂ ਦੇ ਹੋਸਟਲ ਲਈ 09 ਕਰੋੜ, 99 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਤੇ ਇਹ ਬਹੁਤ ਵੱਡੀ ਸਮਰੱਥਾ ਵਾਲਾ ਕਾਲਜ ਹੈ, ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੇ ਕੋਰਸਾਂ ਦੀ ਪੜ੍ਹਾਈ ਕਰਾਈ ਜਾ ਰਹੀ ਹੈ।ਇਹ ਸੰਸਥਾ ਇਲਾਕੇ ਦੀਆਂ ਲੜਕੀਆਂ ਦੀ ਉਚੇਰੀ ਪੜ੍ਹਾਈ ਲਈ ਬਹੁਤ ਹੀ ਲਾਹੇਵੰਦ ਸਾਬਤ ਹੋ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਕੋਈ ਸਮਾਂ ਸੀ, ਜਦੋਂ ਔਰਤਾਂ ਨੂੰ ਘਰਾਂ ਤੱਕ ਹੀ ਸੀਮਤ ਰੱਖਿਆ ਜਾਂਦਾ ਸੀ।ਸਤੀ ਪ੍ਰਥਾ, ਬਾਲ ਵਿਆਹ, ਭਰੂਣ ਹੱਤਿਆ ਜਿਹੇ ਰਸਮ ਰਿਵਾਜ ਹਮੇਸ਼ਾ ਔਰਤ ਨੂੰ ਸੀਮਤ ਦਾਇਰੇ 'ਚ ਰੱਖਣ ਲਈ ਬਣਾਏ ਗਏ, ਜਿਨ੍ਹਾਂ ਨੇ ਕਦੇ ਵੀ ਔਰਤ ਦਾ ਮਾਨਸਿਕ ਤੇ ਸਮਾਜਿਕ ਵਿਕਾਸ ਨਹੀਂ ਹੋਣ ਦਿੱਤਾ ਤੇ ਉਸ ਨੂੰ ਅੱਗੇ ਨਹੀਂ ਆਉਣ ਦਿੱਤਾ, ਪਰ ਔਰਤ ਨੇ ਖੁਦ ਨੂੰ ਪਛਾਨਿਆ ਤੇ ਸਮਾਜ ਵਿੱਚ ਮਰਦ ਦੇ ਬਰਾਬਰ ਦਾ ਰੁਤਬਾ ਹਾਸਲ ਕੀਤਾ ਕਾਲਜ ਪ੍ਰਿੰਸੀਪਲ ਡਾ. ਬਰਿੰਦਰ ਕੌਰ ਨੇ ਕਾਲਜ ਦੀਆਂ ਵਿਸ਼ੇਸ਼ ਪ੍ਰਾਪਤੀਆਂ ਤੇ ਸਹੂਲਤਾਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਹਮੇਸ਼ਾ ਕੋਸ਼ਿਸ਼ ਰਹੀ ਹੈ ਕਿ ਉਹ ਕਾਲਜ ਵਿਚ ਵੱਖ-ਵੱਖ ਤਰ੍ਹਾਂ ਦੇ ਕੋਰਸ ਤੇ ਹੋਰ ਸੁਵਿਧਾਵਾਂ ਲੈ ਕੇ ਆਉਣ, ਜਿਸ ਕਾਰਨ ਇਲਾਕੇ ਦੀਆਂ ਵੱਧ ਤੋਂ ਵੱਧ ਵਿਦਿਆਰਥਣਾਂ ਇਸ ਕਾਲਜ ਵਿੱਚ ਦਾਖਲਾ ਲੈਣ ਤੇ ਕਾਲਜ ਦਾ ਮਾਣ ਵਧਾਉਣ।



# ਨਵਾਬ ਸ਼ੇਰ ਮੁਹੰਮਦ ਖਾਨ ਇੰਸ. ਵਿਖੇ ਡਾ. ਬਲਰਾਮ ਸ਼ਰਮਾ ਦਾ ਸਨਮਾਨ

**ਦੋਰਾਹਾ (ਹਰਮਿੰਦਰ ਸੇਠ)-** ਨਵਾਬ ਸ਼ੇਰ ਮੁਹੰਮਦ ਖਾਨ ਇੰਸਟੀਚਿਊਟ ਮਲੇਰਕੋਟਲਾ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਵਿਖੇ ਵਿਭਾਗ ਮੁਖੀ ਪ੍ਰੋ. ਡਾ. ਰੁਬੀਨਾ ਸ਼ਬਨਮ ਦੀ ਅਗਵਾਈ ਹੇਠ ਇੱਕ ਪ੍ਰਭਾਵਸ਼ਾਲੀ ਸਮਾਗਮ ਕੀਤਾ ਗਿਆ।ਇਸ ਮੌਕੇ ਮਲੇਰਕੋਟਲਾ ਦੇ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਆਪਣੀ ਬੇਗਮ ਫ਼ਰਿਆਲ ਰਹਿਮਾਨ ਸਮੇਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਇਸ ਦੌਰਾਨ ਨੈਸ਼ਨਲ ਐਵਾਰਡੀ ਡਾ. ਬਲਰਾਮ ਸ਼ਰਮਾ (ਖੰਨਾ) ਤੇ ਹਰਦੀਪ ਸਿੰਘ (ਲੁਧਿਆਣਾ) ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਨ੍ਹਾਂ ਵਿਦਿਆਰਥੀਆਂ ਵੱਲੋਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਵਿਖੇ ਕਰਵਾਏ ਗਏ ਪੰਜ ਰੋਜ਼ਾ ਆਨਲਾਈਨ ਪ੍ਰੋਗਰਾਮ ਵਿੱਚ ਭਾਗ ਲੈ ਕੇ ਪ੍ਰੀਖਿਆ ਵਿੱਚੋਂ 'ਏ' ਗ੍ਰੇਡ ਪ੍ਰਾਪਤ ਕੀਤਾ ਗਿਆ।ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਜਮੀਲ ਨੇ ਕਿਹਾ ਕਿ ਜ਼ੁਬਾਨ ਕਿਸੇ ਵੀ ਕੌਮ ਜਾਂ ਵਿਸ਼ੇਸ਼ ਜਮਾਤ ਦੀ ਨਹੀਂ ਹੁੰਦੀ ਅਤੇ ਡਾ. ਬਲਰਾਮ ਸ਼ਰਮਾ ਤੇ ਹਰਦੀਪ ਸਿੰਘ ਵਰਗੇ ਵਿਦਿਆਰਥੀਆਂ ਦਾ ਉਰਦੂ, ਅਰਬੀ ਤੇ ਫ਼ਾਰਸੀ ਭਾਸ਼ਾਵਾਂ ਵੱਲ ਰੁਝਾਨ ਕਾਬਿਲ-ਏ-ਤਾਰੀਫ਼ ਹੈ।ਉਨ੍ਹਾਂ ਵੱਲੋਂ ਪ੍ਰੋ. ਡਾ. ਰੁਬੀਨਾ ਸ਼ਬਨਮ, ਡਾ. ਯਾਵਰ ਮੀਰ ਅਬਾਸ ਤੇ ਸਮੁੱਚੀ ਟੀਮ ਦੀ ਵੀ ਪ੍ਰਸੰਸਾ ਕੀਤੀ ਗਈ।ਇਸ ਮੌਕੇ ਸ਼ਾਮ-ਏ-ਮੁਸ਼ਾਇਰਾ ਦਾ ਆਯੋਜਨ ਵੀ ਕੀਤਾ ਗਿਆ, ਜਿਸ 'ਚ ਮਰਹੂਮ ਸ਼ਾਇਰ ਸਾਹਿਰ ਲੁਧਿਆਣਵੀ ਨੂੰ ਯਾਦ ਕੀਤਾ ਗਿਆ।ਪ੍ਰੋ. ਡਾ. ਰੁਬੀਨਾ ਸ਼ਬਨਮ, ਰਾਮ ਕਮਲ (ਦੋਰਾਹਾ), ਡਾ. ਬਲਰਾਮ ਸ਼ਰਮਾ ਤੇ ਅਨਵਾਰ ਅੰਜੁਮ ਵੱਲੋਂ ਉਰਦੂ ਤੇ ਫ਼ਾਰਸੀ ਕਲਾਮ ਪੇਸ਼ ਕੀਤਾ ਗਿਆ।ਇਸ ਦੌਰਾਨ ਲੇਖਕ ਰਾਮ ਕਮਲ (ਦੋਰਾਹਾ) ਵੱਲੋਂ ਆਪਣੀਆਂ ਪੁਸਤਕਾਂ 'ਜ਼ਿੰਦਗੀ ਦੀ ਧੁੱਪ ਤੇ ਛਾਂ' ਅਤੇ 'ਨਈਂ ਮੰਜ਼ਿਲ ਕੀ ਔਰ' ਵਿਧਾਇਕ ਡਾ. ਜਮੀਲ ਤੇ ਪ੍ਰੋ. ਡਾ. ਰੁਬੀਨਾ ਸ਼ਬਨਮ ਨੂੰ ਅਦਾਰੇ ਦੀ ਲਾਇਬ੍ਰੇਰੀ ਲਈ ਭੇਟ ਕੀਤੀਆਂ ਗਈਆਂ। ਇਸ ਮੌਕੇ ਅਨਵਾਰ ਅੰਜੁਮ, ਡਾ. ਮੁਹੰਮਦ ਗਫ਼ੂਰ, ਡਾ. ਮੁਹੰਮਦ ਰਮਜ਼ਾਨ, ਮੁਹੰਮਦ ਅਸ਼ਰਫ, ਮੁਹੰਮਦ ਗੁਲਜ਼ਾਰ, ਅਬਦੁਲ ਸ਼ਕੂਰ, ਮੁਹੰਮਦ ਸਾਜਿਦ, ਸਲੀਮ ਅਹਿਮਦ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਮੌਜੂਦ ਸਨ।



# ਕਿਰਤੀ ਕਿਸਾਨ ਯੂਨੀਅਨ ਵੱਲੋਂ ਐੱਸ ਐੱਸ ਪੀ ਦਫ਼ਤਰ ਵਿਖੇ ਧਰਨਾ

**ਮੋਗਾ (ਇਕਬਾਲ ਸਿੰਘ ਖਹਿਰਾ)-** ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਮੋਗਾ ਵੱਲੋਂ ਕੋਟ ਈਸੇ ਖਾਂ ਦੇ ਸਿੱਧ ਮੰਦਰ ਤੇ ਮੰਦਰ ਦੀ ਜ਼ਮੀਨ ਉੱਪਰ ਸਿਆਸੀ, ਪੁਲਸ, ਭੂ-ਮਾਫੀਆ ਵੱਲੋਂ ਕਬਜ਼ਾ ਕਰਨ ਦੇ ਵਿਰੋਧ ਵਿੱਚ ਐੱਸ ਐੱਸ ਪੀ ਦਫਤਰ ਮੋਗਾ ਵਿਖੇ ਧਰਨਾ ਲਗਾਇਆ ਗਿਆ।ਬਲਾਕ ਧਰਮਕੋਟ ਦੇ ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਚੀਮਾ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਸਮੇਲ ਸਿੰਘ ਰਾਜਿਆਣਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਅੱਜ ਕੋਟ ਈਸੇ ਖਾਂ ਦੇ ਸਿੱਧ ਮੰਦਰ ਦੇ ਸਬੰਧ ਵਿੱਚ ਐੱਸ ਐੱਸ ਪੀ ਦਫ਼ਤਰ ਮੋਗਾ ਅੱਗੇ ਜ਼ਿਲ੍ਹਾ ਪ੍ਰਧਾਨ ਪਰਗਟ ਸਿੰਘ ਸਾਫੂਵਾਲਾ ਦੀ ਅਗਵਾਈ ਹੇਠ ਧਰਨਾ ਲਗਾਇਆ ਗਿਆ, ਜਿਸ ਵਿੱਚ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਸੂਬਾਈ ਆਗੂ ਚਮਕੌਰ ਸਿੰਘ ਰੋਡੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮਾਮਲਾ ਕੋਟ ਈਸੇ ਖਾਂ ਦੇ ਸਿੱਧ ਮੰਦਰ ਦੇ ਪੁਜਾਰੀ ਗੋਬਿੰਦ ਪੁਰੀ ਨੂੰ ਸਿਆਸੀ ਸ਼ਹਿ 'ਤੇ ਪੁਲਸ ਦੀ ਪੁਸ਼ਤਪਨਾਹੀ ਕਰਕੇ ਭੂ-ਮਾਫੀਆ ਸ਼ਮਸ਼ੇਰ ਸਿੰਘ ਸ਼ੇਰੇ ਵੱਲੋਂ ਮੰਦਰ ਦੀ ਜ਼ਮੀਨ 'ਤੇ ਕਬਜ਼ਾ ਕੀਤਾ ਗਿਆ ਅਤੇ ਕੋਟਕਪੂਰੇ ਵਾਲੇ ਗੋਪਾਲ ਨੰਦ ਵੱਲੋਂ ਮੰਦਰ ਦੇ ਪੁਜਾਰੀ ਗੋਬਿੰਦ ਪੁਰੀ ਨੂੰ ਮੰਦਰ ਵਿੱਚੋਂ ਬਾਹਰ ਕੱਢਿਆ ਅਤੇ ਗੱਡੀ ਸਮੇਤ ਮੰਦਰ ਦਾ ਹੋਰ ਕੀਮਤੀ ਸਾਮਾਨ ਚੋਰੀ ਕਰ ਲਿਆ ਗਿਆ। ਸਾਰੇ ਦੋਸ਼ੀਆਂ ਖਿਲਾਫ ਬਣਦੀ ਕਾਰਵਾਈ ਕਰਵਾਉਣ ਤੇ ਭੂ-ਮਾਫੀਆ ਵੱਲੋਂ ਮੰਦਰ ਤੇ ਜ਼ਮੀਨ 'ਤੇ ਕੀਤੇ ਨਜਾਇਜ਼ ਕਬਜ਼ੇ ਨੂੰ ਛੁਡਵਾਉਣ ਲਈ ਐੱਸ ਐੱਸ ਪੀ ਦਫ਼ਤਰ ਮੋਗਾ ਅੱਗੇ ਰੋਸ ਵਜੋਂ ਧਰਨਾ ਲਗਾਇਆ ਗਿਆ। ਇਸ ਮੌਕੇ ਐੱਸ ਪੀ ਐੱਚ ਸੰਦੀਪ ਸਿੰਘ ਮੰਡ ਨੇ ਮੰਦਰ ਦੇ ਸੰਬੰਧ ਵਿੱਚ ਜੋ ਵੀ ਮਾਮਲਾ ਹੈ, ਉਸ ਨੂੰ ਜਲਦ ਨਿਪਟਾਉਣ ਦਾ ਭਰੋਸਾ ਦੁਆਇਆ ਅਤੇ ਜਥੇਬੰਦੀ ਵੱਲੋਂ ਐੱਸ ਪੀ ਐੱਚ ਸੰਦੀਪ ਸਿੰਘ ਵੱਲੋਂ ਦਿੱਤੇ ਗਏ ਭਰੋਸੇ ਤੋਂ ਬਾਅਦ ਆਖਿਆ ਕਿ ਜੇਕਰ ਪੁਲਸ ਪ੍ਰਸ਼ਾਸਨ ਵੱਲੋਂ ਜਲਦ ਮਸਲਾ ਹੱਲ ਕਰ ਕੇ ਮਹੰਤ ਗੋਬਿੰਦ ਪੁਰੀ ਨੂੰ ਇਨਸਾਫ਼ ਨਾ ਦਿਵਾਇਆ ਗਿਆ ਤਾਂ ਕਿਰਤੀ ਕਿਸਾਨ ਯੂਨੀਅਨ ਵੱਲੋਂ ਮਜਬੂਰਨ ਸੰਘਰਸ਼ ਵਿੱਢਿਆ ਜਾਵੇਗਾ, ਜਿਸ ਦਾ ਸਿਵਿਲ ਪ੍ਰਸ਼ਾਸਨ ਤੇ ਪੁਲਸ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ।ਇਸ ਮੌਕੇ ਨਾਜਰ ਸਿੰਘ, ਤੀਰਥ ਸਿੰਘ, ਮੋਹਨ ਸਿੰਘ, ਮੁਖਤਿਆਰ ਸਿੰਘ, ਬੂਟਾ ਸਿੰਘ, ਬਲਕਰਨ ਸਿੰਘ, ਕੁਲਜੀਤ ਸਿੰਘ, ਸਾਰਜ ਸਿੰਘ, ਅਵਤਾਰ ਸਿੰਘ ਆਦਿ ਹਾਜ਼ਰ ਹੋਏ।



# ਸੜਕਾਂ ਤੇ ਨਹਿਰਾਂ 'ਤੇ ਲੱਗੇ ਪੁਰਾਣੇ ਦਰੱਖਤਾਂ ਦੀ ਨਜਾਇਜ਼ ਕਟਾਈ, ਵਣ ਵਿਭਾਗ ਦੇ ਅਧਿਕਾਰੀ ਨੂੰ ਸੌਂਪਿਆ ਮੰਗ ਪੱਤਰ



**ਮਾਨਸਾ (ਆਤਮਾ ਸਿੰਘ ਪਮਾਰ)** ਜ਼ਿਲ੍ਹੇ ਦੇ ਵਣ ਵਿਭਾਗ 'ਚ ਵੱਡੀ ਪੱਧਰ 'ਤੇ ਦਰੱਖਤਾਂ ਦੀ ਕਟਾਈ ਤੇ ਸਾਂਭ-ਸੰਭਾਲ ਨਾ ਹੋਣ 'ਤੇ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਤੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਡੀ ਐੱਫ ਓ ਵਣ ਵਿਭਾਗ ਨੂੰ ਇੱਕ ਵਫ਼ਦ ਦੇ ਰੂਪ 'ਚ ਮੁਲਾਕਾਤ ਕੀਤੀ। ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਕੇਂਦਰੀ ਆਗੂ ਕਾ. ਰਾਜਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਹਾਈਵੇਅ ਬਣਾਉਣ ਸਮੇਂ ਹਜ਼ਾਰਾਂ ਪੁਰਾਣੇ ਦਰੱਖਤਾਂ ਦਾ ਪਹਿਲਾਂ ਹੀ ਉਜਾੜਾ ਹੋ ਚੁੱਕਾ ਹੈ।ਦੂਜੇ ਪਾਸੇ ਮਾਨਸਾ ਜ਼ਿਲ੍ਹਾ ਦੇ ਵਣ ਵਿਭਾਗ ਅੰਦਰ ਨਹਿਰਾਂ ਤੇ ਹਾਈਵੇ 'ਤੇ ਲੱਗੇ ਪੁਰਾਣੇ ਵੱਡੇ ਦਰੱਖਤਾਂ ਦੀ ਨਜਾਇਜ਼ ਕਟਾਈ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਬਹੁਤ ਹੀ ਛੋਟੇ ਦਰੱਖਤਾਂ 'ਤੇ ਨੰਬਰ ਲਾ ਕੇ ਪੂਰਤੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਗੂਆਂ ਨੇ ਵਣ ਵਿਭਾਗ ਦੇ ਮੰਤਰੀ ਤੋਂ ਮੰਗ ਕੀਤੀ ਕਿ ਜੇਕਰ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਤਾਂ ਹਜ਼ਾਰਾਂ ਦਰੱਖਤਾਂ ਦੀ ਨਜਾਇਜ਼ ਕਟਾਈ ਦਾ ਸਕੈਂਡਲ ਸਾਹਮਣੇ ਆ ਸਕਦਾ ਹੈ।ਉਨ੍ਹਾਂ ਕਿਹਾ ਨੇ ਕਿਹਾ ਜੋ ਪਿੰਡਾਂ ਅਤੇ ਸੜਕਾਂ ਤੇ ਹਰ ਸਾਲ ਲੱਖਾਂ ਬੂਟੇ ਵਿੱਚ ਨਵੇਂ ਬੂਟੇ ਲਾਏ ਜਾਂਦੇ ਹਨ, ਉਹਨਾਂ ਵਿਚੋਂ ਵੱਡੀ ਪੱਧਰ 'ਤੇ ਸਾਂਭ ਸੰਭਾਲ ਨਾ ਹੋਣ ਕਰਕੇ ਖਤਮ ਹੋ ਗਏ ਤੇ ਕਾਗਜ਼ੀ ਕਾਰਵਾਈ 'ਤੇ ਲੱਗੇ ਹੋਏ ਬੂਟੇ ਸਹੀ ਸਲਾਮਤ ਵਿਖਾਏ ਜਾ ਰਹੇ ਹਨ। ਆਗੂਆਂ ਨੇ ਕਿਹਾ ਕਿ ਜ਼ਿਲ੍ਹੇ ਦੀਆਂ ਸਬੰਧਤ ਰੇਂਜਾਂ ਵਿੱਚ ਮਿਲੀਭੁਗਤ ਕਰਕੇ ਇਹ ਸਭ ਕੁੱਝ ਹੋ ਰਿਹਾ ਹੈ। ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਬਲਵਿੰਦਰ ਸਿੰਘ ਘਰਾਂਗਣਾਂ ਕਾਮਰੇਡ ਗੁਰਸੇਵਕ ਮਾਨ ਨੇ ਕਿਹਾ ਕਿ ਜੋ ਨਰਸਰੀਆਂ 'ਚ ਮਨਰੇਗਾ ਮੇਟ ਲਵਾਏ ਜਾਂਦੇ ਹਨ, ਉਨ੍ਹਾਂ ਨੂੰ ਸਬੰਧਤ ਮੁਲਾਜ਼ਮਾਂ ਵੱਲੋਂ ਗਲਤ ਹਾਜ਼ਰੀਆਂ ਲਾਉਣ ਲਈ ਉਕਸਾਇਆ ਜਾਂਦਾ ਹੈ ਤੇ ਹੋਰ ਵਾਧੂ ਦੇ ਕੰਮਾਂ ਵਿੱਚ ਵੀ ਮੇਟਾਂ ਨੂੰ ਉਲਝਾਇਆ ਜਾਂਦਾ ਹੈ। ਆਗੂਆਂ ਨੇ ਕਿਹਾ ਕਿ ਨਰਸਰੀਆਂ ਦੇ ਹੋਰ ਕੰਮਾਂ ਦੇ ਜਾਅਲੀ ਬਿੱਲ ਬਣਾਏ ਜਾਂਦੇ ਹਨ ਤੇ ਉਨ੍ਹਾਂ ਕੰਮਾਂ ਦੇ ਰੁਪਿਆ ਦੀ ਭਰਪਾਈ ਗਲਤ ਹਾਜ਼ਰੀਆਂ ਲਾ ਕੇ ਪੂਰੀ ਕੀਤੀ ਜਾਂਦੀ ਹੈ। ਆਗੂਆਂ ਨੇ ਲਿਖਤੀ ਮੰਗ ਪੱਤਰ ਸੌਂਪਦਿਆਂ ਮੰਗ ਕੀਤੀ ਕਿ ਭੈਣੀਬਾਘਾ ਰੇਂਜ ਸਮੇਤ ਸਾਰੇ ਜ਼ਿਲ੍ਹੇ ਦੀਆਂ ਰੇਂਜਾਂ 'ਚ ਨਹਿਰਾਂ ਤੇ ਸੜਕਾਂ ਤੇ ਪੁਰਾਣੇ ਵੱਡੇ ਦਰੱਖਤਾਂ ਦੀ ਨਜਾਇਜ਼ ਕਟਾਈ ਦੀ ਜਾਂਚ ਕੀਤੀ ਜਾਵੇ ਤੇ ਦੋਸ਼ੀ ਪਾਏ ਗਏ ਸਬੰਧਤ ਮੁਲਾਜ਼ਮ ਤੇ ਸਖ਼ਤ ਤੋਂ ਸਖ਼ਤ ਕਾਰਵਾਈ ਵੀ ਕੀਤੀ ਜਾਵੇ।

# ਪੁੱਡਾ ਦੇ ਨਾਂਅ ਜ਼ਮੀਨ ਤਬਦੀਲ ਕਰਨ ਦੇ ਵਿਰੋਧ 'ਚ ਰੋਸ ਰੈਲੀ



**ਲਹਿਰਾਗਾਗਾ (ਰੀਤਵਾਲ)** ਸਾਂਝੇ ਧੜੇ ਦੀਆਂ ਜਥੇਬੰਦੀਆਂ ਬਿਜਲੀ ਮੁਲਾਜ਼ਮ ਏਕਤਾ ਮੰਚ, ਜੁਆਇੰਟ ਫੋਰਮ ਪੰਜਾਬ ਤੇ ਪੈਨਸ਼ਨਰ ਯੂਨੀਅਨਾਂ ਦੇ ਸੱਦੇ 'ਤੇ ਦਿੱਤੇ ਸੰਘਰਸ਼ ਅਨੁਸਾਰ ਮੰਡਲ ਲਹਿਰਾਗਾਗਾ ਵਿਖੇ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਬਿਜਲੀ ਨਿਗਮ ਦੀ ਪਟਿਆਲਾ ਸ਼ਹਿਰ ਦੇ ਬਡੂੰਗਰ ਵਿਖੇ 50 ਏਕੜ ਜ਼ਮੀਨ ਪੁੱਡਾ ਦੇ ਨਾਂਅ ਤਬਦੀਲ ਕਰਨ ਦੇ ਵਿਰੋਧ ਵਿੱਚ ਰੋਸ ਰੈਲੀ ਕੀਤੀ ਗਈ।ਸੂਬਾਈ ਆਗੂ ਪੂਰਨ ਸਿੰਘ ਖਾਈ, ਜੰਗੀਰ ਸਿੰਘ, ਜਸਵਿੰਦਰ ਸਿੰਘ ਜੱਸਾ ਤੇ ਰਾਮ ਚੰਦਰ ਸਿੰਘ ਖਾਈ ਨੇ ਦੱਸਿਆ ਕਿ ਪਾਵਰਕਾਮ ਦੀ ਮੈਨੇਜਮੈਂਟ ਨੇ ਪਿਛਲੇ ਸਾਲ ਵਿੱਚ ਤੇ ਹੁਣ 14 ਜਨਵਰੀ ਨੂੰ ਗੈਸਟ ਹਾਊਸ ਮੁਹਾਲੀ ਵਿਖੇ ਮੀਟਿੰਗ ਕਰਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਵਾਜਬ ਮੰਗਾਂ ਨੂੰ ਲਾਗੂ ਕਰਨ ਲਈ ਵਚਨਬੱਧਤਾ ਕੀਤੀ ਸੀ ਤੇ ਮੀਟਿੰਗ ਵਿੱਚ ਸਰਕਾਰੀ ਜ਼ਮੀਨਾਂ ਨਾ ਵੇਚਣ ਦਾ ਫ਼ੈਸਲਾ ਕੀਤਾ ਗਿਆ ਸੀ, ਪ੍ਰੰਤੂ ਕੀਤੇ ਵਾਅਦੇ ਦੇ ਉਲਟ ਮੁਲਾਜ਼ਮਾਂ ਦੀ ਕੋਈ ਵੀ ਮੰਗ ਲਾਗੂ ਨਹੀਂ ਕੀਤੀ ਗਈ ਅਤੇ ਉਲਟਾ ਪੰਜਾਬ ਸਰਕਾਰ ਵੱਲੋਂ ਘਾਟੀਆਂ ਨੀਤੀਆਂ ਨੂੰ ਲਾਗੂ ਕਰਨ ਕਰਕੇ ਪੰਜਾਬ ਦੇ ਪੈਸੇ ਨੂੰ ਪਾਣੀ ਦੀ ਤਰ੍ਹਾਂ ਲੁੱਟ ਆਇਆ ਜਾ ਰਿਹਾ ਹੈ ਤੇ ਸਰਕਾਰੀ ਜ਼ਮੀਨਾਂ ਨੂੰ ਵੇਚਿਆ ਜਾ ਰਿਹਾ ਹੈ।ਉਨ੍ਹਾਂ ਪੰਜਾਬ ਦੀਆਂ ਸਮੁੱਚੀਆਂ ਮੁਲਾਜ਼ਮ ਜਥੇਬੰਦੀਆਂ, ਕਿਸਾਨ ਜਥੇਬੰਦੀਆਂ, ਮਜ਼ਦੂਰ ਜਥੇਬੰਦੀਆਂ ਤੇ ਪੰਜਾਬ ਦੇ ਨੌਜਵਾਨਾਂ ਨੂੰ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਸਰਕਾਰੀ ਜ਼ਮੀਨਾਂ ਵੇਚਣ ਵਾਲੇ ਫ਼ੈਸਲਿਆਂ ਨੂੰ ਰੋਕਣ ਲਈ ਇਕੱਠੇ ਹੋ ਕੇ ਸੰਘਰਸ਼ ਕੀਤਾ ਜਾਵੇ ਤਾਂ ਜੁ ਭਵਿੱਖ ਨੂੰ ਸੁਰੱਖਿਅਤ ਕੀਤਾ ਜਾ ਸਕੇ।

# ਮਾਨਸਾ ਦੀ ਮਨਰੇਗਾ ਮਜ਼ਦੂਰ ਬਚਾਓ ਰੈਲੀ 'ਚ ਉਮੜਿਆ ਜਨ-ਸੈਲਾਬ

**ਮਾਨਸਾ (ਆਤਮਾ ਸਿੰਘ ਪਮਾਰ)-** ਕਾਂਗਰਸ ਪਾਰਟੀ ਨੇ ਮਨਰੇਗਾ ਮਜ਼ਦੂਰ ਬਚਾਓ ਦਾ ਹੋਕਾ ਦਿੰਦਿਆਂ ਪੰਜਾਬ ਦੇ ਲੋਕਾਂ ਨੂੰ ਭਾਜਪਾ ਤੇ ਆਮ ਆਦਮੀ ਪਾਰਟੀ ਤੋਂ ਸੁਚੇਤ ਰਹਿਣ ਦਾ ਹੋਕਾ ਦਿੱਤਾ।ਜ਼ਿਲ੍ਹਾ ਕਾਂਗਰਸ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਦੀ ਪ੍ਰਧਾਨਗੀ ਹੇਠ ਹੋਈ ਮਾਨਸਾ ਦੀ ਅਨਾਜ ਮੰਡੀ ਵਿਖੇ ਮਨਰੇਗਾ ਮਜ਼ਦੂਰ ਬਚਾਓ ਰੈਲੀ 'ਚ ਕੁੰਭ ਦੇ ਮੇਲੇ ਵਾਂਗ ਉਮੜੇ ਜਨ ਸੈਲਾਬ ਨੂੰ ਸੰਬੋਧਨ ਕਰਦਿਆਂ ਕਾਂਗਰਸੀ ਨੇਤਾਵਾਂ ਨੇ ਕਿਹਾ ਕਿ ਭਾਜਪਾ ਪੰਜਾਬ ਅੰਦਰ ਕਤਲੇਆਮ, ਗੁੰਡਾਗਰਦੀ ਦਾ ਮਹੌਲ ਬਣਾ ਕੇ ਪੰਜਾਬ 'ਚ ਗਵਰਨਰੀ ਰਾਜ ਲਗਾਉਣਾ ਚਾਹੁੰਦੀ ਹੈ।ਭਗਵੰਤ ਮਾਨ ਹੁਣ ਬੀਬੀਆਂ ਨੂੰ ਇੱਕ ਹਜ਼ਾਰ ਰੁਪਏ ਦੇਣ ਦਾ ਡਰਾਮਾ ਕਰਕੇ ਕਿਵੇਂ ਨਾ ਕਿਵੇਂ ਮੁੜ ਪੰਜਾਬ ਦੀ ਸੱਤਾ 'ਤੇ ਕਾਬਜ਼ ਹੋਣਾ ਚਾਹੁੰਦਾ ਹੈ, ਪ੍ਰੰਤੂ ਮਨਰੇਗਾ ਦੇ ਬੰਦ ਹੋਣ ਨਾਲ, ਜਿਹੜੇ ਲੱਖਾਂ ਮਜ਼ਦੂਰਾਂ ਤੇ ਗਰੀਬ ਪਰਵਾਰਾਂ ਦੇ ਚੁੱਲ੍ਹੇ ਠੰਡੇ ਹੋ ਗਏ, ਉਸ ਨਾਲ ਕਿਸੇ ਨੂੰ ਵੀ ਕੋਈ ਸਰੋਕਾਰ ਨਹੀਂ।ਰੈਲੀ ਨੂੰ ਸੰਬੋਧਨ ਕਰਦਿਆਂ ਕਾਂਗਰਸ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਹਾਇਕ ਖਜ਼ਾਨਚੀ ਵਿਜੇਇੰਦਰ ਸਿੰਗਲਾ ਨੇ ਕਿਹਾ ਕਿ ਪੰਜਾਬ ਦਾ ਮਾਹੌਲ ਖਰਾਬ ਕਰਕੇ ਕਤਲੇਆਮ ਅਤੇ ਗੁੰਡਾਗਰਦੀ ਕਰਵਾ ਕੇ ਭਾਜਪਾ ਪੰਜਾਬ ਅੰਦਰ ਇਸ ਬਹਾਨੇ ਗਵਰਨਰੀ ਰਾਜ ਲਗਾਉਣਾ ਚਾਹੁੰਦੀ ਹੈ, ਜਿਸ ਦਾ ਸਿੱਧਾ ਮਤਲਬ ਸੂਬੇ ਨੂੰ ਕੇਂਦਰੀ ਸੱਤਾ ਅਧੀਨ ਕਰਨਾ ਹੈ।ਉਨ੍ਹਾਂ ਕਿਹਾ ਕਿ ਭਾਜਪਾ ਨੂੰ ਪੰਜਾਬ ਅੰਦਰ ਕੋਈ ਮੂੰਹ ਨਹੀਂ ਲਗਾਉਂਦਾ, ਲਗਾਤਾਰ ਦੂਜੀਆਂ ਪਾਰਟੀਆਂ 'ਚੋਂ ਨੇਤਾਵਾਂ ਨੂੰ ਪਾਰਟੀ 'ਚ ਸ਼ਾਮਲ ਕਰਕੇ ਕਿਵੇਂ ਨਾ ਕਿਵੇਂ ਪੰਜਾਬ ਅੰਦਰ ਆਪਣਾ ਰਾਜ ਸਥਾਪਤ ਕਰਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਹਨ, ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਪੂਰਾ ਨਹੀਂ ਹੋਣ ਦੇਣਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਬੁਰੀ ਤਰ੍ਹਾਂ ਨਾਕਾਮ ਤੇ ਫੇਲ੍ਹ ਹੋ ਚੁੱਕੀ ਹੈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਰਾਏ ਸਿੰਗਲਾ ਨੇ ਜ਼ਿਲ੍ਹਾ ਤੇ ਪੰਜਾਬ ਕਾਂਗਰਸ ਵਰਕਰਾਂ ਨੂੰ ਸੂਬੇ ਨੂੰ ਬਚਾਉਣ ਤੇ ਖੁਸ਼ਹਾਲੀ ਵੱਲ ਲੈ ਕੇ ਜਾਣ ਲਈ ਇਕਜੁੱਟ ਹੋ ਕੇ ਭਾਜਪਾ ਦੀਆਂ ਵੰਡ ਪਾਊ ਤੇ ਆਪ ਦੀਆਂ ਲਾਰਾ ਲਾਊ ਨੀਤੀਆਂ ਤੋਂ ਖਹਿੜਾ ਛੁਡਾਉਣ ਦਾ ਸੱਦਾ ਦਿੱਤਾ।ਇਸ ਮੌਕੇ ਅਮਰ ਸਿੰਘ ਐੱਮ.ਪੀ , ਸਾਧੂ ਸਿੰਘ ਧਰਮਸੋਤ, ਹਰਦਿਆਲ ਸਿੰਘ ਕੰਬੋਜ, ਅਜੀਤਇੰਦਰ ਸਿੰਘ ਮੋਫਰ, ਬਿਕਰਮ ਮੋਫਰ, ਬਲਕੌਰ ਸਿੱਧੂ, ਗੁਰਪ੍ਰੀਤ ਵਿੱਕੀ, ਰਣਵੀਰ ਕੌਰ ਮੀਆਂ, ਸੱਤਪਾਲ ਮੂਲੇਵਾਲਾ, ਬਲਵਿੰਦਰ ਨਾਰੰਗ, ਜਤਿੰਦਰ ਆਗਰਾ, ਸੁਖਦਰਸ਼ਨ ਖਾਰਾ, ਪ੍ਰਿਤਪਾਲ ਡਾਲੀ, ਮਾਈਕਲ ਗਾਗੋਵਾਲ, ਅਮਰੀਕ ਸਿੰਘ ਢਿੱਲੋਂ, ਮਨਦੀਪ ਸਿੰਘ ਗੋਰਾ, ਲਾਜਪਤ ਰਾਏ ਸ਼ਰਮਾ, ਰਜਨੀਸ਼ ਸ਼ਰਮਾ, ਸਵਰਨਜੀਤ ਖੁਡਾਲ, ਸੁਰੇਸ਼ ਸ਼ਰਮਾ, ਮੱਖਣ ਸ਼ਰਮਾ, ਜਗਦੀਪ ਭਾਰਦਵਾਜ, ਰਮੇਸ਼ ਭੰਮਾ, ਸੁਰਿੰਦਰ ਭੰਮਾ, ਈਸ਼ਵਰ ਭੰਮਾ, ਰਣਜੀਤ ਦੋਦੜਾ, ਪੋਹਲੋਜੀਤ ਬਾਜੇਵਾਲਾ, ਸੱਤਪਾਲ ਵਰਮਾ,ਲਛਮਣ ਰਾਮ ਲਖੀਆ, ਨਵੀਨ ਕਾਲਾ ਬੋਹਾ, ਪ੍ਰਦੀਪ ਬਿੱਟੂ, ਰਕੇਸ਼ ਰੱਲਾ, ਸੁਰੇਸ਼ ਨੰਦਗੜ੍ਹੀਆ, ਲਵਲੀ ਬੋੜਾਵਾਲੀਆ, ਜਸਵੀਰ ਚੱਕ ਅਲੀਸ਼ੇਰ, ਰਾਧੇ ਸ਼ਾਮ ਮੂਸਾ, ਰਾਮ ਸਿੰਘ ਸਰਦੂਲਗੜ੍ਹ, ਮਨਜੀਤ ਸਿੰਘ ਮੀਹਾਂ ਆਦਿ ਹਾਜ਼ਰ ਸਨ।



# ਮਨਿਸਟੀਰੀਅਲ ਸਰਵਿਸ ਯੂਨੀਅਨ ਨੇ ਵੱਖ-ਵੱਖ ਵਿਭਾਗਾਂ ਦੇ ਦਫਤਰਾਂ 'ਚ ਕੀਤੀਆਂ ਗੇਟ ਰੈਲੀਆਂ



I, Kulwinder Singh S/o Ajit Singh serving as Superintendent in the Office of The Principal Commissioner of Customs House, G.T. Road, Sahnewal, Ludhaiana-141120 Permanent resident of Near Post Office, VPO. Sansarpur, Jalandhar-144024, Punjab, India have changed my name and shall hereafter be known as KULWINDER SINGH PANDHA.

I, Jasvir Kaur W/o Vicram Singh R/o Vill. Shahbazpur, PO. Urmar, Hoshiarpur, Punjab have changed my name from Jasvir Kaur to Given name as Jasvir & Surname as Kaur. All note.

I Jasvir Kaur W/o Sh Ram Rattan R/o H No B-9/306 Santokhpura Jalandhar Punjab India have changed my name from Jasvir Kaur to Jaswinder Kaur. All Please note.

I, Jaspreet Kaur w/o Gurmeet Singh r/o Vill. Ahiya, Po. Sidhwan Dona, Distt. Kapurthala-144625, have changed my name to Kaur Jaspreet (Surname as Kaur) All Please Note.

I, Sukhwinder Kaur w/o Ravinder Singh r/o 21, Model Town, Miani Road, Dasuya, Hoshiarpur have changed my name to Kaur Sukhwinder (Surname as Kaur) All Please Note.

## Change of Name

I, Navdeep Sandhu Mahapatra w/o Bidyanta Kumar Mahapatra r/o H.No. 388, Scheme No. 10, Vasant Vihar, Hoshiarpur have changed my name to Navdeep Sandhu. All Please Note.

I, Mandeep Singh s/o Parshotam Singh r/o VPO. Ghurial, Distt. Jalandhar have changed my name to Given name as Mandeep & Surname as Singh. All Please Note.

I, Lovedeep Singh S/o Gurmail Singh R/o Village Munak Khurd, P.O. Munak Kalan, Distt. Hoshiarpur, Punjab declare that my given name as Lovedeep and my surname as Singh.Please Note.

I, Nand Kishore S/O Mohinder Chand, R/o Tibba Nangal, VTC: Jhandian, PO: Jhandian, Sub District: Anandpur Sahib, District: Rupnagar, State: Punjab- 140119, have changed my name and shall hereafter be Known as Nand Kishore Singh.

I, Rahul S/O Narinder Kumar, R/o VPO Mahil Gailan, Mahal Gehla, Shaheed Bhagat Singh Nagar, Punjab- 144506, have changed my name and shall hereafter be Known as Rahul Rahul.

I, Balvir Singh Heir S/o Sh. Gurdev Singh Heir R/o Village Sherpur, PO. Shadipur, Distt. Jalandhar (PB) have changed my name from Balvir Singh Heir to Balvir Singh. All concerned please note.

I, Harpreet Singh S/o Mohtam Singh R/o VPO Wan Tara Singh, Tehsil Bhikiwind, District Tarn Taran have changed my name from Harpreet Singh to Surname as Singh and my given name is Harpreet. Please note it.

## ਆਮ ਸੂਚਨਾ

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਮਨਦੀਪ ਕੌਰ ਸਰਪੰਚ ਪਿੰਡ ਧੱਲੇਕੇ, ਤਹਿਸੀਲ+ਜ਼ਿਲ੍ਹਾ ਮੋਗਾ (ਪੰਜਾਬ) ਤਸਦੀਕ ਕਰਦੀ ਹਾਂ ਕਿ ਨਵਰਾਜ ਕੌਰ ਪੁੱਤਰੀ ਜਸਪਾਲ ਸਿੰਘ ਵਾਸੀ ਪਿੰਡ ਧੱਲੇਕੇ, ਜ਼ਿਲ੍ਹਾ ਮੋਗਾ ਦੇ ਰਹਿਣ ਵਾਲੇ ਹਨ। ਨਵਰਾਜ ਕੌਰ ਅੱਜ ਤੱਕ ਕੁਆਰੀ ਹੈ। ਇਨ੍ਹਾਂ ਦੀ ਮਾਤਾ ਦਾ ਨਾਂਅ ਹਰਵਿੰਦਰ ਕੌਰ ਹੈ। ਮੈਂ ਇਸ ਪਰਵਾਰ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ। ਉਪਰੋਕਤ ਜਾਣਕਾਰੀ ਬਿਲਕੁਲ ਦਰੁੱਸਤ ਹੈ।

ਮੈਂ ਭੋਲੀ ਪਤਨੀ ਪਵਨ ਕੁਮਾਰ ਵਾਸੀ ਪਿੰਡ ਆਧੀ ਤਹਿਸੀਲ ਨਕੋਦਰ ਜ਼ਿਲ੍ਹਾ ਜਲੰਧਰ ਮੈਂ ਆਪਣੇ ਲੜਕੇ ਰਵਿੰਦਰ ਸਿੰਘ ਨੂੰ ਅਖਬਾਰ ਵਿੱਚ ਇਸ਼ਤਿਹਾਰ ਦੇ ਕੇ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈ ਬੇਦਖਲੀ ਵਾਪਸ ਲੈਂਦੀ ਹਾਂ। ਹੁਣ ਇਹ ਮੇਰੀ ਚੱਲ -ਅਚੱਲ ਜਾਇਦਾਦ ਦਾ ਵਾਰਿਸ ਹੋਵੇਗਾ। ਸਬੰਧਤ ਨੋਟ ਕਰਨ।

ਮੈਂ ਸੁਮਨ ਲਤਾ ਪਤਨੀ ਲੇਟ ਸ. ਅਮਰੀਕ ਸਿੰਘ ਵਾਸੀ ਪਿੰਡ ਆਰੀਆਂਵਾਲ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਘੋਸ਼ਣਾ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਮਨਿੰਦਰ ਸਿੰਘ ਨੂੰ ਕਹਿਣੇ ਵਿੱਚੋਂ ਬਾਹਰ ਹੋਣ ਕਰਕੇ ਆਪਣੀ ਤਮਾਮ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇਕਾਰ ਵਿੱਚ ਹੈ, ਇਸ ਲਈ ਮੈਂ ਆਪਣੇ ਲੜਕੇ ਦੀ ਬੇਦਖਲੀ ਵਾਪਸ ਲੈਂਦੀ ਹਾਂ। ਸਮੂਹ ਸੰਬੰਧਤ ਨੋਟ ਕਰਨ।

ਮੈਂ, ਬਲਵਿੰਦਰ ਕੌਰ ਪਤਨੀ ਸਿੰਗਾਰਾ ਸਿੰਘ ਵਾਸੀ ਪਿੰਡ ਰਾਏ ਟੱਕ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰੀ ਭੈਣ ਅਰਜਿੰਦਰ ਕੌਰ ਪੁੱਤਰੀ ਲੇਟ ਚੰਨਣ ਸਿੰਘ ਵਾਸੀ ਪਿੰਡ ਸਹਿਜਾਦਾ, ਡੇਰਾ ਬਾਬਾ ਨਾਨਕ , ਜ਼ਿਲ੍ਹਾ ਗੁਰਦਾਸਪੁਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਅੱਜ ਤੋਂ ਮੇਰਾ ਮੇਰੀ ਭੈਣ ਅਰਜਿੰਦਰ ਕੌਰ ਅਤੇ ਇਸ ਦੇ ਬੱਚਿਆਂ ਨਾਲ ਕੋਈ ਤਲਕ ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੋਟਰ ਕੁਨੈਕਸ਼ਨ ਖਾਤਾ ਨੰਬਰ ਏ ਪੀ 10/30 ਐੱਚ, ਸੁਲੱਖਨ ਸਿੰਘ ਪੁੱਤਰ ਉਜਾਗਰ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਬਲਜਿੰਦਰ ਸਿੰਘ ਪੁੱਤਰ ਸੁਲੱਖਨ ਸਿੰਘ ਰਕਬਾ ਦੁੱਲਾ ਸਿੰਘ ਵਾਲਾ, ਤਹਿਸੀਲ ਫਿਰੋਜ਼ਪੁਰ ਨੇ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ. ਡੀ. ਓ. ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

ਮੋਟਰ ਕੁਨੈਕਸ਼ਨ ਖਾਤਾ ਨੰਬਰ (ਏ ਪੀ 43/0095) 3004066963 ਸੁੱਚਾ ਸਿੰਘ ਪੁੱਤਰ ਹਰਨਾਮ ਸਿੰਘ ਨੂੰ ਆਪਣੇ ਨਾਂਅ ਕਰਨ ਲਈ ਬਾਜ ਸਿੰਘ ਪੁੱਤਰ ਸੁੱਚਾ ਸਿੰਘ ਰਕਬਾ ਬੰਡਾਲਾ, ਤਹਿਸੀਲ ਫਿਰੋਜ਼ਪੁਰ ਨੇ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ। ਇਤਰਾਜ਼ਯੋਗ ਵਿਅਕਤੀ 10 ਦਿਨਾਂ ਦੇ ਵਿਚ ਐੱਸ. ਡੀ. ਓ. ਵੰਡ ਮੱਲਾਂਵਾਲਾ ਨਾਲ ਸੰਪਰਕ ਕਰੇ।

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ32 ਏ ਪੀ 40/0700-ਐੱਚ, ਜੋ ਗੁਰਮੇਜ ਸਿੰਘ ਪੁੱਤਰ ਸੰਤਾ ਸਿੰਘ, ਵਾਸੀ ਪਿੰਡ ਨੰਗਲ ਤੋਲਾ, ਤਹਿਸੀਲ ਰਾਜਾਸਾਂਸੀ/ਲੋਪੋਕੇ, ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਸਮਸ਼ੇਰ ਸਿੰਘ ਪੁੱਤਰ ਗੁਰਮੇਜ ਸਿੰਘ ਦੇ ਨਾਂਅ 'ਤੇ ਤਬਦੀਲ ਕੀਤਾ ਜਾ ਰਿਹਾ ਹੈ। ਜੇ ਕਿਸੇ ਨੂੰ ਇਸ ਨਾਂਅ ਦੇ ਤਬਦੀਲ ਹੋਣ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ 10 ਦਿਨ ਦੇ ਅੰਦਰ ਉਪ ਮੰਡਲ ਅਫਸਰ ਪੀ ਐੱਸ ਪੀ ਸੀ ਐੱਲ ਚੋਗਾਵਾਂ ਨਾਲ ਸੰਪਰਕ ਕਰ ਸਕਦਾ ਹੈ। ਬਾਅਦ ਵਿਚ ਕੋਈ ਵੀ ਇਤਰਾਜ਼ ਸਵੀਕਾਰ ਨਹੀਂ ਹੋਵੇਗਾ।

ਇਕ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: ਏ ਪੀ 15/0728, 10 ਹਾਰਸ ਪਾਵਰ, ਜੋ ਕਿ ਗਿਆਨ ਸਿੰਘ ਪੁੱਤਰ ਬਚਨ ਸਿੰਘ , ਵਾਸੀ ਪਿੰਡ ਜੰਡ, ਡਾਕਖਾਨਾ ਨੰਗਲ ਦਿਆਲ ਸਿੰਘ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ 'ਤੇ ਚੱਲ ਰਿਹਾ ਹੈ। ਹੁਣ ਇਹ ਕੁਨੈਕਸ਼ਨ ਨਰੈਣ ਸਿੰਘ ਪੁੱਤਰ ਦਾਤਾਰ ਸਿੰਘ, ਵਾਸੀ ਵੇਰਕਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਦੇ ਨਾਂਅ ਤਬਦੀਲ ਹੋਣ ਜਾ ਰਿਹਾ ਹੈ। ਜੇ ਕਿਸੇ ਨੂੰ ਇਸ ਨਾਂਅ ਦੇ ਤਬਦੀਲ ਹੋਣ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਫਤਿਹਪੁਰ ਰਾਜਪੂਤਾਂ ਨਾਲ ਸੰਪਰਕ ਕਰ ਸਕਦਾ ਹੈ। ਬਾਅਦ ਵਿਚ ਕੋਈ ਵੀ ਇਤਰਾਜ਼ ਸਵੀਕਾਰ ਨਹੀਂ ਕੀਤਾ ਜਾਵੇਗਾ।

## ਬੇਦਖਲੀ ਨੋਟਿਸ

ਮੈਂ ਕੁਲਦੀਪ ਸਿੰਘ ਪੁੱਤਰ ਰਵੇਲ ਸਿੰਘ ਵਾਸੀ ਪਿੰਡ ਨੂਰਪੁਰਾ ਤਹਿਸੀਲ ਪਾਤੜਾਂ (ਪਟਿਆਲਾ) ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਤਿੰਦਰਪਾਲ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ।ਇਸ ਲਈ ਮੈਂ ਇਸਨੂੰ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਸਬੰਧ ਨਹੀਂ। ਸਬੰਧ ਰੱਖਣ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ ਸੁਮਨ ਪਤਨੀ ਲੇਟ ਰਮੇਸ਼ ਕੁਮਾਰ ਪਿੰਡ ਅਠੌਲੀ ਤਹਿਸੀਲ ਫਗਵਾੜਾ ਜ਼ਿਲਾਂ ਕਪੂਰਥਲਾ ਦੀ ਹਲਫੀਆ ਬਿਆਨ ਕਰਦੀ ਹਾਂ ਮੇਰੀਆ ਲੜਕੀਆਂ ਪਾਰਵਤੀ ਤੇ ਅੰਜਲੀ (ਕੁਆਰੀਆਂ) ਆਪਣੀ ਮਨ ਮਰਜੀਆਂ ਕਰਦੀਆਂ ਹਨ। ਮੇਰੇ ਕਹਿਣੇ ਵਿੱਚ ਨਹੀਂ ਹਨ। ਮੈਂ ਇਹਨਾਂ ਨੂੰ ਅਪਣੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ।

ਅਸੀਂ, ਛੱਜੂ ਸਿੰਘ ਪੁੱਤਰ ਮੋਠੂ ਸਿੰਘ, ਗੁਰਮੀਤ ਕੌਰ ਪਤਨੀ ਛੱਜੂ ਸਿੰਘ, ਪਿੰਡ ਕਹੇਰੂ (ਸੰਗਰੂਰ) ਆਪਣੇ ਲੜਕੇ ਹਨੀ ਸਿੰਘ, ਨੂੰਹ ਰਜਨੀ ਰਾਣੀ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖੁਦ ਜਿੰਮੇਵਾਰ ਹੋਣਗੇ।

ਮੈਂ, ਰਾਜ ਕੁਮਾਰ ਪੁੱਤਰ ਹਮੀਦਾ ਵਾਸੀ ਮਕਾਨ ਨੰ: 213, ਗਲੀ ਨੰ: 3, ਗੰਡਾ ਸਿੰਘ ਵਾਲਾ, ਮਜੀਠਾ ਰੋਡ, ਅੰਮ੍ਰਿਤਸਰ, ਹਾਲ ਵਾਸੀ ਮਕਾਨ ਨੰ: 68, ਗਣਪਤੀ ਇਨਕਲੇਵ, ਮਜੀਠਾ ਰੋਡ, ਅੰਮ੍ਰਿਤਸਰ ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਜੈ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਕੰਮਾਂ ਅਤੇ ਲੈਣ-ਦੇਣ ਦੀ ਮੇਰੀ ਕੋਈ ਜ਼ਿੰਮੇਵਾਰੀ ਨਹੀਂ। ਉਹ ਆਪਣੇ ਕੀਤੇ ਕੰਮਾਂ ਅਤੇ ਲੈਣ-ਦੇਣ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ, ਜਸਵੀਰ ਸਿੰਘ ਪੁੱਤਰ ਸ੍ਰੀ ਅਮਰਜੀਤ ਸਿੰਘ ਅਤੇ ਕੁਲਦੀਪ ਕੌਰ ਪਤਨੀ ਜਸਵੀਰ ਸਿੰਘ, ਵਾਸੀ ਮੇਹਰ ਸਿੰਘ ਕਾਲੋਨੀ ਚੌਰਾ, ਪਟਿਆਲਾ ਦੇ ਰਹਿਣ ਵਾਲੇ ਹਾਂ। ਸਾਡੀ ਲੜਕੀ ਪ੍ਰੀਤ ਕੌਰ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਉਸ ਨੂੰ ਆਪਣੀ ਹਰ ਤਰ੍ਹਾਂ ਦੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ, ਜੋ ਵਿਅਕਤੀ ਉਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ-ਦੇਣ ਕਰੇਗਾ, ਉਹ ਆਪ ਜ਼ਿੰਮੇਵਾਰ ਹੋਵੇਗਾ ਅਤੇ ਜੇਕਰ ਉਹ ਕੋਈ ਵੀ ਗੈਰ-ਕਾਨੂੰਨੀ ਕੰਮ ਕਰਦੀ ਹੈ, ਆਪ ਖੁਦ ਜ਼ਿੰਮੇਵਾਰ ਹੋਵੇਗੀ। ਸਾਰੇ ਨੋਟ ਕਰਨ।

ਮੈਂ, ਬਲਦੇਵ ਸਿੰਘ ਪੁੱਤਰ ਸੁਦਾਗਰ ਸਿੰਘ, ਵਾਸੀ ਪਿੰਡ ਸ਼ਹਿਜ਼ਾਦਾ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਗੁਰਜੀਤ ਸਿੰਘ ਅਤੇ ਉਸ ਦੀ ਪਤਨੀ ਕਿਰਨਦੀਪ ਕੌਰ ਦੋਵੇਂ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੀ ਕੋਈ ਗੱਲ ਨਹੀਂ ਸੁਣਦੇ ਅਤੇ ਲੜਾਈ-ਝਗੜਾ ਕਰਦੇ ਰਹਿੰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੈਂ ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵੇਗਾ। ਉਹ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਤੇ ਮੇਰੇ ਪਰਵਾਰ ਦਾ ਉਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਸੁਖਵਿੰਦਰ ਕੁਮਾਰ ਪੁੱਤਰ ਅਜੀਤ ਰਾਮ ਵਾਸੀ ਪਿੰਡ ਕਾਹਨਪੁਰ, ਡਾਕਖਾਨਾ ਰਾਇਪੁਰ, ਤਹਿਸੀਲ ਵਾ ਜ਼ਿਲਾ, ਜਲੰਧਰ ਇਹ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਜਸਪ੍ਰੀਤ ਕੌਰ ਅਤੇ ਮੇਰਾ ਲੜਕਾ ਕੋਹੀਨੂਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਹਨਾਂ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਰਛਪਾਲ ਸਿੰਘ ਪੁੱਤਰ ਸ੍ਰੀ ਬੰਤਾ ਸਿੰਘ, ਵਾਸੀ ਫੱਤੂ ਵਾਲਾ, ਤਹਿਸੀਲ ਜਲਾਲਾਬਾਦ (ਪ) ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦਾ ਹਾਂ ਕਿ ਮੇਰਾ ਸ਼ਾਦੀਸ਼ੁਦਾ ਲੜਕਾ ਗੁਰਚਰਨ ਸਿੰਘ ਵਾ ਮੇਰੀ ਨੂੰਹ ਮਨਪ੍ਰੀਤ ਕੌਰ (ਦੋਨੋ) ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜਤਿੰਦਰ ਕੁਮਾਰ ਪੁੱਤਰ ਸ੍ਰੀ ਅਸ਼ੋਕ ਕੁਮਾਰ, ਵਾਸੀ ਮਕਾਨ ਨੰ: 684, ਗਲੀ ਨੰ: 5, ਨਿਊ ਨਹਿਰੂ ਕਾਲੋਨੀ, ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਾਰਸ ਮੇਹਰਾ, ਜੋ ਕਿ ਕੁਆਰਾ ਹੈ। ਮੇਰੇ ਕਹਿਣੇ ਤੋਂ ਬਾਹਰ ਹੈ। ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਵਾਰ ਜ਼ਿੰਮੇਵਾਰ ਨਹੀਂ ਹੋਵੇਗਾ, ਉਹ ਖੁਦ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਉਸ ਨਾਲ ਕੋਈ ਸੰਬੰਧ/ਤਲਕ-ਵਾਸਤਾ ਨਹੀਂ।

ਮੈਂ, ਕੁਲਵੰਤ ਸਿੰਘ ਪੁੱਤਰ ਭੁਮਨ ਰਾਮ, ਵਾਸੀ ਪਿੰਡ ਮਹਿਮਦੋਵਾਲ ਕਲਾਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕੁਲਵੀਰ ਸਿੱਧੂ ਅਤੇ ਉਸ ਦੀ ਪਤਨੀ ਰਸ਼ਪਾਲ ਕੌਰ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕੁਲਵਿੰਦਰ ਸਿੰਘ ਪੁੱਤਰ ਉਜਲ ਸਿੰਘ, ਵਾਸੀ ਪਿੰਡ ਚੱਬਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰੇ ਲੜਕੇ ਰਮਨਦੀਪ ਸਿੰਘ ਅਤੇ ਅਭੈਪ੍ਰਤਾਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ।

ਮੈਂ ਸਿਮਰਜੀਤ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਰਣਜੀਤ ਨਗਰ, ਕਾਦੀਆਂ ਰੋਡ, ਬਟਾਲਾ ਆਪਣੇ ਬੇਟੇ ਰਜਿੰਦਰ ਸਿੰਘ ਅਤੇ ਨੂੰਹ ਗੁਰਜੀਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ । ਮੇਰਾ ਅਤੇ ਮੇਰੇ ਪਰਿਵਾਰ ਦਾ ਇਨ੍ਹਾਂ ਦੋਵਾਂ ਨਾਲ ਕੋਈ ਸਬੰਧ ਨਹੀਂ । ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਜਸਬੀਰ ਕੌਰ ਪਤਨੀ ਲੇਟ ਬਲਵਿੰਦਰ ਸਿੰਘ ਵਾਸੀ ਮਕਾਨ ਨੰ.3918/15 ਛੋਟਾ ਹਰੀਪੁਰਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾ ਕਿ ਮੇਰਾ ਲੜਕਾ ਪ੍ਰਗਟ ਸਿੰਘ ਤੇ ਇਸਦੀ ਪਤਨੀ ਮਨਵੀਰ ਕੌਰ ਤੇ ਪੋਤਰੀ ਹਰਸ਼ੀਰਤ ਕੌਰ ਜੋ ਕਿ ਮੇਰੇ ਕਹਿਣੇ ਤੋ ਬਾਹਰ ਹਨ, ਤੇ ਮਨ ਮਰਜੀ ਕਰਦੇ ਹਨ ਇਸ ਲਈ ਮੈ ਇਹਨਾ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋ ਬੇਦਖਲ ਕਰਦੀ ਹਾਂ। ਇਹਨਾ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦੇ ਦੂਜੇ ਮੈਂਬਰਾ ਦਾ ਇਹਨਾ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

## ਨਾਂਅ ਦੀ ਬਦਲੀ

ਮੈਂ ਕਮਲਾ ਰਾਣੀ ਪਤਨੀ ਬਲਵਿੰਦਰ ਪਾਲ ਸਿੰਘ ਵਾਸੀ ਪਿੰਡ ਕਸੇਲ ਤਹਿਸੀਲ ਤੇ ਜਿਲਾ ਤਾਰਨ ਤਾਰਨ ਨੇ ਆਪਣਾ ਨਾਮ ਕਮਲਾ ਰਾਣੀ ਤੋਂ ਬਦਲ ਕੇ ਪਰਵੀਨ ਕੁਮਾਰੀ ਰੱਖ ਲਿਆ ਹੈ।

ਮੈਂ ਨਵਜੀਤ ਕੌਰ ਪੁਤਰੀ ਰਸ਼ਪਾਲ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਬੋਹਲੀਆ ਤਹਿਸੀਲ ਰਾਜਾਸਾਂਸੀ ਜਿਲਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਦੋ ਨਾਵਾਂ ਨਾਲ ਜਾਣੀ ਜਾਂਦੀ ਹਾਂ ਕੁਲਜੀਤ ਕੌਰ ਅਤੇ ਨਵਜੀਤ ਕੌਰ ਦੋਨੋ ਨਾਮ ਏਕੋ ਵਿਕਅਤੀ ਦੇ ਹਨ।

## PUBLIC NOTICE

I, Charatjit Singh S/o Gurdip Singh R/o Village Aulakh Kalan, Aulakh, Gurdaspur, Punjab-143527,India. Declare that my given name as Charatjit and my Surname as Singh.

I, Gurjit Singh S/o Gurbachan Singh R/o H.No. 127, Street No. 4, Arman Nagar, Dhilwan, Dakoha, Jalandhar, Punjab declare that my daughter Satwinder Kaur Mann aged 48 years, she is out of my control at present. I disinherit her from my movable and immovable properties. I and my family members shall not be held responsible for any kind of dealings done with her. All please note.

## ਬੇਦਖਲੀ ਨੋਟਿਸ

ਮੈਂ, ਜਸਬੀਰ ਕੋਰ ਪਤਨੀ ਲੇਟ ਵਿਨੋਦ ਕੁਮਾਰ ਵਾਸੀ ਮਕਾਨ ਨੰ.2957/14 ਗਲੀ ਨੰ.4, ਹਰੀਪੁਰਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾ ਕਿ ਮੇਰਾ ਲੜਕਾ ਸੂਰਜ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ, ਤੇ ਮਨ ਮਰਜੀ ਕਰਦਾ ਹੈ ਇਸ ਲਈ ਮੈ ਇਸ ਨੂੰ ਆਪਣੀ ਚੱਲ-ਅੱਚਲ ਜਾਇਦਾਦ ਤੋ ਬੇਦਖਲ ਕਰਦੀ ਹਾਂ। ਇਸ ਨਾਲ ਕਿਸੇ ਵੀ ਕਿਸਮ ਦਾ ਲੈਣ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦੇ ਦੂਜੇ ਮੈਂਬਰਾ ਦਾ ਇਸ ਨਾਲ ਖੂਨੀ ਰਿਸ਼ਤਾ ਖਤਮ ਹੋ ਗਿਆ ਹੈ।

ਅਸੀਂ, ਬਖਸ਼ੀਸ਼ ਰਾਮ ਪੁੱਤਰ ਲੇਟ ਚਾਨਣ ਰਾਮ ਅਤੇ ਸੁਰਿੰਦਰ ਕੌਰ ਪਤਨੀ ਬਖਸ਼ੀਸ਼ ਰਾਮ ਦੋਵੇਂ ਵਾਸੀਆਨ ਮਕਾਨ ਨੰ. 496, ਚੁਗਿੱਟੀ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਦਿਲਾਵਰ ਸਿੰਘ ਅਤੇ ਉਸਦੀ ਪਤਨੀ ਰਵਿੰਦਰ ਕੌਰ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਚਰਨਜੀਤ ਕੌਰ ਪਤਨੀ ਬਲਜੀਤ ਸਿੰਘ ਵਾਸੀ ਮਕਾਨ ਨੰਬਰ 129, ਸੁਕਰਪੁਰਾ ਡੇਰਾ ਬਾਬਾ ਨਾਨਕ ਰੋਡ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਦੋਵੇਂ ਪੁੱਤਰ ਸੁਖਦੇਵ ਸਿੰਘ, ਲਖਵਿੰਦਰ ਸਿੰਘ ਅਤੇ ਨੂੰਹਾਂ ਨਵਨੀਤ ਕੌਰ ਪਤਨੀ ਸੁਖਦੇਵ ਵਾ ਮੁਸਕਾਨ ਪਤਨੀ ਲਖਵਿੰਦਰ ਸਿੰਘ ਤੇ ਉਹਨਾਂ ਦੇ ਬੱਚਿਆਂ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਜਨਕ ਦੁਲਾਰੀ ਵਿਧਵਾ ਪਵਨ ਕੁਮਾਰ ਵਾਸੀ ਪੱਤੀ ਜੱਸੇ ਕੀ, ਬੜਾ ਪਿੰਡ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਾਗਰ ਅਤੇ ਮੇਰੀ ਨੂੰਹ ਨੀਤੂ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸਾਬਰਾ ਖਾਤੂਨ ਪਤਨੀ ਗੁਲਾਮ ਮੁਸਤਫਾ ਵਾਸੀ ਈ.ਆਰ. - 198, ਪੱਕਾ ਬਾਗ, ਜਲੰਧਰ, ਪੰਜਾਬ-144001 ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਗੁਲਾਮ ਮੋਹੰਮਦ ਅਤੇ ਮੇਰੀ ਨੂੰਹ ਅਪਸਰੀ ਖਾਤੂਨ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਰਜੇਸ਼ ਕੁਮਾਰ ਪੁੱਤਰ ਸਰਦਾਰੀ ਲਾਲ, ਵਾਸੀ ਵਾਰਡ ਨੰਬਰ 02, ਮਕਾਨ ਨੰਬਰ 31, ਭੋਗਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪੰਕਜ ਕੁਮਾਰ ਜੋਸ਼ੀ ਅਤੇ ਉਸ ਦੀ ਪਤਨੀ ਪੂਜਾ ਜੋਸ਼ੀ ਅਤੇ ਉਨ੍ਹਾਂ ਦੀ ਲੜਕੀ ਕਨਿਕਾ ਜੋਸ਼ੀ ਅਤੇ ਰੂਹੀ ਜੋਸ਼ੀ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ। ਉਹ ਆਪਣੇ ਲੈਣ-ਦੇਣ ਦੇ ਖੁਦ ਜ਼ਿੰਮੇਵਾਰ ਹੋਣਗੇ।

ਮੈਂ, ਰਾਮ ਸਰੂਪ ਪੁੱਤਰ ਸ੍ਰੀ ਮਸਤ ਰਾਮ, ਵਾਸੀ ਪਿੰਡ ਰਾਜੂ ਮਾਜਰਾ, ਤਹਿਸੀਲ ਬਲਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਖਵੀਰ ਸਿੰਘ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ। ਸੰਬੰਧਤ ਨੋਟ ਕਰਨ।

ਮੈਂ, ਸੁਖਵੰਤ ਕੌਰ ਪਤਨੀ ਹੀਰਾ ਸਿੰਘ, ਵਾਸੀ ਬੀ. ਕੇ. 3/1469, ਈਸਟ ਗੋਬਿੰਦ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਕਿਰਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਰਾਜੀਵ ਕੁਮਾਰ ਪੁੱਤਰ ਸ੍ਰੀ ਪ੍ਰੇਮ ਨਾਥ ਅਤੇ ਸਰੋਜ ਬਾਲਾ ਪਤਨੀ ਰਾਜੀਵ ਕੁਮਾਰ, ਵਾਸੀਆਨ ਪਿੰਡ ਮਾਹਲ, ਨਜ਼ਦੀਕ ਜੱਟਾਂ ਦਾ ਗੁਰਦੁਆਰਾ, ਰਾਮ ਤੀਰਥ ਰੋਡ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਨੰਦਨੀ ਸ਼ਰਮਾ, ਜੋ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਜੇ ਉਹ ਅਭੀਰਾਜ ਸਿੰਘ ਉਰਫ ਅਭੀ ਨਾਲ ਵਿਆਹ ਕਰਵਾਉਂਦੀ ਹੈ ਤਾਂ ਉਹ ਖੁਦ ਜ਼ਿੰਮੇਵਾਰ ਹੋਵੇਗੀ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਤੇ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ

[ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (1) ਤਹਿਤ]

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ (1) ਸ੍ਰੀਮਤੀ ਸ਼ਾਂਤੀ ਪਤਨੀ ਸ੍ਰੀ ਜਸਪਾਲ ਮਸੀਹ ਵਾਸੀ ਵਾਰਡ ਨੰ. 8, ਕੁਰਾਨ ਗੜ੍ਹ, ਅਜਨਾਲਾ, ਅੰਮ੍ਰਿਤਸਰ-143102 (2) ਸ੍ਰੀ ਪਰਦੀਪ ਮਸੀਹ ਪੁੱਤਰ ਸ੍ਰੀ ਜਸਪਾਲ ਮਸੀਹ ਵਾਸੀ ਵਾਰਡ ਨੰ. 8, ਭੱਖਾ ਤਾਰਾ ਸਿੰਘ ਅਜਨਾਲਾ, ਅੰਮ੍ਰਿਤਸਰ-143102 (ਕਰਜ਼ਦਾਰਾਂ ਵਜੋਂ ਹਵਾਲਾ) (3) ਸ੍ਰੀ ਬਿਕਰਮਜੀਤ ਸਿੰਘ ਪੁੱਤਰ ਸ੍ਰੀ ਦਸੌਂਧਾ ਸਿੰਘ ਵਾਸੀ ਪਿੰਡ ਛਾਉਲੇ , ਡਾਕਖਾਨਾ ਨਗਰ ਝੁੰਗੀਆਂ, ਮਾਹਨ ਨਗਰ, ਜਲੰਧਰ, ਪੰਜਾਬ-144410 (4) ਸ੍ਰੀ ਸੰਜੀਵ ਮਸੀਹ ਪੁੱਤਰ ਜਸਪਾਲ ਮਸੀਹ ਵਾਸੀ ਵਾਰਡ ਨੰ. 8, ਕੁਰਾਨ ਗੜ੍ਹ, ਅਜਨਾਲਾ, ਅੰਮ੍ਰਿਤਸਰ-143102 (ਇਸ ਤੋਂ ਬਾਅਦ ਗਰੰਟਰਾਂ ਵਜੋਂ ਹਵਾਲਾ)

ਕਰਜ਼ਦਾਰ ਨੂੰ ਨੋਟਿਸ 'ਚ ਦਰਸਾਈ ਰਕਮ ਐੱਚ ਐੱਲ/026611000020 'ਚ ਰੁਪਏ 12,76,043.71 (ਬਾਰਾਂ ਲੱਖ ਛਿਅੱਤਰ ਹਜ਼ਾਰ ਤਰਤਾਲੀ ਰੁਪਏ ਅਤੇ ਇਕੱਤਰ ਪੈਸੇ ਕੇਵਲ) ਸਮੇਤ 01.12.2024 ਤੋਂ ਭਵਿੱਖੀ ਵਿਆਜ ਅਦਾਇਗੀ ਕਰਨ ਲਈ 26-12-2024 ਨੂੰ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਕਰਜ਼ਾ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਰੂਲ ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 11 ਫਰਵਰੀ 2026 ਨੂੰ ਭੌਤਿਕ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ/ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਕਿਸਮ ਦੀ ਸੌਦੇਬਾਜ਼ੀ ਐੱਚ ਐੱਲ/026611000020 'ਚ ਰੁਪਏ 12,76,043.71 ਸਮੇਤ 01.12.2024 ਤੋਂ ਭਵਿੱਖੀ ਵਿਆਜ (ਮਨਫੀ ਵਸੂਲੀ ਜੇਕਰ ਕੋਈ ਹੈ) ਦੀ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦੇਣਦਾਰੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਸਮੁੱਚੀ ਜਾਇਦਾਦ ਦਾ ਅਟੁੱਟ ਹਿੱਸਾ, ਰਕਬਾ 10 ਮਰਲੇ ਪਤਾ ਬੁਰਜ ਪੁਖਤਾ, ਹੱਦਬਸਤ ਨੰ. 150, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਮਾਲਕ ਸ੍ਰੀਮਤੀ ਸ਼ਾਂਤੀ ਪਤਨੀ ਜਸਪਾਲ ਮਸੀਹ ਬੈਨਾਮਾ ਨੰ. 184 ਮਿਤੀ 27-04-2018

ਮਿਤੀ : 17.02.2026 (ਅਧਿਕਾਰਤ ਅਫਸਰ)
ਸਥਾਨ : ਫਿਲੌਰ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ

## AXIS BANK LTD.

ਰਿਟੇਲ ਐੱਸਟ ਸੈਂਟਰ : ਦੂਜੀ ਅਤੇ ਤੀਸਰੀ ਮੰਜ਼ਲ, ਪ੍ਰਾਪਰਟੀ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ (1) ਮੈਸ: ਦਵਿੰਦਰ ਬੁਰਜ ਟਰੇਡਿੰਗ ਕੰਪਨੀ (2) ਸ੍ਰੀ ਦਵਿੰਦਰ ਸਿੰਘ ਪੁੱਤਰ ਸ੍ਰੀ ਮੁਖਤਾਰ ਸਿੰਘ (3) ਸ੍ਰੀ ਹਰਜਿੰਦਰ ਸਿੰਘ ਪੁੱਤਰ ਸ੍ਰੀ ਮੁਖਤਾਰ ਤੋਂ ਸਕਿਉਰਡ ਕ੍ਰੈਡਿਟਰ ਦੀ 13 ਜਨਵਰੀ 26 ਨੂੰ ਬਕਾਇਆ ਰਕਮ ਰੁਪਏ 35,36,039 (ਪੈਂਤੀ ਲੱਖ ਛੱਤੀ ਹਜ਼ਾਰ ਉਨਤਾਲੀ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 6 ਮਾਰਚ 2026 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 11,50,000/- (ਗਿਆਰਾਂ ਲੱਖ ਪੰਜਾਹ ਹਜ਼ਾਰ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 1,15,000/- (ਇੱਕ ਲੱਖ ਪੰਦਰਾਂ ਹਜ਼ਾਰ ਰੁਪਏ ਕੇਵਲ) |
| ਬੋਲੀ ਵਾਧਾ ਰਕਮ | ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 06 ਮਾਰਚ 2026 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 1.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ ਜਾਇਦਾਦ ਦਾ ਵੇਰਵਾ : ਬੈਨਾਮਾ ਵਸੀਕਾ ਨੰ. 1387 ਮਿਤੀ 19-05-2025 ਅਨੁਸਾਰ ਸ੍ਰੀ ਹਰਜਿੰਦਰ ਸਿੰਘ ਅਤੇ ਸ੍ਰੀ ਦਵਿੰਦਰ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ/ਦੁਕਾਨ ਰਕਬਾ 33.75 ਵਰਗ ਗਜ਼ ਨੰ. 677, ਦਿਸ਼ਾ 30 ਫੁੱਟ ਲੰਮੀ 10 ਫੁੱਟ ਚੌੜੀ ਵਾਕਿਆ ਰਕਬਾ ਮੰਡੀ ਭਗਤਾਂਵਾਲਾ, ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਸਾਈਟ ਅਨੁਸਾਰ) : ਉੱਤਰ : ਦੁਕਾਨ ਨੰ. 678, ਪੂਰਬ : ਸੜਕ, ਦੱਖਣ : ਦੁਕਾਨ ਨੰ. 676, ਪੱਛਮ ਹੋਰ ਦੁਕਾਨ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ।

ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੁਮਿਤ ਕੁਮਾਰ (ਮੋਬਾਇਲ ਨੰ. 9646223355) ਬੈਂਕ ਦੇ ਡਿਸਪੋਜ਼ਲ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 17 ਫਰਵਰੀ 2026, ਸਥਾਨ : ਅੰਮ੍ਰਿਤਸਰ ਸਹੀ/-, (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

## AXIS BANK LTD.

ਰਿਟੇਲ ਐੱਸਟ ਸੈਂਟਰ : ਦੂਜੀ ਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001

ਕਾਰਪੋਰੇਟ ਦਫਤਰ : "ਐਕਸਿਸ ਹਾਊਸ" ਸੀ-2, ਵਾਡੀਆ ਇੰਟਰਨੈਸ਼ਨਲ ਸੈਂਟਰ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫਤਰ : "ਤ੍ਰਿਸ਼ੂਲ" ਤੀਸਰੀ ਮੰਜ਼ਲ ਸਾਹਮਣੇ ਸਮਰਥੇਸ਼ਵਰ ਮੰਦਰ ਲਾਅ ਗਾਰਡਨ, ਐਲਿਸਬਰਿਜ, ਅਹਿਮਦਾਬਾਦ-380006

### ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ 1) ਹਰਮੀਤ ਸਿੰਘ ਮਠਾੜੂ ਪੁੱਤਰ ਕੁਲਦੀਪ ਸਿੰਘ 2) ਸ੍ਰੀਮਤੀ ਸਤਨਾਮ ਕੌਰ ਪਤਨੀ ਸ੍ਰੀ ਹਰਮੀਤ ਸਿੰਘ ਮਠਾੜੂ ਸਕਿਉਰਡ ਕ੍ਰੈਡਿਟਰ ਦੀ 28 ਅਪ੍ਰੈਲ 21 ਨੂੰ ਬਕਾਇਆ ਰਕਮ ਰੁਪਏ 54,46,981/- ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 12 ਮਾਰਚ 2026 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 37,81,050/- (ਸੈਂਤੀ ਲੱਖ ਇਕਾਸੀ ਹਜ਼ਾਰ ਪੰਜਾਹ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 3,78,105/- (ਤਿੰਨ ਲੱਖ ਅਠੱਤਰ ਹਜ਼ਾਰ ਇੱਕ ਸੌ ਪੰਜ ਰੁਪਏ ਕੇਵਲ) ਡੀ ਡੀ/ ਪੀ ਓ ਰਾਹੀਂ ਐਕਸਿਸ ਬੈਂਕ ਲਿਮਟਿਡ ਦੇ ਹੱਕ 'ਚ ਲੁਧਿਆਣਾ ਵਿਖੇ ਅਦਾਇਗੀਯੋਗ। |
| ਬੋਲੀ ਵਾਧਾ ਰਕਮ | 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ, ਰਿਟੇਲ ਐੱਸਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 11 ਮਾਰਚ 2026 ਨੂੰ 05.00 ਵਜੇ ਸ਼ਾਮ ਤੱਕ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 12 ਮਾਰਚ 2026 ਨੂੰ ਸਵੇਰੇ 10.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ ਜਾਇਦਾਦ ਦਾ ਵੇਰਵਾ : ਬੈਨਾਮਾ ਦਸਤਾਵੇਜ਼ ਨੰ. 2018-19/93/1/5850 ਮਿਤੀ 28 ਦਸੰਬਰ 2018 ਅਨੁਸਾਰ ਸ੍ਰੀ ਹਰਮੀਤ ਸਿੰਘ ਮਠਾੜੂ ਪੁੱਤਰ ਸ੍ਰੀ ਕੁਲਦੀਪ ਸਿੰਘ ਦੇ ਨਾਂਅ ਰਜਿਸਟਰਡ ਜਾਇਦਾਦ/ਪਲਾਟ ਪ੍ਰਾਈਵੇਟ ਨੰ. 67 ਮਿੰਨ 'ਤੇ ਨਿਰਮਿਤ ਮਕਾਨ, ਰਕਬਾ 179.71 ਵਰਗ ਗਜ਼, ਖਸਰਾ ਨੰ. 64//24/1/2, 64//24/2, 64//24//3, 67//3/2, 67//4 ਮਿੰਨ ਖੱਤਾ ਖਤੌਨੀ ਨੰ. 1142/1567, 1147/1587, 1211/1659, 987/1375, 988/1376, 989/1377 ਜਮ੍ਹਾਂਬੰਦੀ ਸਾਲ 2013-2014 ਰਕਬਾ ਕਾਲਾ ਘਨੂੰਪੁਰ ਸਬ-ਅਰਬਨ ਵਿਖੇ ਸਥਿਤ ਨੇੜੇ ਅਬਾਦੀ ਭਾਈ ਜੀਵਨ ਸਿੰਘ ਕਲੋਨੀ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁੱਝ। ਹੱਦਾਂ ਦਸਤਾਵੇਜ਼ ਅਨੁਸਾਰ : ਪੂਰਬ : ਪਲਾਟ ਨੰ. 67 ਮਿੰਨ ਦਾ ਬਾਕੀ ਹਿੱਸਾ, ਪੱਛਮ : ਪਲਾਟ ਨੰ. 66, ਉੱਤਰ : ਸੜਕ, ਦੱਖਣ ਹੋਰਾਂ ਦੀ ਜਾਇਦਾਦ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸੰਦੀਪ ਬਵੇਜਾ, ਮੋਬਾਇਲ ਨੰ. 8920705598 ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10.00 ਵਜੇ ਤੋਂ ਸ਼ਾਮ ਦੇ 04.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 15 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 18.02.2026, ਸਥਾਨ : ਅੰਮ੍ਰਿਤਸਰ ਸਹੀ/-, (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

## ਦਫਤਰ ਤਹਿਸੀਲਦਾਰ, ਮੋਗਾ

### ਨੋਟਿਸ ਬਨਾਮ ਆਮ ਪਬਲਿਕ

ਸ੍ਰੀ ਕਰਮ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਜੋਗੇਵਾਲਾ, ਤਹਿ. ਮੋਗਾ, ਜ਼ਿਲ੍ਹਾ ਮੋਗਾ ਵੱਲੋਂ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਕਿ ਮਾਲ ਮਹਿਕਮੇ ਵਿੱਚ ਪ੍ਰਾਰਥੀ ਦਾ ਨਾਂਅ ਕਰਮ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਮੋਹਨ ਸਿੰਘ ਦਰਜ ਹੈ, ਜਦੋਂ ਕਿ ਕੋਆਪ੍ਰੇਟਿਵ ਸੋਸਾਇਟੀ ਵਿੱਚ ਪ੍ਰਾਰਥੀ ਦਾ ਨਾਂਅ ਅਮਰਜੀਤ ਸਿੰਘ ਪੁੱਤਰ ਤਾਰਾ ਸਿੰਘ ਚੱਲ ਰਿਹਾ ਹੈ। ਪ੍ਰਾਰਥੀ ਨੂੰ ਕਰਮ ਸਿੰਘ ਉਰਫ ਅਮਰਜੀਤ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਮੋਹਨ ਸਿੰਘ ਦੋਵਾਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਫੀਲਡ ਅਮਲੇ ਦੀ ਰਿਪੋਰਟ ਮੁਤਾਬਿਕ ਪ੍ਰਾਰਥੀ ਦਾ ਨਾਂਅ ਦਰੁਸਤ ਕਰਨ ਲਈ ਰਿਪੋਰਟ ਕੀਤੀ ਗਈ ਹੈ। ਪ੍ਰਾਰਥੀ ਵੱਲੋਂ ਤਸਦੀਕਸ਼ੁਦਾ ਹਲਫੀਆ ਬਿਆਨ ਪੇਸ਼ ਕੀਤਾ ਗਿਆ ਹੈ।

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਕਰਮ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਮੋਹਨ ਸਿੰਘ ਵਾਸੀ ਪਿੰਡ ਜੋਗੇਵਾਲਾ, ਤਹਿ. ਮੋਗਾ, ਜ਼ਿਲ੍ਹਾ ਮੋਗਾ ਵੱਲੋਂ ਬੇਨਤੀ ਕੀਤੀ ਹੈ ਕਿ ਪੰਜਾਬ ਲੈਂਡ ਮੈਨੂਅਲ ਦੇ ਪਹਿਰਾ ਨੰਬਰ 7.28 ਅਧੀਨ ਪ੍ਰਾਰਥੀ ਨੇ ਆਪਣਾ ਨਾਂਅ ਤਬਦੀਲੀ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ, ਜਿਸ ਵਿੱਚ ਪ੍ਰਾਰਥੀ ਕਰਮ ਸਿੰਘ ਪੁੱਤਰ ਤਾਰਾ ਸਿੰਘ ਦਾ ਨਾਂਅ ਜੋ ਕਿ ਮਹਿਕਮਾ ਮਾਲ ਵਿੱਚ ਕਰਮ ਸਿੰਘ ਪੁੱਤਰ ਤਾਰਾ ਸਿੰਘ ਦਰਜ ਹੈ, ਤੋਂ ਬਦਲ ਕੇ ਕਰਮ ਸਿੰਘ ਉਰਫ ਅਮਰਜੀਤ ਸਿੰਘ ਪੁੱਤਰ ਤਾਰਾ ਸਿੰਘ ਪੁੱਤਰ ਮੋਹਨ ਸਿੰਘ ਕਰਨ ਪਰ ਜੇਕਰ ਕਿਸੇ ਵੀ ਵਿਅਕਤੀ/ਧਿਰ ਨੂੰ ਕਿਸੇ ਤਰ੍ਹਾਂ ਦਾ ਇਤਰਾਜ਼ ਹੈ ਤਾਂ ਉਹ ਇਸ਼ਤਿਹਾਰ ਜਾਰੀ ਹੋਣ ਤੋਂ 10 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੇ ਦਫਤਰ ਵਿੱਚ ਪੇਸ਼ ਹੋ ਕੇ ਇਤਰਾਜ਼ ਪੇਸ਼ ਕਰੇ। ਮਿਆਦ ਖਤਮ ਹੋਣ ਤੋਂ ਬਾਅਦ ਕਿਸੇ ਤਰ੍ਹਾਂ ਦਾ ਕੋਈ ਇਤਰਾਜ਼ ਨਹੀਂ ਲਿਆ ਜਾਵੇਗਾ ਅਤੇ ਨਾਂਅ ਤਬਦੀਲੀ ਸੰਬੰਧੀ ਹੁਕਮ ਸੁਣਾ ਦਿੱਤੇ ਜਾਣਗੇ।

ਸਹੀ/-ਤਹਿਸੀਲਦਾਰ ਮੋਗਾ

ਨੰਬਰ. 174/ਰੀਡਰ-1 ਮਿਤੀ 17/02/2026

## PUBLIC NOTICE

I Lovepreet Kaur W/O Shamsher Singh R/O Patti Road Tarn Taran Bhikhiwind, Punjab 143303 is owner of property Measuring 4 Marlas i.e having 1/33 share out of Khasra No. 101//13/1 (6-12), situated in the area of Bhikhiwind Hadh Bast No. 137 Tehsil Bhikhiwind Distt. Tarntaran. and Lovepreet Kaur W/O Shamsher Singh R/o Patti Road Tarn Taran Bhikhiwind, Punjab 143303. And Lovepreet Kaur W/O Shamsher Singh had lost her previous Sale deed

Executed By Amarjeet Singh S/o Kundan Singh in favour of Harpal Singh S/o Harjindersingh Vide 984 Dated 09-07-2012 and SPA Executed by Harpal Singh S/O Harjinder Singh in favour of Sanjeev Kumar S/o Rajinder Kumar Vide 2018-19/171/4/20 Dated 28-02-2019 and Regarding That Lost Information Report also given Vide Letter No.674268/2026 Dated 27-01-2026 has also been got registered in this respect. Anybody having claim or claiming any manner in this property or has raised loan by depositing therefore said document to any Person/ Bank/ Corporation/ Financial Institution may approach the undersigned and may submitted objections within 10 day from the date of this public notice. After the expiry of the period of this notice, no claim shall be entertained and such claim sell be deemed to be false fake frivolous fraudulent and baseless claim and shall have no value in the eyes of Law.

## कार्यालय पुलिस उप महानिरीक्षक ग्रुप केन्द्र, के०रि०पु०बल, सरायखास, जालंधर (पंजाब) - 144 805

No.M.V-1/2024-2025 GC JDR (Montessori School) Dated 17/02/2026

जीसी सीआरपीएफ जालन्धर मे सन्चालित मोंटेसरी स्कूल को नियुक्ति की तिथि से 11 महीने तक पुरी तरह से अस्थायी अनुबन्ध के आधार पर 01 हेड मिस्ट्रेस 05 टीचर 04 आया 02 सफाई कर्मचारी की आवश्यकता है, जोकि नीचे दिए गए नियमो एव शर्तो के अनुसार है:-

| | | |
|---|---|---|
| शैक्षणिक योग्यता | हेड मिस्ट्रेस/ टीचर | स्नातक/स्नाकोतर जो नर्सरी प्रशिक्षित शिक्षक/जेबीटी /प्रशिक्षित स्नातक/स्नाकोतर और साथ ही शैक्षणिक अनुभव रखने वाले को प्राथमिकता दी जाएगी। |
| | आया/सफाई कर्मचारी | 10वीं या समकक्ष और केयरटेकर के रूप मे कम से कम 02 साल का अनुभव रखने वालो को प्राथमिकता दी जाएगी। |
| मानदेय | हेड मिस्ट्रेस | 11000/- रु प्रतिमाह |
| | टीचर | 9000/- रु प्रतिमाह |
| | आया/सफाई कर्मचारी | 6500/- रु प्रतिमाह |
| आवास/ परिवहन | हेड मिस्ट्रेस/ टीचर/ आया/सफाई कर्मचारी | कोई भी आवास/ परिवहन की सुविधा प्रदान नही की जाएगी। चयनित अभ्यर्थियो को इसकी व्यवस्था स्वय करनी होगी। |
| छुट्टी | | अनुबन्ध अवधी के दौरान 10 दिन का आकस्मिक अवकाश |
| नियुक्ति/ अनुबन्ध | | नियुक्ति की तिथि से 11 महीने |

02. इच्छुक अभ्यर्थि जो उपरोक्त योग्यताए पूरी करते है वे शैक्षणिक /अनुभव प्रमाण पत्र आदि की सत्यापित प्रति एव दो फोटो के साथ आवेदन जमा कर सकते है। लिफाफे पर मोंटेसरी स्कूल जीसी सीआरपीएफ मे हेड मिस्ट्रेस / टीचर / आया/सफाई कर्मचारी के पद के लिये आवेदन लिखकर कार्यालय पुलिस उप महानिरीक्षक ग्रुप केन्द्र, के०रि०पु०बल, सरायखास, जालंधर (पंजाब) 144 805 को दिनांक 28/02/2026 समय 05 बजे तक भेज दे। उनका साक्षात्कार दिनांक 06/03/26 को 11 बजे इस कार्यालय में होगा।

## Capital Small Finance Bank

Capital Small Finance Bank Limited
H.O: MIDAS Corporate Park, 3rd Floor, 37 G.T. Road, Jalandhar City

### ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਨੋਟਿਸ

ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 (2) ਅਧੀਨ ਮਿਤੀ 27-01-2026 ਨੂੰ ਨੋਟਿਸ ਭੇਜਿਆ ਗਿਆ ਸੀ, ਜੋ ਡਾਕ ਵਿਭਾਗ ਵੱਲੋਂ ਵਾਪਸ ਕਰ ਦਿੱਤਾ ਗਿਆ ਸੀ ਅਤੇ ਅਧਿਕਾਰਤ ਅਫਸਰ ਨੂੰ ਯਕੀਨ ਹੋ ਗਿਆ ਹੈ ਕਿ ਕਰਜ਼ਦਾਰ/ਗਰੰਟਰ ਨੋਟਿਸ ਦੀ ਤਾਮੀਲ ਤੋਂ ਕੰਨੀ ਕਤਰਾ ਰਹੇ ਹਨ। ਇਸ ਲਈ ਉਨ੍ਹਾਂ ਨੂੰ ਇਸ ਜਨਤਕ ਨੋਟਿਸ ਰਾਹੀਂ ਉਹੀ ਜਾਣਕਾਰੀ ਦਿੱਤੀ ਜਾ ਰਹੀ ਹੈ।

| ਕਰਜ਼ਦਾਰ (ਕਰਜ਼ਦਾਰਾਂ) ਅਤੇ ਗਰੰਟਰ (ਗਰੰਟਰਾਂ) ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | ਕਰਜ਼ਾ ਨੰਬਰ ਅਤੇ ਬਕਾਇਆ ਰਕਮ |
|---|---|---|
| ਕਰਜ਼ਦਾਰ : ਮੈਸ: ਹੇਅਰ ਟਰੇਡਿੰਗ , ਦਾਣਾ ਮੰਡੀ ਨਕੋਦਰ ਵਿਖੇ ਸਥਿਤ, ਜ਼ਿਲ੍ਹਾ ਜਲੰਧਰ ਰਾਹੀਂ ਇਸ ਦੇ ਭਾਈਵਾਲਾਂ : ਸ੍ਰੀ ਤਰਜਿੰਦਰ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਲਿੱਤਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ-144043, ਸ੍ਰੀ | ਅਚੱਲ ਜਾਇਦਾਦ ਦਾ ਉਚਿਤ ਗਿਰਵੀਨਾਮਾ : ਬੈਨਾਮਾ ਦਸਤਾਵੇਜ਼ ਨੰ. 2018-19/184/1/544 ਮਿਤੀ 22-11-2018 ਅਨੁਸਾਰ ਸ੍ਰੀ ਰੁਪਿੰਦਰ ਸਿੰਘ ਪੁੱਤਰ ਨਰਿੰਦਰ ਸਿੰਘ ਦੀ ਮਲਕੀਅਤ ਜਾਇਦਾਦ 1 ਕਨਾਲ 1 ਮਰਲਾ, ਵਾਕਿਆ ਰਕਬਾ ਪਿੰਡ ਲਿੱਤਰਾਂ ਵਿਖੇ ਸਥਿਤ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। | ਆਟੋ ਕਰਜ਼ਾ/ ਸੀ ਸੀ ਲਿਮਟ/ 001300000712 27.01.2026 ਨੂੰ ਰੁਪਏ 16,81,631/- ਮਿਤੀ 01.01.2026 ਤੋਂ ਬਿਨਾਂ ਵਿਆਜ |

ਰੁਪਿੰਦਰ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਲਿੱਤਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ-144043, ਸ੍ਰੀ ਜਸਕਰਨ ਸਿੰਘ ਪੁੱਤਰ ਨਰਿੰਦਰ ਵਾਸੀ ਪਿੰਡ ਲਿੱਤਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ-144043 ਗਰੰਟਰ (1) ਸ੍ਰੀ ਤਰਜਿੰਦਰ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਲਿੱਤਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ-144043 (2) ਸ੍ਰੀ ਰੁਪਿੰਦਰ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਲਿੱਤਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ-144043 (3) ਸ੍ਰੀ ਜਸਕਰਨ ਸਿੰਘ ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਲਿੱਤਰਾਂ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ-144043 (4) ਸ੍ਰੀ ਚੰਦਨ ਕੁਮਾਰ ਪੁੱਤਰ ਰਾਜ ਕੁਮਾਰ ਵਾਸੀ 1571, ਨੇੜੇ ਰੇਲਵੇ ਸਟੇਸ਼ਨ, ਦਾਣਾ ਮੰਡੀ, ਨਕੋਦਰ, ਜ਼ਿਲ੍ਹਾ ਜਲੰਧਰ-144040

ਸਕਿਉਰਟਾਈਜੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ 2002 ਦੇ ਸੈਕਸ਼ਨ 13 ਤਹਿਤ ਬੈਂਕ ਇਸ ਜਨਤਕ ਨੋਟਿਸ ਰਾਹੀਂ ਤੁਹਾਨੂੰ ਬੈਂਕ ਦੇ ਵਹੀ ਖਾਤਿਆਂ 'ਚ ਤੁਹਾਡੇ ਵਿਰੁੱਧ ਸਾਰੀਆਂ ਬਕਾਇਆ ਰਕਮਾਂ ਇਸ ਦੀ ਬਰਾਂਚ ਨਕੋਦਰ 'ਚ, ਸਮੇਤ ਇਸ ਉਪਰ ਭਵਿੱਖੀ ਵਿਆਜ, ਸਮੇਂ-ਸਮੇਂ 'ਤੇ ਬੈਂਕ ਵੱਲੋਂ ਕੀਤੇ ਗਏ ਹੋਰ ਖਰਚਿਆਂ ਅਤੇ ਲਾਗਤਾਂ ਨਾਲ ਸਾਰੀਆਂ ਮੁਕੰਮਲ ਦੇਣਦਾਰੀਆਂ, ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਦਾ ਸੱਦਾ ਦਿੰਦਾ ਹੈ, ਅਸਫਲ ਰਹਿਣ 'ਤੇ ਤੁਹਾਡੇ ਜੋਖਮ ਅਤੇ ਲਾਗਤਾਂ 'ਤੇ ਬੈਂਕ ਐਕਟ (ਸੁਪਰਾ) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਸਾਰੇ ਜਾਂ ਕਿਸੇ ਇੱਕ ਢੰਗ ਨਾਲ ਸਕਿਉਰਡ ਕਰਜ਼ਾ ਵਸੂਲਣ ਲਈ ਕਾਰਵਾਈ ਕਰੇਗਾ:-(ਏ) ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ (ਬੀ) ਸਕਿਉਰਡ ਐੱਸਟਸ ਦੇ ਪ੍ਰਬੰਧ ਨੂੰ ਆਪਣੇ ਹੱਥਾਂ ਵਿੱਚ ਲੈਣ ਸਮੇਤ ਸਕਿਉਰਡ ਐੱਸਟਸ ਦਾ ਕਬਜ਼ਾ ਲੈ ਕੇ ਤਬਦੀਲ ਕਰਨ ਦਾ ਅਧਿਕਾਰ ਸਮੇਤ ਸਕਿਉਰਡ ਐੱਸਟਸ ਦੀ ਵਸੂਲੀ ਲਈ ਵਿਕਰੀ ਰਾਹੀਂ ਤਬਦੀਲ ਕਰਨ ਦਾ ਅਧਿਕਾਰ (ਸੀ) ਸਕਿਉਰਡ ਐੱਸਟਸ ਦੇ ਪ੍ਰਬੰਧ ਲਈ ਕਿਸੇ ਵਿਅਕਤੀ ਦੀ ਨਿਯੁਕਤੀ (ਡੀ) ਕਿਸੇ ਸਮੇਂ ਵੀ ਲਿਖਤੀ ਨੋਟਿਸ ਰਾਹੀਂ, ਕਿਸੇ ਵਿਅਕਤੀ ਜਿਸ ਨੇ ਤੁਹਾਡੇ ਕੋਲੋਂ ਕੋਈ ਵੀ ਸਕਿਉਰਡ ਐੱਸਟਸ ਪ੍ਰਾਪਤ ਕੀਤਾ ਹੋਵੇ, ਬੈਂਕ ਨੂੰ ਅਦਾਇਗੀ ਲਈ ਸੱਦਣਾ। ਅੱਗੇ ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਜੇਕਰ ਕਰਜ਼ਦਾਰ/ਗਰੰਟਰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਸਾਰੀਆਂ ਮੁਕੰਮਲ ਦੇਣਦਾਰੀਆਂ ਅਦਾ ਕਰਨ 'ਚ ਅਸਫਲ ਰਹਿੰਦੇ ਹਨ ਅਤੇ ਬੈਂਕ (ਸੁਪਰਾ) ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ 4 ਅਧੀਨ ਕੋਈ ਕਾਰਵਾਈ ਕਰਦਾ ਹੈ ਤਾਂ ਕਰਜ਼ਦਾਰ/ਗਰੰਟਰਾਂ ਨੂੰ ਬੈਂਕ ਵੱਲੋਂ ਸਹਿਣ ਕੀਤੀਆਂ ਜਾਣ ਵਾਲੀਆਂ ਸਾਰੀਆਂ ਲਾਗਤਾਂ, ਚਾਰਜਿਜ਼, ਖਰਚੇ ਅਦਾ ਕਰਨੇ ਪੈਣਗੇ। ਜੇਕਰ ਸਕਿਉਰਡ ਐੱਸਟਸ ਦੀ ਵਿਕਰੀ ਦੀ ਕਾਰਵਾਈ ਨਾਲ ਬੈਂਕ ਦੇ ਸਾਰੇ ਬਕਾਏ ਮੁਕੰਮਲ ਤੌਰ 'ਤੇ ਵਸੂਲ ਨਹੀਂ ਹੁੰਦੇ ਤਾਂ ਬੈਂਕ ਬਕਾਇਆ ਰਕਮ ਤੁਹਾਡੇ ਅਤੇ ਗਰੰਟਰਾਂ ਅਤੇ ਹੋਰ ਜ਼ਿੰਮੇਵਾਰ ਵਿਅਕਤੀਆਂ ਕੋਲੋਂ ਨਿੱਜੀ ਤੌਰ 'ਤੇ ਵਸੂਲੀ ਕਰਨ ਲਈ ਕਾਰਵਾਈ ਕਰੇਗਾ। ਇਹ ਨੋਟਿਸ ਬੈਂਕ ਨੂੰ ਪ੍ਰਾਪਤ ਅਧਿਕਾਰਾਂ, ਉਪਲਬਧ ਹੱਲ ਅਤੇ ਕਾਨੂੰਨੀ ਰੀਕੋਰਸ ਅਨੁਸਾਰ ਬਿਨਾਂ ਕਿਸੇ ਪੱਖਪਾਤ ਦੇ ਹੈ।

ਸਥਾਨ : ਜਲੰਧਰ ਮਿਤੀ : 17-02-2026 ਸਹੀ/-ਅਧਿਕਾਰਤ ਅਫਸਰ

18-Feb-PAGE--8.qxd 2/17/2026 10:57 PM Page 1



# 20,000 ਰੁਪਏ ਰਿਸ਼ਵਤ ਲੈਂਦਾ ਕਾਨੂੰਗੋ ਦਾ ਭਰਾ ਰੰਗੇ ਹੱਥੀਂ ਕਾਬੂ

**ਜਲੰਧਰ (ਸ਼ੈਲੀ ਐਲਬਰਟ)**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਆਪਣੀ ਮੁਹਿੰਮ ਦੌਰਾਨ, ਸਬ-ਤਹਿਸੀਲ ਮਹਿਤਪੁਰ, ਜ਼ਿਲ੍ਹਾ ਜਲੰਧਰ ਵਿਖੇ ਤਾਇਨਾਤ ਕਾਨੂੰਗੋ ਜਤਿੰਦਰ ਸਿੰਘ ਦੇ ਭਰਾ ਪਰਮਿੰਦਰ ਸਿੰਘ ਨੂੰ 20,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ। ਇੱਥੇ ਇਹ ਜਾਣਕਾਰੀ ਸਾਂਝੀ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਗੁਰੂ ਤੇਗ ਬਹਾਦਰ ਨਗਰ, ਨਕੋਦਰ, ਜ਼ਿਲ੍ਹਾ ਜਲੰਧਰ ਦੇ ਇੱਕ ਵਸਨੀਕ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਬੁਲਾਰੇ ਨੇ ਕਿਹਾ ਕਿ ਸ਼ਿਕਾਇਤਕਰਤਾ, ਇੱਕ ਖੇਤੀਬਾੜੀ ਕਰਨ ਵਾਲਾ ਸ਼ਖਸ ਹੈ ਅਤੇ ਕਾਰ ਖਰੀਦ-ਫਰੋਖਤ ਦਾ ਕਾਰੋਬਾਰ ਵੀ ਕਰਦਾ ਹੈ, ਨੇ ਪਿੰਡ ਹਰੀਪੁਰ ਵਿੱਚ 12 ਮਰਲੇ ਦਾ ਘਰ ਖਰੀਦਿਆ ਸੀ। ਕਿਉਂਕਿ ਇਸ ਦੀ ਕੋਈ ਸੇਲ ਡੀਡ ਨਹੀਂ ਬਣਾਈ ਗਈ ਸੀ, ਇਸ ਲਈ ਇੱਕ ਸਿਵਲ ਮੁਕੱਦਮਾ ਦਾਇਰ ਕੀਤਾ ਗਿਆ, ਜਿਸ ਦਾ ਫੈਸਲਾ ਸ਼ਿਕਾਇਤਕਰਤਾ ਦੇ ਹੱਕ ਵਿੱਚ ਹੋਇਆ ਸੀ। ਫਿਰ ਉਕਤ ਫੈਸਲੇ ਵਿਰੁੱਧ ਅਪੀਲ ਦਾਇਰ ਕੀਤੀ ਗਈ ਸੀ ਜਿਸ ਨੂੰ ਮਾਣਯੋਗ ਅਦਾਲਤ ਨੇ ਖਾਰਜ ਕਰ ਦਿੱਤਾ ਅਤੇ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਸ਼ਿਕਾਇਤਕਰਤਾ ਦੇ ਹੱਕ ਵਿੱਚ ਸੇਲ ਡੀਡ ਦਰਜ ਕੀਤੀ ਗਈ। ਬੁਲਾਰੇ ਨੇ ਅੱਗੇ ਦੱਸਿਆ ਕਿ ਘਰ ਦਾ ਕਬਜ਼ਾ ਦੇਣ ਲਈ, ਉਕਤ ਕਾਨੂੰਗੋ ਨੂੰ ਇੱਕ ਅਰਜ਼ੀ ਦਿੱਤੀ ਗਈ ਸੀ। ਇਸ ਸਬੰਧ ਵਿੱਚ, ਕੰਪਿਊਟਰਾਈਜ਼ਡ ਹੱਦਬੰਦੀ ਦੇ ਨਾਮ 'ਤੇ ਸ਼ਿਕਾਇਤਕਰਤਾ ਤੋਂ 15,000 ਰੁਪਏ ਦੀ ਰਕਮ ਵਸੂਲੀ ਗਈ ਸੀ। ਇਸ ਤੋਂ ਬਾਅਦ, ਕਾਨੂੰਗੋ ਵੱਲੋਂ




ਘਰ ਖਾਲੀ ਕਰਨ ਲਈ ਇੱਕ ਨੋਟਿਸ ਜਾਰੀ ਕੀਤਾ ਗਿਆ । ਦੋਸ਼ੀ ਕਾਨੂੰਗੋ ਜਤਿੰਦਰ ਸਿੰਘ ਨੇ ਘਰ ਦਾ ਕਬਜ਼ਾ ਦੇਣ ਲਈ ਸ਼ਿਕਾਇਤਕਰਤਾ ਤੋਂ ਤਹਿਸੀਲਦਾਰ ਦੇ ਨਾਂਅ 'ਤੇ 1,00,000 ਰੁਪਏ ਦੀ ਰਿਸ਼ਵਤ ਮੰਗੀ।ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਵੱਲੋਂ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਕਾਨੂੰਗੋ ਨੇ ਤਹਿਸੀਲਦਾਰ ਦੇ ਨਾਂਅ 'ਤੇ ਰਿਸ਼ਵਤ ਲਈ ਜ਼ੋਰ ਪਾਇਆ। 10,000 ਰੁਪਏ ਰਿਸ਼ਵਤ ਮੌਕੇ 'ਤੇ ਹੀ ਲੈ ਲਈ ਗਈ ਅਤੇ ਬਾਕੀ ਰਕਮ ਕਿਸ਼ਤਾਂ ਵਿੱਚ ਅਦਾ ਕਰਨੀ ਤੈਅ ਕੀਤੀ ਗਈ।ਸ਼ਿਕਾਇਤਕਰਤਾ ਨੇ ਗੈਰ-ਕਾਨੂੰਨੀ ਰਿਸ਼ਵਤ ਦੀ ਮੰਗ ਸੰਬੰਧੀ ਪੂਰੀ ਗੱਲਬਾਤ ਰਿਕਾਰਡ ਕਰ ਲਈ।ਬੁਲਾਰੇ ਨੇ ਖੁਲਾਸਾ ਕੀਤਾ ਕਿ ਦੋਸ਼ੀ ਕਾਨੂੰਗੋ ਜਤਿੰਦਰ ਸਿੰਘ ਨੇ ਸ਼ਿਕਾਇਤਕਰਤਾ 'ਤੇ ਰਿਸ਼ਵਤ ਦੀ ਅਗਲੀ ਕਿਸ਼ਤ ਦੇਣ ਲਈ ਦੁਬਾਰਾ ਦਬਾਅ ਪਾਇਆ। ਕਿਉਂਕਿ ਸ਼ਿਕਾਇਤਕਰਤਾ ਬਿਨਾਂ ਰਿਸ਼ਵਤ ਦਿੱਤੇ ਆਪਣਾ ਕੰਮ ਕਰਵਾਉਣਾ ਚਾਹੁੰਦਾ ਸੀ, ਇਸ ਲਈ ਉਸਨੇ ਵਿਜੀਲੈਂਸ ਬਿਊਰੋ ਰੇਂਜ ਜਲੰਧਰ ਨਾਲ ਸੰਪਰਕ ਕੀਤਾ।ਉਸਦੀ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ, ਵਿਜੀਲੈਂਸ ਬਿਊਰੋ ਦੀ ਟੀਮ ਨੇ ਮੁੱਖ ਦੋਸ਼ੀ ਜਤਿੰਦਰ ਸਿੰਘ ਕਾਨੂੰਗੋ ਦੇ ਭਰਾ ਪਰਮਿੰਦਰ ਸਿੰਘ, ਜਿਸ ਨੂੰ ਉਸ ਨੇ ਰਿਸ਼ਵਤ ਲੈਣ ਲਈ ਭੇਜਿਆ ਸੀ, ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।ਮੁੱਖ ਦੋਸ਼ੀ ਕਾਨੂੰਗੋ ਜਤਿੰਦਰ ਸਿੰਘ, ਇਸ ਸਮੇਂ ਫਰਾਰ ਹੈ ਤੇ ਉਸਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਉਸ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਵਿੱਚ ਇਨ੍ਹਾਂ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਤੇ ਇਸ ਸਬੰਧੀ ਹੋਰ ਜਾਂਚ ਜਾਰੀ ਹੈ।

# 'ਨਸ਼ਾ ਮੁਕਤੀ ਚੇਤਨਾ' ਦੇ ਸੰਕਲਪ ਅਧੀਨ ਐੱਨ ਐੱਸ ਐੱਸ ਵਿਭਾਗ ਵੱਲੋਂ ਵਿਸ਼ੇਸ਼ ਲੈਕਚਰ

**ਨੂਰਮਹਿਲ/ਫਿਲੌਰ (ਬਾਲ ਕ੍ਰਿਸ਼ਨ ਬਾਲੀ, ਨਿਰਮਲ)**



ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਫਿਲੌਰ, ਪਿੰਡ ਤੇਹਿੰਗ ਵਿਖੇ ਐੱਨ ਐੱਸ ਐੱਸ ਵਿਭਾਗ ਵੱਲੋਂ 'ਯੁੱਧ ਨਸ਼ਿਆ ਵਿਰੁੱਧ' ਤੇ ਨਸ਼ਾ ਮੁਕਤੀ ਚੇਤਨਾ ਦੇ ਸੰਕਲਪ ਅਧੀਨ ਇੱਕ ਵਿਸ਼ੇਸ਼ ਲੈਕਚਰ ਕਰਵਾਇਆ ਗਿਆ ਜਿਸ ਵਿੱਚ ਮੁੱਖ ਬੁਲਾਰੇ ਵਜੋਂ ਜਸਬੀਰ ਸਿੰਘ ਮਾਰਗਦਰਸ਼ਕ, ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ), ਨੇ ਸ਼ਿਰਕਤ ਕੀਤੀ। ਇਸ ਦੇ ਨਾਲ ਹੀ ਡਾ: ਮਦਨਜੀਤ ਸਿੰਘ, ਐੱਮ.ਡੀ. ਭਾਈ ਮਤੀ ਦਾਸ, ਨਰਸਿੰਗ ਕਾਲਜ, ਅੱਟਾ ਅਤੇ ਸ੍ਰੀਮਾਨ ਸੁਮਿਤ ਸੂਰੀ ਐਡਵੋਕੇਟ ਜਲੰਧਰ ਵੀ ਉਚੇਚੇ ਰੂਪ ਵਿੱਚ ਪਹੁੰਚੇ। ਮੰਚ ਸੰਚਾਲਕ ਦੀ ਭੂਮਿਕਾ ਨਿਭਾਉਂਦਿਆਂ ਪ੍ਰੋ: ਹਰਪ੍ਰੀਤ ਸਿੰਘ (ਪੰਜਾਬੀ ਵਿਭਾਗ) ਨੇ ਆਏ ਹੋਏ ਮੁੱਖ ਬੁਲਾਰੇ ਤੇ ਪਤਵੰਤੇ ਸੱਜਣਾਂ ਨੂੰ ਨਿੱਘਾ ਜੀ ਆਇਆ ਆਖਿਆ। ਮੁੱਖ ਬੁਲਾਰੇ ਸ: ਜਸਬੀਰ ਸਿੰਘ ਨੇ 'ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ)' ਸੰਸਥਾ ਤੇ ਵੈੱਬ ਸਾਇਟ ਦੇ ਬਾਰੇ ਸੰਖੇਪ ਰੂਪ 'ਚ ਪੀ ਪੀ ਟੀ ਦੇ ਮਾਧਿਅਮ ਰਾਹੀਂ ਵਿਦਿਆਰਥੀਆਂ ਨੂੰ ਦੱਸਿਆ। ਇਸ ਦੇ ਨਾਲ ਹੀ ਉਹਨਾਂ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦਿਆਂ ਕਿਹਾ ਕਿ 'ਜਿੱਥੇ ਜਾਗ੍ਰਿਤੀ ਹੈ ਉੱਥੇ ਹੀ ਪਰਿਵਰਤਨ ਆ ਸਕਦਾ ਹੈ'। ਪੰਜਾਬ 'ਚ ਨਸ਼ਾ ਕਿਉਂ ਵੱਧ ਰਿਹਾ ਹੈ ?, ਨਸ਼ਾ ਦੇਸ਼ ਵਿੱਚ ਆਉਂਦਾ ਕਿੱਥੋਂ ਹੈ ? ਗੁਆਂਢੀ ਦੇਸ਼ ਆਪਣੀ ਆਰਥਿਕਤਾ ਦੇ ਮੁਨਾਫੇ ਦੇ ਚੱਕਰ 'ਚ ਨਸ਼ੇ ਦੀ ਖਰੀਦ-ਵੇਚ ਕਿਵੇ 'ਤੇ ਕਿਉਂ ਕਰ ਰਹੇ ਹਨ ਆਦਿ ਵਿਸ਼ੇਸ਼ ਪਹਿਲੂਆਂ ਦੇ ਤਹਿਤ ਲੈਕਚਰ ਨੂੰ ਤੱਥਾਂ ਤੇ ਅੰਕੜਿਆਂ ਸਮੇਤ ਪੇਸ਼ ਕੀਤਾ। ਇਸ ਦੇ ਨਾਲ ਹੀ ਡਾ: ਮਦਨਜੀਤ ਸਿੰਘ ਨੇ ਵੀ 'ਯੁੱਧ ਨਸ਼ਿਆਂ ਵਿਰੁੱਧ' ਦੇਸ਼ ਦੇ ਅੰਦਰ ਕਿਵੇਂ ਲੜਿਆ ਜਾਵੇ 'ਤੇ ਲੈਕਚਰ ਦਿੱਤਾ। ਐਡਵੋਕੇਟ ਸੁਮਿਤ ਸੂਰੀ ਨੇ 'ਨਸ਼ਾ ਮੁਕਤੀ ਚੇਤਨਾ ਸੰਘ' ਅਧੀਨ ਨਸ਼ਿਆਂ ਦੇ ਵਿਰੁੱਧ ਸੈਮੀਨਾਰ ਦਾ ਹਿੱਸਾ ਬਣੇ ਲਗਭਗ 180 ਵਿਦਿਆਰਥੀਆਂ ਨੂੰ ਸਹੁੰ ਚੁਕਾਈ । ਕਾਲਜ ਦੇ ਪ੍ਰਿੰਸੀਪਲ ਡਾ: ਪਰਮਜੀਤ ਕੌਰ ਜੱਸਲ ਨੇ ਵੀ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਤੇ ਆਪਣੇ ਆਪ ਨੂੰ ਕੰਮ-ਕਾਜੀ ਨਸ਼ੇ ਦੇ ਸਰੂਰ ਵਿੱਚ ਰਹਿਣ ਦੀ ਅਪੀਲ ਕੀਤੀ ਤੇ ਕਿਹਾ ਕਿ ਆਪਣੇ ਸਰੀਰ ਨੂੰ ਨਸ਼ਟ ਕਰਨ ਵਾਲੇ ਨਸ਼ੇ ਤੋਂ ਦੂਰ ਅਤੇ ਆਪਣੇ ਮਨ ਨੂੰ ਸਕੂਨ ਦੇਣ ਵਾਲੇ ਕੰਮ-ਕਾਜ, ਪੜ੍ਹਣ ਤੇ ਪੜ੍ਹਾਉਣ ਆਦਿ ਦਾ ਨਸ਼ਾ ਜ਼ਰੂਰੀ ਹੈ। ਅੰਤ ਵਿੱਚ ਜਨ-ਗਨ-ਮਨ ਦੇ ਰਾਸ਼ਟਰੀ ਗੀਤ ਨਾਲ ਇਸ ਸੈਮੀਨਾਰ ਦੀ ਸਮਾਪਤੀ ਹੋਈ ਤੇ ਕਾਲਜ ਦਾ ਸਮੂਹ ਸਟਾਫ ਪ੍ਰੋ: ਵਿਸ਼ਾਲੀ ਪਸਰੀਚਾ, ਪ੍ਰੋ: ਜਸਪ੍ਰੀਤ ਕੌਰ, ਡਾ: ਪਰਮਜੀਤ ਕੌਰ, ਪ੍ਰੋ: ਸੋਨੀਆ, ਪ੍ਰੋ: ਮਨੀਸ਼ ਤ੍ਰੇਹਨ, ਪ੍ਰੋ: ਰਾਜਨ ਮਿੱਤੂ, ਪ੍ਰੋ: ਮਨਿੰਦਰ ਸਿੰਘ, ਪ੍ਰੋ: ਰੁਪਿੰਦਰ ਸਿੰਘ, ਪ੍ਰੋ: ਬਬੀਤਾ ਕੁਮਾਰੀ, ਪ੍ਰੋ:ਕਿਰਨਦੀਪ ਕੌਰ, ਪ੍ਰੋ: ਨਵਦੀਪ ਕੌਰ, ਪ੍ਰੋ: ਅਮ੍ਰਿਤਾ, ਪ੍ਰੋ: ਮਨਦੀਪ ਕੌਰ ਤੇ ਪ੍ਰੋ: ਕਮਲਪ੍ਰੀਤ ਕੌਰ ਹਾਜ਼ਰ ਰਹੇ।

# .ਗ਼ਦਰੀ ਬਾਬਿਆਂ ਨੂੰ ਸਮਰਪਤ ਮੇਲਾ 27 ਨੂੰ

**ਖਰੜ (ਹਰਨਾਮ ਸਿੰਘ ਡੱਲਾ)**

ਗ਼ਦਰੀ ਬਾਬੇ ਵਿਚਾਰਧਾਰਕ ਮੰਚ (ਪੰਜਾਬ) ਖਰੜ ਨੇ ਫੈਸਲਾ ਲਿਆ ਹੈ ਕਿ ਇਸ ਵਾਰ ਦਾ ਗ਼ਦਰੀ ਬਾਬਿਆਂ ਨੂੰ ਸਮਰਪਤ ਮੇਲਾ ਗਦਰ ਲਹਿਰ ਦੇ ਬਾਨੀਆਂ ਵਿੱਚੋਂ ਇੱਕ ਸ਼ਹੀਦ ਕਾਂਸ਼ੀ ਰਾਮ ਮੜੌਲੀ ਦੇ ਪਿੰਡ ਮੜੌਲੀ ਕਲਾਂ ਨੇੜੇ ਮੋਰਿੰਡਾ (ਰੋਪੜ) ਵਿਖੇ ਕਰਵਾਇਆ



ਜਾਵੇਗਾ। ਉੱਥੇ ਬਜ਼ੁਰਗ ਕਮਿਊਨਿਸਟ ਸਾਥੀ ਜੋਗ ਰਾਜ ਦੀ ਪ੍ਰਧਾਨਗੀ ਹੇਠ ਖਰੜ ਵਿਖੇ ਹੋਈ। ਮੀਟਿੰਗ ਦੌਰਾਨ 23 ਮਾਰਚ 1931 ਦੇ ਸ਼ਹੀਦਾਂ ਦੀ ਯਾਦ ਵਿੱਚ ਪਿੰਡ ਮੜੌਲੀ ਵਿਖੇ ਸ਼ਹੀਦ ਕਾਂਸੀ ਰਾਮ ਮੜੌਲੀ ਦੀ ਸ਼ਹਾਦਤ ਨੂੰ ਸਮਰਪਿਤ ਸੈਮੀਨਾਰ ਤੇ ਨਾਟਕ ਮੇਲਾ ਮਿਤੀ 27 ਮਾਰਚ ਨੂੰ ਹੋਵੇਗਾ। ਚੇਤੇ ਰਹੇ ਕਿ ਅੰਗਰੇਜ਼ਾਂ ਨੇ ਗ਼ਦਰ ਪਾਰਟੀ ਦੇ ਸੰਸਥਾਪਕਾਂ ਵਿੱਚੋਂ ਇੱਕ ਪੁਆਧ ਦੀ ਧਰਤੀ ਦੇ ਜੰਮਪਲ ਇਨਕਲਾਬੀ ਕਾਂਸ਼ੀ ਰਾਮ ਮੜੌਲੀ ਨੂੰ 27 ਮਾਰਚ 1915 ਨੂੰ ਫਾਂਸੀ ਲਗਾ ਦਿੱਤੀ ਸੀ।ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਮੰਚ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਦੁੱਮਣਾ ਨੇ ਕਿਹਾ ਕਿ ਅਸੀਂ ਦੇਸ਼ ਦੀ ਆਜ਼ਾਦੀ ਲਈ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦਾਂ ਦਾ ਹਰ ਇੱਕ ਦਿਨ ਕਿਸੇ ਨਾ ਕਿਸੇ ਰੂਪ ਵਿੱਚ ਮਨਾਉਂਦੇ ਆ ਰਹੇ ਹਾਂ। ਜਿਸ ਦੀ ਕੜੀ ਵਿੱਚ ਅਸੀਂ ਸ਼ਹੀਦ ਭਗਤ ਸਿੰਘ,ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਨ 27 ਮਾਰਚ ਨੂੰ ਸ਼ਹੀਦ ਕਾਂਸ਼ੀ ਰਾਮ ਮੜੌਲੀ ਦੇ ਸ਼ਹੀਦੀ ਦਿਹਾੜੇ ਉੱਤੇ ਮਨਾਉਣ ਦਾ ਫੈਸਲਾ ਲਿਆ ਹੈ। ਇਹ ਦਿਨ ਪਿੰਡ ਦੀ ਗਰਾਮ ਪੰਚਾਇਤ ਤੇ ਸ਼ਹੀਦ ਕਾਸ਼ੀ ਰਾਮ ਯੂਥ ਕਲੱਬ ਮੜੌਲੀ ਦੇ ਸਹਿਯੋਗ ਨਾਲ ਮਨਾਇਆ ਜਾਵੇਗਾ।ਸਮਾਗਮ ਸਵੇਰੇ ਸ਼ੁਰੂ ਹੋਵੇਗਾ ਤੇ ਰਾਤ ਨੂੰ ਨਾਟਕ ਮੇਲੇ ਦਾ ਸਮਾਪਤੀ ਉਪਰੰਤ ਮੁੱਕੇਗਾ। ਦਿਨ ਦੇ ਰੁਝੇਵਿਆਂ ਦੌਰਾਨ ਇਕ ਵਿਸ਼ਾਲ ਸੈਮੀਨਾਰ ਕਰਵਾਇਆ ਜਾਵੇਗਾ। ਉਸ ਸੈਮੀਨਾਰ ਵਿੱਚ ਵੱਖ ਵੱਖ ਵਿਦਵਾਨਾਂ ਵਲੋਂ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਨੂੰ ਸਮਰਪਿਤ ਪੇਪਰ ਪੜ੍ਹੇ ਜਾਣਗੇ। ਰਾਤ ਸਮੇਂ ਨਾਟਕ ਮੇਲੇ ਦੌਰਾਨ ਉੱਗੀਆਂ ਨਾਟਕ ਮੰਡਲੀਆਂ ਨਾਟਕ ਪੇਸ਼ ਕਰ ਕੇ ਲੋਕਾਂ ਨੂੰ ਨਰੋਏ ਸਮਾਜਿਕ ਸੁਨੇਹੇ ਵੀ ਦੇਣਗੀਆਂ। ਇਸ ਮੀਟਿੰਗ ਵਿੱਚ ਬਲਵਿੰਦਰ ਸਿੰਘ ਹੈਪੀ, ਸੁਰਿੰਦਰ ਸਿੰਘ ਬਡਾਲਾ,ਯੋਗਰਾਜ ਸਿੰਘ, ਫਤਿਹ ਸਿੰਘ,ਅਰਸ਼ਦੀਪ,ਮੋਹਣ ਲਾਲ ਰਾਹੀ, ਕਾਮਰੇਡ ਦਿਨੇਸ਼ ਪ੍ਰਸਾਦ,ਹਰਨਾਮ ਸਿੰਘ ਡੱਲਾ, ਭੁਪਿੰਦਰ ਸਿੰਘ ਮਦਨਹੇੜੀ ਤੇ ਬਲਜਿੰਦਰ ਸਿੰਘ ਵੀ ਹਾਜ਼ਰ ਸਨ।

# ਐੱਲ ਪੀ ਯੂ ਨੇ ਇੰਡੀਆ-ਏ ਆਈ ਇੰਪੈਕਟ ਸਮਿਟ 2026 'ਚ 15 ਏ ਆਈ ਇਨੋਵੇਸ਼ਨ ਪੇਸ਼ ਕੀਤੇ

**ਜਲੰਧਰ (ਸ਼ੈਲੀ ਐਲਬਰਟ)**

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਨੇ ਨਵੀਂ ਦਿੱਲੀ ਵਿੱਚ ਆਯੋਜਿਤ ਇੰਡੀਆ-ਏਆਈ ਇੰਪੈਕਟ ਸਮਿਟ 2026 ਵਿੱਚ ਹਿੱਸਾ ਲਿਆ, ਜਿਸ ਦਾ ਉਦਘਾਟਨ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕੀਤਾ। ਐੱਲ ਪੀ ਯੂ ਨੇ ਆਪਣੇ ਵਿਦਿਆਰਥੀਆਂ ਅਤੇ ਖੋਜ ਟੀਮਾਂ ਦੁਆਰਾ ਵਿਕਸਤ ਕੀਤੇ 15 ਏਆਈ-ਅਧਾਰਤ ਪ੍ਰੋਜੈਕਟ ਪੇਸ਼ ਕੀਤੇ, ਜੋ ਸਿੱਖਿਆ, ਖੇਤੀਬਾੜੀ, ਰੋਬੋਟਿਕਸ, ਐਂਟਰਪ੍ਰਾਈਜ਼ ਤਕਨਾਲੋਜੀ, ਪਹੁੰਚਯੋਗਤਾ ਅਤੇ ਸਿਹਤ ਵਰਗੇ ਖੇਤਰਾਂ ਵਿੱਚ ਵਿਹਾਰਕ ਐਪਲੀਕੇਸ਼ਨਾਂ 'ਤੇ ਕੇਂਦ੍ਰਿਤ ਸਨ।ਸੰਮੇਲਨ ਵਿੱਚ, ਨੀਤੀ ਨਿਰਮਾਤਾਵਾਂ, ਇੰਡਸਟਰੀ ਲੀਡਰਜ਼, ਖੋਜਕਰਤਾਵਾਂ, ਸਟਾਰਟਅੱਪਸ ਅਤੇ ਅਕਾਦਮਿਕ ਸੰਸਥਾਵਾਂ ਨੇ ਆਰਥਿਕ ਵਿਕਾਸ, ਸਥਿਰਤਾ ਅਤੇ ਕੰਮ ਦੇ ਭਵਿੱਖ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਭੂਮਿਕਾ 'ਤੇ ਚਰਚਾ ਕੀਤੀ। ਐੱਲ ਪੀ ਯੂ ਦੀ ਭਾਗੀਦਾਰੀ ਨੇ ਅਪਲਾਈਡ ਏਆਈ ਖੋਜ ਅਤੇ ਵਿਦਿਆਰਥੀ-ਅਗਵਾਈ ਵਾਲੀ ਨਵੀਨਤਾ 'ਤੇ ਆਪਣਾ ਧਿਆਨ ਕੇਂਦਰਿਤ ਕੀਤਾ।ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਹਾਰਡਵੇਅਰ ਡਿਜ਼ਾਈਨ, ਐਂਟਰਪ੍ਰਾਈਜ਼ ਪਲੇਟਫਾਰਮ, ਡਿਜੀਟਲ ਸਹਿਯੋਗ ਅਤੇ ਸਹਾਇਕ ਤਕਨਾਲੋਜੀਆਂ ਨਾਲ ਸਬੰਧਤ ਪ੍ਰੋਜੈਕਟਾਂ ਦਾ ਪ੍ਰਦਰਸ਼ਨ ਕੀਤਾ। ਇਨ੍ਹਾਂ ਵਿੱਚ ਦ ਐਪਲੀਕੇਸ਼ਨ, ਇੱਕ ਬ੍ਰਾਊਜ਼ਰ-ਅਧਾਰਤ ਇਲੈਕਟ੍ਰਾਨਿਕ ਵਿਕਾਸ ਪਲੇਟਫਾਰਮ ਸ਼ਾਮਲ ਸੀ, ਇਨ੍ਹਾਂ ਵਿੱਚ ਜੀਨੀਅਸ ਸਪੇਸ, ਇੱਕ ਏਆਈ ਮਾਡਲ ਬਿਲਡਿੰਗ ਵਾਤਾਵਰਣ ਸ਼ਾਮਲ ਸੀ ਜੋ ਨੋ-ਕੋਡ ਅਤੇ ਪ੍ਰੋ-ਕੋਡ ਵਰਕਫਲੋ ਦਾ ਸਮਰਥਨ ਕਰਦਾ ਹੈ; ਜ਼ੇਨੇਰ, ਇੱਕ ਏਆਈ-ਸਮਰੱਥ ਕਾਰੋਬਾਰ ਪ੍ਰਬੰਧਨ ਹੱਲ ਹੈ ਜੋ ਵਿੱਤ ਅਤੇ ਵਿਸ਼ਲੇਸ਼ਣ ਨੂੰ ਏਕੀਕ੍ਰਿਤ ਕਰਦਾ ਹੈ; ਅਤੇ ਮੇਕਬੀਜ਼, ਇੱਕ ਡਿਜੀਟਲ ਪਲੇਟਫਾਰਮ, ਜੋ ਅਕਾਦਮਿਕ ਸਹਿਯੋਗ ਅਤੇ ਵਿਦਿਆਰਥੀ ਭਾਈਚਾਰਿਆਂ ਦਾ ਸਮਰਥਨ ਕਰਨ ਲਈ ਤਿਆਰ ਕੀਤਾ ਗਿਆ ਹੈ।ਡਾ. ਅਸ਼ੋਕ ਕੁਮਾਰ ਮਿੱਤਲ, ਸੰਸਦ ਮੈਂਬਰ (ਰਾਜ ਸਭਾ) ਤੇ ਐੱਲ ਪੀ ਯੂ ਦੇ ਸੰਸਥਾਪਕ ਚਾਂਸਲਰ ਨੇ ਕਿਹਾ, 'ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਨਾ ਸਿਰਫ਼ ਆਰਥਿਕ ਵਿਕਾਸ ਵਿੱਚ, ਸਗੋਂ ਇਕੁਇਟੀ ਅਤੇ ਸਥਿਰਤਾ ਵਿੱਚ ਵੀ ਯੋਗਦਾਨ ਪਾਉਣਾ ਚਾਹੀਦਾ ਹੈ।'



# ਵਾਲਮੀਕਿ ਧਰਮ ਸਮਾਜ ਵਾਧਸ ਦੇ ਅਹੁਦੇਦਾਰਾਂ ਦੀ ਮੀਟਿੰਗ



**ਨਕੋਦਰ (ਮਨਜੀਤ ਮਾਨ)**-ਵਾਲਮੀਕਿ ਧਰਮ ਸਮਾਜ (ਵਾਧਸ) ਦੀ ਇੱਕ ਵਿਸ਼ੇਸ਼ ਮੀਟਿੰਗ ਸਰਕਟ ਹਾਊਸ ਜਲੰਧਰ ਵਿਖੇ ਕੀਤੀ ਗਈ, ਜਿਸ ਵਿੱਚ ਘਰ ਘਰ ਸ੍ਰਿਸ਼ਟੀ ਕਰਤਾ ਵਾਲਮੀਕਿ ਪ੍ਰਚਾਰ ਨੂੰ ਲੈ ਕੇ ਸਮਾਜ ਦੇ ਵਿੱਚ ਸ਼ਿਕਸ਼ਾ ਐਜੂਕੇਸ਼ਨ ਦਾ ਪ੍ਰਚਾਰ ਹੋ ਸਕੇ ਅਤੇ ਸਮਾਜ ਨਸ਼ਿਆਂ ਤੋਂ ਦੂਰ ਰਹੇ ਅਤੇ 2027 'ਚ ਆਉਣ ਵਾਲੀਆਂ ਚੋਣਾਂ ਦਾ ਵੀ ਵਿਚਾਰ ਕੀਤਾ ਗਿਆ। ਇਹ ਮੀਟਿੰਗ ਸਾਬੀ ਆਦਿਵਾਸੀ ਦੀ ਅਗਵਾਈ 'ਚ ਕੀਤੀ ਗਈ। ਇਸ ਮੀਟਿੰਗ ਵਿੱਚ ਧਰਮ ਗੁਰੂ ਸਚਿਨ ਰਾਵਣ ਨੇ ਖਾਸ ਤੌਰ 'ਤੇ ਸ਼ਿਰਕਤ ਕੀਤੀ ।

# ਬਲਵੀਰ ਸਿੰਘ ਬਿੱਲੂ ਬੱਸਣ ਪਹਿਲਵਾਨ ਦੀ ਯਾਦ 'ਚ ਲੰਗਰ ਭੰਡਾਰਾ ਲਗਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**-ਜ਼ਿਲ੍ਹਾ ਕਪੂਰਥਲਾ ਅਧੀਨ ਪੈਂਦੇ ਕਸਬਾ ਕਾਲਾ ਸੰਘਿਆਂ ਵਿਖੇ ਸਵਰਗਵਾਸੀ ਬਲਵੀਰ ਸਿੰਘ ਬਿੱਲੂ ਦੀ ਯਾਦ ਵਿੱਚ ਲੰਗਰ ਭੰਡਾਰਾ




ਲਗਾਇਆ ਗਿਆ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਅਮਰਦੀਪ ਸਿੰਘ ਦੀਪਾ ਬੱਸਣ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਸਵਰਗਵਾਸੀ ਬਲਵੀਰ ਸਿੰਘ ਬਿੱਲੂ ਬੱਸਣ ਦੀ ਯਾਦ ਵਿੱਚ ਹਰ ਸਾਲ ਲੰਗਰ ਭੰਡਾਰਾ, ਹੀਰੋ ਪਹਿਲਵਾਨ ਯੂਕੇ, ਲਵਲੀ ਤੇ ਪਿੰਡ ਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਆਪਣੇ ਸਮੇਂ ਦੇ ਅੰਤਰਰਾਸ਼ਟਰੀ ਪਹਿਲਵਾਨ ਰਹਿ ਚੁੱਕੇ ਹਨ, ਜਿਨ੍ਹਾਂ ਦੀ ਯਾਦ ਵਿੱਚ ਹਰ ਸਾਲ ਲੰਗਰ ਭੰਡਾਰਾ ਸੰਗਤਾਂ ਨੂੰ ਛਕਾਇਆ ਜਾਂਦਾ ਹੈ। ਇਸ ਮੌਕੇ ਸਤੀਸ਼ ਕੁਮਾਰ ਘੋਨਾ, ਗੁਰਮੇਲ ਸਿੰਘ ਗੇਜੀ ਯੂਕੇ ਅੰਤਰਰਾਸ਼ਟਰੀ ਮੈਰਾਥਨ ਤੇ ਸਾਇਕਲਿੰਗ, ਹੀਰੋ ਯੂਕੇ, ਲਵਲੀ, ਹਰਦੀਪ ਦੀਪ, ਲਵਪ੍ਰੀਤ ਸਿੰਘ ਕੱਦੂ, ਲਵਪ੍ਰੀਤ ਆਦਿ ਆਗੂ ਤੇ ਨਗਰ ਨਿਵਾਸੀ ਹਾਜ਼ਰ ਸਨ।

# ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਵੱਲੋਂ ਸਨਮਾਨ ਸਮਾਰੋਹ

**ਬੰਗਾ (ਅਵਤਾਰ ਕਲੇਰ)**

ਪਾਵਰਕਾਮ ਅਤੇ ਟਰਾਸਕੋ ਪੈਨਸ਼ਨਰ ਯੂਨੀਅਨ ਪੰਜਾਬ ਏਟਕ ਮੰਡਲ ਨਵਾਂ ਸ਼ਹਿਰ ਵੱਲੋਂ ਸਨਮਾਨ ਸਮਾਰੋਹ ਮੰਡਲ ਪ੍ਰਧਾਨ ਗੁਰਦੀਪ ਸਿੰਘ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ। ਸਟੇਜ ਦੀ ਕਾਰਵਾਈ ਮੰਡਲ ਸਕੱਤਰ ਇੰਜੀਨੀਅਰ ਵਿਜੈ ਸਿੰਘ ਵੱਲੋਂ ਕੀਤੀ ਗਈ। ਸਨਮਾਨ ਸਮਾਰੋਹ ਵਿੱਚ ਵਿਸ਼ੇਸ਼ ਤੌਰ ਸੀਨੀਅਰ ਸੂਬਾ ਆਗੂ ਮਦਨ ਗੋਪਾਲ ਸ਼ਰਮਾ ਅਤੇ ਸੀਨੀਅਰ ਸੂਬਾ ਆਗੂ ਕੇਵਲ ਸਿੰਘ ਬਣਵੈਤ ਅਤੇ ਜ਼ਿਲ੍ਹਾ ਸਕੱਤਰ ਕਾਮਰੇਡ ਜਸਵਿੰਦਰ ਸਿੰਘ ਭੰਗਲ,ਪੰਜਾਬ ਰੋਡਵੇਜ ਪੈਨਸ਼ਨਰ ਯੂਨੀਅਨ ਏਟਕ ਪ੍ਰਧਾਨ ਜਗਤਾਰ ਸਿੰਘ, ਸਰਕਲ ਪ੍ਰਧਾਨ ਹਸ਼ਮਤ ਅਲੀ ਸਰਕਲ ਸਕੱਤਰ ਮਨੀ ਰਾਮ,ਸਰਕਲ ਆਗੂ ਹਰਮੇਸ ਲਾਲ,ਪਰਮਜੀਤ




ਸਿੰਘ ਗੋਰਾਇਆ ,ਸੂਬਾ ਆਗੂ ਰਾਮ ਆਸਰਾ, ਮੰਡਲ ਪ੍ਰਧਾਨ ਬੰਗਾ ਕਰਨੈਲ ਸਿੰਘ, ਮੰਡਲ ਸਕੱਤਰ ਇੰਜ: ਸੁੱਚਾ ਸਿੰਘ, ਮੰਡਲ ਅਡੀਟਰ ਇੰਜੀਨੀਅਰ ਜਗੀਰ ਸਿੰਘ,ਐਸ ਡੀ ਓ,ਮੰਡਲ ਆਗੂ ਰਾਮ ਲੱਖਣ ਕੈਸ਼ੀਅਰ, ਮੰਡਲ ਨਵਾਂ ਸ਼ਹਿਰ ਤੋਂ ਅਡੀਟਰ ਕੁੰਦਨ ਸਿੰਘ ,ਹਰੀ ਕ੍ਰਿਸ਼ਨ ਕੈਸ਼ੀਅਰ, ਸੁਰੇਸ਼ ਕੁਮਾਰ ਕੈਸ਼ੀਅਰ,ਬਲਵੀਰ ਸਿੰਘ ਬਹਿਰਾਮ ਪ੍ਰਭਾਕਰ ਤਿਵਾੜੀ,ਇੰਜ: ਵਿਜੈ ਸਿੰਘ ,ਕੁਲਵੰਤ ਸਿੰਘ ਕਟਾਰੀਆਂ, ਦੇਵਿੰਦਰ ਸਿੰਘ ਭੱਟੀ,ਹਰਬੰਸ ਸਿੰਘ ਗੋਸਲ, ਜਗਦੀਸ਼ ਸਿੰਘ, ਸੁਖਵਿੰਦਰ ਸਿੰਘ, ਲਛਮਣ ਦਾਸ, ਸੁਰਿੰਦਰ ਸਿੰਘ ਰਾਣਾ, ਰਾਮ ਸਰਨ, ਕੁਲਵੰਤ ਸਿੰਘ, ਪੰਡਿਤ ਅਸ਼ੋਕ ਕੁਮਾਰ ਹਾਜ਼ਰ ਹੋਏ। ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਗਿਆ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਅਤੇ ਮੁਲਾਜ਼ਮਾਂ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਪ੍ਰਤੀ ਜਾਗਰੂਕ ਕੀਤਾ ਗਿਆ। ਸਾਰੇ ਪੈਨਸ਼ਨਰ ਸਾਥੀਆਂ ਨੂੰ ਪਾਵਰਕਾਮ ਵਲੋਂ ਪੈਨਸ਼ਨਰਾਂ ਨੂੰ ਮਿਲ ਰਹੀਆਂ ਸਹੂਲਤਾਂ ਬਾਰੇ ਜਾਣਕਾਰੀ ਦਿੱਤੀ ਗਈ।ਪੈਨਸ਼ਨਰਾਂ ਸਾਥੀਆਂ ਨੂੰ ਮੈਡੀਕਲ ਬਿੱਲਾਂ ਸਬੰਧੀ ਦਫ਼ਤਰਾਂ ਵਿੱਚ ਹੁੰਦੀ ਖੱਜਲ ਖੁਆਰੀ ਤੇ ਬੇਲੋੜੀ ਦੇਰੀ ਨੂੰ ਵੱਡੀ ਸਮੱਸਿਆ ਦੱਸਿਆ। ਸਨਮਾਨ ਸਮਾਰੋਹ ਵਿੱਚ ਸਭ ਤੋਂ ਪਹਿਲਾਂ ਜਥੇਬੰਦੀ ਏਟਕ ਦੇ ਮੋਢੀ ਇੰਜ: ਹਰਭਜਨ ਸਿੰਘ ਪਰਮਾਰ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਬੇਟੀ ਨਰਿੰਦਰ ਕੌਰ ਨੂੰ ਸਨਮਾਨਤ ਕੀਤਾ ਗਿਆ, ਜੋ ਪਾਵਰਕਾਮ ਵਿੱਚੋਂ ਵਧੀਆ ਸ਼ਲਾਘਾਯੋਗ ਸੇਵਾਵਾਂ ਨਿਭਾਂਉਣ ਉਪਰੰਤ ਸੀ:ਏ ਸੇਵਾ ਮੁਕਤ ਹੋਏ ਹਨ। ਇਸ ਤੋਂ ਬਾਅਦ 70 ਸਾਲ ਵਾਲੇ ਪੈਨਸ਼ਨਰ ਸਾਥੀਆਂ ਤੇ ਪੈਨਸ਼ਨਰ ਪਰਵਾਰਾਂ ਨੂੰ ਮੋਮੈਂਟੋ ਅਤੇ ਕੰਬਲ ਦੇ ਕੇ ਸਨਮਾਨਤ ਕੀਤਾ ਗਿਆ। ਸਮਾਰੋਹ ਵਿੱਚ ਉਚੇਚੇ ਤੌਰ ਤੇ ਹਾਜ਼ਰ ਹੋਏ ਇੰਜੀਨੀਅਰ ਗੁਰਮੇਲ ਸਿੰਘ ਐੱਸ ਡੀ ਓ ਅਤੇ ਇੰਜ: ਇਕਬਾਲ ਸਿੰਘ ਸੇਵਾ ਮੁਕਤ ਐਸ ਡੀ ਓ ਇੰਜ : ਕਮਲਜੀਤ ਸਿੰਘ ਜੇ ਈ , ਸ਼ਾਮ ਦੇਵ ਐਸ ਐਸ ਏ ,ਇੰਜ: ਅਮਰਜੀਤ ਸਿੰਘ ਜੇ ਈ ,ਇੰਜ: ਕੁਲਵਿੰਦਰ ਰਾਮ ਜੇ ਈ , ਸਤਪਾਲ ਆਰੇ ਤੋਂ ਇਲਾਵਾ ਸਾਥੀ ਮੱਖਣ ਸਿੰਘ, ਸੁਰਿੰਦਰ ਸਿੰਘ, ਸਵਰਨ ਦਾਸ,ਹਰੀ ਰਾਮ,ਤਰਸੇਮ ਲਾਲ ਕੁਲਵਿੰਦਰ ਸਿੰਘ,ਅਮਰੀਕ ਸਿੰਘ, ਮੋਹਨ ਲਾਲ,ਸੁਰਿੰਦਰ ਪਾਲ ਸਿੰਘ, ਪੰਡਿਤ ਮੋਹਨ ਲਾਲ,ਧਰਮਪਾਲ ਅਤੇ ਹੋਰ ਵੱਡੀ ਗਿਣਤੀ ਵਿੱਚ ਪੈਨਸ਼ਨਰ ਪਰਿਵਾਰਾਂ ਵਲੋਂ ਵੀ ਸ਼ਮੂਲੀਅਤ ਕੀਤੀ ਗਈ।

# ਸਿੱਧ ਯੋਗੀ ਟਰੱਸਟ ਖਾਨਪੁਰ ਨੇ ਲਗਾਇਆ ਮੁਫਤ ਮੈਡੀਕਲ ਕੈਂਪ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**

ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਵਾਰਡ ਨੰਬਰ 11-12 ਮਾਹਿਲਪੁਰ ਵੱਲੋਂ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦੇ ਸਹਿਯੋਗ ਨਾਲ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਦੇ 649 ਵੇਂ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦੇ ਹੋਏ ਧਾਰਮਿਕ ਸਮਾਗਮ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਕਰਵਾਇਆ ਗਿਆ। ਇਸ ਮੌਕੇ ਸਿੱਧ ਜੋਗੀ ਟਰੱਸਟ ਪਿੰਡ ਖਾਨਪੁਰ ਵੱਲੋਂ




ਡਾਕਟਰ ਜਸਵੰਤ ਸਿੰਘ ਥਿੰਦ ਐਸ.ਐਮ.ਓ ਸਿਵਲ ਹਸਪਤਾਲ ਮਾਹਿਲਪੁਰ ਦੇ ਭਰਪੂਰ ਸਹਿਯੋਗ ਸਦਕਾ ਡਾ. ਪ੍ਰਭ ਹੀਰ ਵੱਲੋਂ ਮੁਫਤ ਮੈਡੀਕਲ ਅਤੇ ਸ਼ੂਗਰ ਟੈਸਟਿੰਗ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਪ੍ਰਿੰਸ ਚੌਧਰੀ ਯੂਥ ਪ੍ਰਧਾਨ ਆਮ ਆਦਮੀ ਪਾਰਟੀ ਹਲਕਾ ਗੜ੍ਹਸ਼ੰਕਰ ਨੇ ਕੀਤਾ। ਇਸ ਮੌਕੇ ਦਵਿੰਦਰ ਸਿੰਘ ਸੈਣੀ ਪ੍ਰਧਾਨ ਨਗਰ ਪੰਚਾਇਤ ਮਹਿਲਪੁਰ, ਸ਼ਸ਼ੀ ਬੰਗੜ ਸੀਨੀਅਰ ਮੀਤ ਪ੍ਰਧਾਨ ਨਗਰ ਪੰਚਾਇਤ ਮਾਹਿਲਪਰ, ਵਿੱਕੀ ਅਗਨੀਹੋਤਰੀ, ਪ੍ਰੋਫੈਸਰ ਬਲਦੇਵ ਸਿੰਘ ਐਮ.ਸੀ, ਸੁਰਿੰਦਰ ਕੌਰ ਐਮ.ਸੀ, ਧਰਮ ਸਿੰਘ ਫੌਜੀ, ਰੇਖਾ ਰਾਣੀ ਪ੍ਰਧਾਨ ਜੈ ਭੀਮ ਕਾਰਵਾਂ ਚੈਰੀਟੇਬਲ ਸੁਸਾਇਟੀ ਰਜਿਸਟਰ ਮਾਹਿਲਪੁਰ, ਥਾਣੇਦਾਰ ਬਲਵਿੰਦਰ ਸਿੰਘ, ਥਾਣੇਦਾਰ ਸੁਖਦੇਵ ਸਿੰਘ ਸਮੇਤ ਸਨਮਾਨਯੋਗ ਸ਼ਖਸੀਅਤਾਂ ਹਾਜ਼ਰ ਸਨ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੈਡੀਕਲ ਕੈਂਪ ਵਿੱਚ ਸੇਵਾਵਾਂ ਨਿਭਾਉਣ ਵਾਲੀ ਸਮੁੱਚੀ ਡਾਕਟਰੀ ਟੀਮ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਦੀ ਤਸਵੀਰ ਅਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

# ਮਨਦੀਪ ਟਾਂਗਰਾ ਦਾ ਮੇਲਾ ਚੀਮਿਆਂ 'ਚ ਕੀਤਾ ਜਾ ਰਿਹਾ ਵਿਸ਼ੇਸ਼ ਸਨਮਾਨ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ)**-ਨੂਰਮਹਿਲ ਦੇ ਪਿੰਡ ਚੀਮਾਂ ਕਲਾ ਵਿੱਚ ਸਲਾਨਾ ਮੇਲਾ ਚੀਮਿਆਂ ਦਾ 22 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ । ਇਸ ਮੇਲੇ ਵਿੱਚ ਸਮਾਜ ਸੇਵਕਾ ਮਨਦੀਪ ਟਾਂਗਰਾ ਦਾ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ । ਪ੍ਰਬੰਧਕਾਂ ਦਾ ਕਹਿਣਾ ਹੈ ਕਿ ਤੁਹਾਡਾ ਸਮਾਜ ਵਿੱਚ ਬਹੁਤ ਵਡਮੁੱਲਾ ਯੋਗਦਾਨ ਹੈ, ਅਸੀਂ ਤੁਹਾਨੂੰ ਸਨਮਾਨਤ ਕਰਕੇ ਮਾਣ ਮਹਿਸੂਸ ਕਰ ਰਹੇ ਹਾਂ।

# ਇਮਾਨਦਾਰੀ ਜ਼ਿੰਦਾ ਹੈ

**ਜਲੰਧਰ (ਲਖਵਿੰਦਰ ਸਿੰਘ ਆਧੀ)** ਮੱਲ੍ਹੀਆਂ ਖੁਰਦ ਦੇ ਇੱਕ ਐਨ ਆਰ ਆਈਜ ਦਾ ਪਿੰਡ ਦੇ ਕੋਲ ਹੀ ਆਈ ਫੋਨ ਡਿੱਗ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਘਟਨਾ ਦੀ ਪੂਰੀ



ਜਾਣਕਾਰੀ ਦਿੰਦਿਆ ਨੈਸ਼ਨਲ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਦੀਨਾ ਨਾਥ ਘਈ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਚਰਨਜੀਤ ਸਿੰਘ ਮੱਲ੍ਹੀ ਪੁੱਤਰ ਸੋਹਨ ਸਿੰਘ ਮੱਲ੍ਹੀ ਵਾਸੀ ਪਿੰਡ ਮੱਲ੍ਹੀਆਂ ਖੁਰਦ ਜੋ ਕਿ ਮੱਲ੍ਹੀਆਂ ਕਲਾਂ ਤੋ ਪਿੰਡ ਮੱਲ੍ਹੀਆਂ ਖੁਰਦ ਨੂੰ ਮੋਟਰਸਾਈਕਲ ਤੇ ਜਾ ਰਹੇ ਸਨ ਪਿੰਡ ਦੇ ਕੋਲ ਆ ਕੇ ਮੋਬਾਇਲ ਆਈ ਫੋਨ ਡਿੱਗ ਗਿਆ। ਡਿੱਗਿਆ ਹੋਇਆ ਉਕਤ ਫੋਨ ਸਿਮਰਪ੍ਰੀਤ ਸਿੰਘ ਪੁੱਤਰ ਗੁਰਮੀਤ ਸਿੰਘ ਵਾਸੀ ਪਿੰਡ ਖਾਨਪੁਰ ਢੱਡਾ ਨੂੰ ਮਿਲ ਗਿਆ ਜੋ ਕਿ ਕਿੱਤੇ ਵਜੋ ਮਜ਼ਦੂਰੀ ਦਾ ਕੰਮ ਕਰਦਾ ਹੈ। ਨੌਜਵਾਨ ਸਿਮਰਪ੍ਰੀਤ ਸਿੰਘ ਨੇ ਅਪਣੀ ਇਮਾਨਦਾਰੀ ਦੀ ਮਿਸਾਲ ਪੇਸ਼ ਕਰਦਿਆ ਉਕਤ ਫੋਨ ਦੀਨਾ ਨਾਥ ਘਈ ਦੀ ਹਾਜ਼ਰੀ ਵਿੱਚ ਚਰਨਜੀਤ ਸਿੰਘ ਮੱਲ੍ਹੀ ਪੁੱਤਰ ਸੋਹਨ ਸਿੰਘ ਮੱਲ੍ਹੀ ਨੂੰ ਡਿੱਗਿਆ ਹੋਇਆ ਆਈ ਫੋਨ ਵਾਪਿਸ ਕੀਤਾ। ਨੌਜਵਾਨ ਦੀ ਇਮਾਨਦਾਰੀ ਦੀ ਇਲਾਕੇ ਵਿੱਚ ਖੂਬ ਚਰਚਾ ਹੋਈ। ਮੱਲ੍ਹੀ ਪਰਵਾਰ ਵੱਲੋ ਨੌਜਵਾਨ ਸਿਮਰਪ੍ਰੀਤ ਸਿੰਘ ਦਾ ਅਤੇ ਖਾਨਪੁਰ ਢੱਡਾ ਦੇ ਸਾਬਕਾ ਸਰਪੰਚ ਦਰਬਾਰਾ ਸਿੰਘ ਗਿੱਲ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

# ਪੰਜਾਬੀ ਸਾਹਿਤ ਸਭਾ ਵੱਲੋਂ ਕਹਾਣੀਕਾਰ ਲਾਲ ਸਿੰਘ ਦੇ ਵਿਛੋੜੇ 'ਤੇ ਦੁੱਖ ਦਾ ਇਜ਼ਹਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**

ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਨੇ ਪੰਜਾਬੀ ਕਹਾਣੀ ਦੇ ਪ੍ਰੌੜ੍ਹ ਕਹਾਣੀਕਾਰ ਲਾਲ ਸਿੰਘ ਦੇ ਚਲਾਣੇ 'ਤੇ ਗੰਭੀਰ ਦੁੱਖ ਦਾ ਇਜ਼ਹਾਰ ਕੀਤਾ। ਹੈ। ਕਹਾਣੀਕਾਰ ਲਾਲ ਸਿੰਘ ਦੇ ਪਰਵਾਰ ਨਾਲ ਸੰਵੇਦਨਾ ਪ੍ਰਗਟ ਕਰਦਿਆਂ ਸਾਹਿਤ ਸਭਾ ਹੁਸ਼ਿਆਰਪੁਰ ਦੇ ਪ੍ਰਧਾਨ ਜਸਬੀਰ ਸਿੰਘ ਧੀਮਾਨ ਅਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਕਿਹਾ ਕਿ ਹੁਸ਼ਿਆਰਪੁਰ ਸਾਹਿਤ ਸਭਾ ਨਾਲ ਲਾਲ ਸਿੰਘ ਹੁਰਾਂ ਦੇ ਬਹੁਤ ਗੂੜ੍ਹੇ ਤਾਅਲੁਕ ਰਹੇ ਹਨ।ਉਹ ਹੁਸ਼ਿਆਰਪੁਰ ਸਾਹਿਤ ਸਭਾ ਵੱਲੋਂ ਉਲੀਕੇ ਸਾਹਿਤਕ ਸਮਾਗਮਾਂ ਦਾ ਹਿੱਸਾ ਬਣਦੇ ਰਹੇ ਹਨ ਅਤੇ ਸਾਹਿਤ ਸਭਾ ਦਸੂਹਾ ਗੜ੍ਹਦੀਵਾਲਾ ਵਿੱਚ ਸਾਨੂੰ ਵੀ ਸ਼ਿੱਦਤ ਨਾਲ ਬੁਲਾਉਂਦੇ ਰਹੇ ਹਨ। ਉਨ੍ਹਾਂ ਦੀਆਂ ਕਹਾਣੀਆਂ ਵਿੱਚ ਦੁਆਬੀ ਉਪ ਭਾਸ਼ਾ ਦਾ ਪਾਤਰਾਂ ਰਾਹੀਂ ਸਿਰਜਿਆ ਸੰਵਾਦ ਬੜਾ ਮਾਰਮਿਕ ਹੈ। ਲਾਲ ਸਿੰਘ ਨੇ ਦਰਜਨ ਤੋਂ ਵੱਧ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਇਨ੍ਹਾਂ ਦੀਆਂ ਕਹਾਣੀਆਂ ਉੱਤੇ ਯੂਨੀਵਰਸਿਟੀਆਂ ਅਤੇ ਸਾਹਿਤ ਸਭਾਵਾਂ ਵੱਲੋਂ ਅਨੇਕਾਂ ਗੋਸ਼ਟੀਆਂ ਰਚਾਈਆਂ ਗਈਆਂ। ਛੇ ਦਹਾਕੇ ਤੋਂ ਵੱਧ ਦਾ ਸਮਾਂ ਉਹ ਸਾਹਿਤਕ ਸਰਗਰਮੀਆਂ ਨਾਲ ਜੁੜੇ ਰਹੇ। ਦੁਨੀਆ ਭਰ ਵਿੱਚ ਬੈਠੇ ਚਾਰ ਹਜ਼ਾਰ ਤੋਂ ਵੱਧ ਲੇਖਕਾਂ ਅਤੇ ਦੋ ਸੌ ਦੇ ਕਰੀਬ ਸਾਹਿਤ ਸਭਾਵਾਂ ਦੀ ਅਗਵਾਈ ਕਰ ਰਹੀ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ਼ ਵੀ ਕਹਾਣੀਕਾਰ ਲਾਲ ਸਿੰਘ ਦਾ ਗੂੜ੍ਹਾ ਸਾਕ ਰਿਹਾ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹੋਕੇ ਲਈ ਲਾਲ ਸਿੰਘ ਹਮੇਸ਼ਾ ਮੋਹਰੀ ਸਫ਼ਾਂ 'ਤੇ ਰਹਿ ਕੇ ਸੰਘਰਸ਼ ਕਰਦੇ ਰਹੇ। ਇਨ੍ਹਾਂ ਦੇ ਅਚਨਚੇਤ ਜਾਣ ਨਾਲ ਪੰਜਾਬੀ ਸਾਹਿਤ ਨੂੰ ਡਾਢਾ ਘਾਟਾ ਪਿਆ ਹੈ।ਇਸ ਸਮੇਂ ਸੰਵੇਦਨਾ ਪ੍ਰਗਟ ਕਰਨ ਵਾਲਿਆਂ ਵਿੱਚ ਸਭਾ ਦੇ ਸਰਪ੍ਰਸਤ ਡਾ. ਕਰਮਜੀਤ ਸਿੰਘ, ਕੁਲਤਾਰ ਸਿੰਘ ਕੁਲਤਾਰ, ਡਾ. ਮਨਮੋਹਨ ਸਿੰਘ ਤੀਰ, ਮਦਨ ਵੀਰਾ, ਸਤੀਸ਼ ਕੁਮਾਰ, ਤ੍ਰਿਪਤਾ ਕੇ ਸਿੰਘ, ਸੁਰਿੰਦਰ ਕੰਗਵੀ, ਦਾਸ ਭਾਰਤੀ, ਗੁਰਦਿਆਲ ਸਿੰਘ ਫੁੱਲ, ਡਾ. ਸ਼ਮਸ਼ੇਰ ਮੋਹੀ, ਡਾ. ਸੁਖਦੇਵ ਸਿੰਘ ਢਿੱਲੋਂ, ਡਾ. ਅਜੀਤ ਸਿੰਘ ਜੱਬਲ, ਹਰਵਿੰਦਰ ਸਾਬੀ, ਹਰਦਿਆਲ ਹੁਸ਼ਿਆਰਪੁਰੀ, ਹਰਜਿੰਦਰ ਹਰਗੜ੍ਹੀਆ, ਅੰਜੂ ਵੀ ਰੱਤੀ, ਰਵਿੰਦਰ ਸ਼ਰਮਾ, ਰਜਿੰਦਰ ਸੱਚਦੇਵਾ, ਡਾ. ਦਰਸ਼ਨ ਸਿੰਘ ਦਰਸ਼ਨ, ਤੀਰਥ ਚੰਦ ਸਰੋਆ, ਮੀਨਾਕਸ਼ੀ ਮੈਨਨ, ਕੁਲਵਿੰਦਰ ਕੌਰ ਰੂਹਾਨੀ, ਕਮਲ ਨਯਨ ਆਦਿ ਹਾਜ਼ਰ ਹਨ।

# ਮਾਨਾ 'ਚ ਸ੍ਰੀ ਗੁਰੂ ਰਵਿਦਾਸ ਪ੍ਰਕਾਸ਼ ਪੁਰਬ ਗੁਰਮਤਿ ਸਮਾਗਮ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਮਾਨਾ ਦੀ ਸੰਗਤ ਅਤੇ ਗੁਰੂ ਘਰ ਦੀ ਕਮੇਟੀ ਵਲੋਂ ਵੱਡੇ ਪੱਧਰ 'ਤੇ ਬੜੀ ਹੀ ਸ਼ਰਧਾ ਨਾਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਪੁਰਵ ਮਨਾਇਆ ਗਿਆ। ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਹਰਭਜਨ ਸਿੰਘ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿੱਚ ਸਮੂਹ ਗੁਰੂ ਘਰ ਦੀ ਕਮੇਟੀ ਅਤੇ ਸੰਗਤ ਵਲੋਂ ਪੰਜ ਪ੍ਰਭਾਤ ਫੇਰੀਆਂ ਕੱਢੀਆਂ ਗਈਆਂ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ



ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਏ ਗਏ।ਨਗਰ ਕੀਰਤਨ ਸੰਗਤਾਂ ਦੇ ਭਾਰੀ ਇਕੱਠ ਦੇ ਨਾਲ ਨਗਰ ਮਾਨਾ ਦੀ ਪਰਿਕਰਮਾ ਦੌਰਾਨ ਪਿੰਡ ਮਾਨਾ ਦੇ ਸ੍ਰੀ ਕਲਗੀਧਰ ਗੁਰੁਦੁਆਰਾ ਸਾਹਿਬ ਵਿਖੇ ਸੰਗਤ ਵਲੋਂ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ ਗਿਆ ਅਤੇ ਨਾਲ ਹੀ ਸੰਗਤਾਂ ਵਾਸਤੇ ਕੜਾਹ ਪ੍ਰਸ਼ਾਦਿ ਦੀ ਦੇਗ ਅਤੇ ਲੰਗਰ ਛਕਾਏ ਗਏ। ਇਸੇ ਦੌਰਾਨ ਪਿੰਡ ਢੱਕੋਵਾਲ ਦੀ ਸਮੂਹ ਸੰਗਤ ਅਤੇ ਗੁਰੂ ਘਰ ਦੀ ਕਮੇਟੀ ਨੇ ਵਿਸ਼ਾਲ ਨਗਰ ਕੀਰਤਨ ਦਾ ਨਿੱਘਾ ਸਵਾਗਤ ਕੀਤਾ ਅਤੇ ਸੰਗਤ ਲਈ ਲੰਗਰ ਤਿਆਰ ਕੀਤੇ। ਵਿਸ਼ਾਲ ਨਗਰ ਕੀਰਤਨ ਦੌਰਾਨ ਹੋਰ ਵੀ ਗੁਰੂ ਸਿੱਖ ਪਰਵਾਰਾਂ ਨੇ ਗੁਰੂ ਦੀਆਂ ਸੰਗਤਾਂ ਵਾਸਤੇ ਲੰਗਰ ਲਗਾਏ। ਉਪਰੰਤ ਪੰਜਾਬ ਦੇ ਮਸ਼ਹੂਰ ਢਾਡੀ ਜਥਾ ਭਾਈ ਤਰਸੇਮ ਸਿੰਘ ਮੋਰਾਂਵਾਲੀ ਇੰਟਰਨੈਸ਼ਨਲ ਢਾਡੀ ਜਥੇ ਵਲੋਂ ਗੁਰੂ ਸਹਿਬਾਨ ਦੀ ਬਾਣੀ ਦੇ ਨਾਲ ਜੋੜਦੇ ਹੋਏ ਆਪਣੇ ਕ੍ਰਾਂਤੀਕਾਰੀ ਵਿਚਾਰਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਬਾਅਦ ਵਿੱਚ ਹਰਭਜਨ ਸਿੰਘ ਪ੍ਰਧਾਨ ਅਤੇ ਸਮੂਹ ਗੁਰੂ ਘਰ ਦੀ ਕਮੇਟੀ ਮੈਂਬਰਾਂ ਨੇ ਦਾਨੀ ਸੱਜਣਾਂ ਨੂੰ ਸਿਰਪਾਓ ਅਤੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਸਵਰੂਪ/ ਫੋਟੋ ਦੇ ਕੇ ਸਨਮਾਨਤ ਕੀਤਾ। ਇਸ ਉਪਰੰਤ ਗੁਰੂ ਘਰ ਦੀ ਕਮੇਟੀ ਵਲੋਂ ਸੰਗਤਾਂ ਵਾਸਤੇ ਲੰਗਰ ਲਗਾਏ ਗਏ। ਇਸ ਮੌਕੇ ਪਲਵਿੰਦਰ ਮਾਨਾ, ਜਸਬੀਰ ਸਿੰਘ ਬੰਗੜ, ਡਾਕਟਰ ਸਰਵਣ ਸਿੰਘ ਹੈੱਡ ਗ੍ਰੰਥੀ, ਸਤਪਾਲ ਪਾਲ ਸਿੰਘ ਖਾਲਸਾ ਗ੍ਰੰਥੀ, ਪ੍ਰਦੀਪ ਕੁਮਾਰ ਉਪ ਪ੍ਰਧਾਨ, ਬਾਬੂ ਰੌਸ਼ਨ ਲਾਲ ਜਨਰਲ ਸਕੱਤਰ, ਹਰਮੇਸ਼ ਲਾਲ ਖਜ਼ਾਨਚੀ, ਸਾਬਕਾ ਸਰਪੰਚ ਠੇਕੇਦਾਰ ਬਲਬੀਰ ਸਿੰਘ ਸੀਨੀਅਰ ਮੈਂਬਰ, ਹਰਅਵਤਾਰ ਸਿੰਘ ਯੂ ਐਸ ਏ, ਰਾਜ ਕੁਮਾਰ ਉਪ ਖਜ਼ਾਨਚੀ, ਤਰਸੇਮ ਲਾਲ ਮੈਂਬਰ, ਲੰਬੜਦਾਰ ਬਲਵਿੰਦਰ ਸਿੰਘ, ਸਤੀਸ਼ ਕੁਮਾਰ ਸਾਬਕਾ ਸਰਪੰਚ, ਗੁਰਮੀਤ ਸਿੰਘ, ਜਗਦੀਪ, ਧਨਪਤ, ਸਵਿੰਦਰ ਕੌਰ ਸਾਬਕਾ ਸਰਪੰਚ, ਸੁਰਿੰਦਰ ਕੌਰ ਸਾਬਕਾ ਸੰਮਤੀ ਮੈਂਬਰ, ਮਨਦੀਪ ਕੌਰ ਸਾਬਕਾ ਪੰਚ, ਰਾਜਵਿੰਦਰ ਕੌਰ ਪੰਚ, ਸੁਰਿੰਦਰ ਕੌਰ, ਲਖਵਿੰਦਰ ਕੌਰ, ਬੀਬੀ ਬਚਣ ਕੌਰ, ਸਵਰਨ ਕੌਰ, ਮੁਸਕਾਨ, ਨੇਹਾ ਨਿਸ਼ਾ, ਬਿੰਦਰ, ਮੰਨਤ, ਸੀਤਲ ਕੌਰ, ਮਨਜੀਤ ਕੌਰ ਅਤੇ ਹੋਰ ਵੀ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਸੀ।

# ਮੁੱਖ ਮੰਤਰੀ ਦੀ ਅਗਵਾਈ ਹੇਠ ਹੋਈ ਹਾਈ ਪਾਵਰ ਪਰਚੇਜ਼ ਕਮੇਟੀ ਦੀ ਮੀਟਿੰਗ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਸਰਕਾਰ ਨੇ ਸੂਬੇ ਵਿੱਚ ਵਿਕਾਸ ਕੰਮਾਂ ਨੂੰ ਹੋਰ ਗਤੀ ਦੇਣ ਦੀ ਦਿਸ਼ਾ ਵਿੱਚ ਵੱਡਾ ਕਦਮ ਚੁੱਕਦੇ ਹੋਏ 40 ਤੋਂ ਵੱਧ ਵਿਭਾਗਾਂ ਦੀ ਵੱਖ-ਵੱਖ ਖਰੀਦ ਪ੍ਰਕ੍ਰਿਆਵਾਂ ਨੂੰ ਅੰਤਮ ਰੂਪ ਦਿੱਤਾ ਹੈ। ਇਹ ਫੈਸਲਾ ਸੋਮਵਾਰ ਨੂੰ ਦੇਰ ਸ਼ਾਮ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਆਯੋਜਿਤ ਹਾਈ ਪਾਰਵ ਪਰਚੇਜ਼ ਕਮੇਟੀ ਦੀ ਮੀਟਿੰਗ ਵਿੱਚ ਕੀਤਾ ਗਿਆ। ਮੀਟਿੰਗ ਵਿੱਚ ਬਿਜਲੀ, ਜਨਸਿਹਤ, ਲੋਕ ਨਿਰਮਾਣ, ਸਿੰਚਾਈ, ਟ੍ਰਾਂਸਪੋਰਟ, ਆਈਟੀ ਸਮੇਤ ਅਨੇਕ ਵਿਭਾਗਾਂ ਦੀ ਪਰਿਯੋਜਨਾਵਾਂ ਨਾਲ ਜੁੜੇ ਪ੍ਰਸਤਾਵਾਂ ਨੂੰ ਮੰਜੂਰੀ ਪ੍ਰਦਾਨ ਕੀਤੀ ਗਈ ਅਤੇ ਕਹੀ ਵਿਕਾਸ ਕੰਮਾਂ ਦੇ ਟੈਂਡਰ ਜਾਰੀ ਕੀਤੇ ਗਏ।

# ਸ਼ਿਵਰਾਤਰੀ ਨੂੰ ਸਮਰਪਤ ਧਾਰਮਿਕ ਸਮਾਗਮ

**ਜੇਜੋਂ ਦੋਆਬਾ, (ਨਿਰਮਲ ਸਿੰਘ ਮੁੱਗੋਵਾਲ)**

ਪੁਰਾਤਿਨ ਸ਼ਿਵ ਮੰਦਿਰ ਭਰੋਵਾਲ ਵਿਖੇ ਸ਼ਿਵਰਾਤਰੀ ਭੰਡਾਰੇ ਨੂੰ ਮੁੱਖ ਰੱਖਦੇ ਹੋਏ ਧਾਰਮਿਕ ਸਮਾਗਮ ਸ਼ਰਧਾ ਤੇ ਉਤਸ਼ਾਹਪੂਰਵਕ ਢੰਗ ਨਾਲ ਕਰਵਾਇਆ ਗਿਆ। ਇਸ ਮੌਕੇ ਗਾਇਕ ਦਵਿੰਦਰ ਭਾਰਦਵਾਜ ਤੇ ਸੰਤਾਂ ਮਹਾਂਪੁਰਸ਼ਾਂ ਨੇ ਸ਼ਿਵ ਮਹਿਮਾ ਦਾ ਗੁਣ ਗਾਇਨ ਕੀਤਾ। ਸਮਾਗਮ



ਵਿੱਚ ਡਾਕਟਰ ਰਾਜ ਕੁਮਾਰ ਚੱਬੇਵਾਲ ਮੈਂਬਰ ਪਾਰਲੀਮੈਂਟ, ਪਠਾਣੀਆ ਸਾਹਿਬ, ਸੀਨੀਅਰ ਕਾਂਗਰਸੀ ਆਗੂ ਸਰਿਤਾ ਸ਼ਰਮਾ, ਕੁਲਵਿੰਦਰ ਬਿੱਟੂ ਸੈਲਾ, ਸਮੇਤ ਸਨਮਾਣਯੋਗ ਸ਼ਖਸੀਅਤਾਂ ਹਾਜ਼ਰ ਹੋਈਆਂ। ਸੰਤਾਂ ਮਹਾਂਪੁਰਸ਼ਾਂ ਵਿੱਚ ਸੁਆਮੀ ਗਿਆਨੇਸ਼ਵਰ ਜੀ, ਸੁਆਮੀ ਨਿਤਿਆ ਜੀ, ਸੁਆਮੀ ਨਿਸ਼ਕਾਮ ਜੀ, ਸੁਆਮੀ ਸਵਰੂਪ ਜੀ, ਸੰਤ ਚਰਨਜੀਤ ਸਿੰਘ ਜੱਸੋਵਾਲ, ਸੰਤ ਰਿਸ਼ੀ ਰਾਜ ਜੀ ਨਵਾਂਸ਼ਹਿਰ, ਸੰਤ ਮੱਖਣ ਸਿੰਘ ਜੀ ਟੂਟੋਮਜਾਰਾ, ਸੰਤ ਬਲਵੀਰ ਸਿੰਘ ਸ਼ਾਸਤਰੀ ਟੂਟੋਮਜਾਰਾ ਸਮੇਤ ਹੋਰ ਸੰਤ ਮਹਾਂਪੁਰਸ਼ ਹਾਜ਼ਰ ਹੋਏ ਅਤੇ ਸੰਗਤਾਂ ਨੂੰ ਸ਼ਿਵਰਾਤਰੀ ਦੀਆਂ ਵਧਾਈਆਂ ਦਿੱਤੀਆਂ ਤੇ ਧਾਰਮਿਕ ਪ੍ਰਵਚਨ ਕੀਤੇ। ਕਮੇਟੀ ਦੇ ਪ੍ਰਧਾਨ ਭੁਪਿੰਦਰ ਪਾਲ ਸਿੰਘ ਗੋਲਡੀ ਵੱਲੋਂ ਸਮਾਗਮ ਵਿੱਚ ਪਹੁੰਚੀਆਂ ਸਨਮਾਨਯੋਗ ਸ਼ਖਸ਼ੀਅਤਾਂ ਨੂੰ ਸ਼ਿਵ ਪਾਰਵਤੀ ਦੀ ਤਸਵੀਰ ਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਹਰਜੇਸ਼ ਕੁਮਾਰ, ਵਾਈਸ ਪ੍ਰਧਾਨ ਮਨੋਜ ਕੁਮਾਰ, ਡਾਕਟਰ ਸ਼ਾਮ ਸੁੰਦਰ ਸਿੰਗਲਾ, ਗੋਪਾਲ ਕਿਸ਼ਨ, ਵਿਨੋਦ ਭਾਰਦਵਾਜ, ਓਂਕਾਰ, ਮਨਜੀਤ ਕੁਮਾਰ, ਸਰਪੰਚ ਧਰਮਿੰਦਰ ਸਿੰਘ ਭਰੋਵਾਲ, ਸਰਪੰਚ ਜਗਜੀਤ ਸਿੰਘ ਬੱਠਲਾ, ਸਰਪੰਚ ਜਸਵਿੰਦਰ ਸਿੰਘ ਬੱਸੂ ਪੱਖੋਵਾਲ, ਸਰਪੰਚ ਦਲਜੀਤ ਸਿੰਘ ਸੈਲਾ ਖੁਰਦ, ਸਰਪੰਚ ਰਵਿੰਦਰ ਸਿੰਘ ਰੋਜ਼ੀ ਪਿੰਡ ਲਸਾੜਾ, ਸਰਪੰਚ ਤਲਬੀਰ ਸਿੰਘ ਪਿੰਡ ਹੇਲਰਾਂ, ਸਰਪੰਚ ਸਨੀ ਨਾਗਰਾ ਪਿੰਡ ਕੁੱਕੜਾਂ, ਸਰਪੰਚ ਲਖਵੀਰ ਕੁਮਾਰ ਪਿੰਡ ਹਿਆਤਪੁਰ, ਸਰਪੰਚ ਗੋਲਡੀ ਬੀਹੜਾਂ, ਸਰਪੰਚ ਹਰਜੀਤ ਸਿੰਘ ਭਾਤਪੁਰ ਜੱਟਾਂ, ਸਰਪੰਚ ਬਲਜੀਤ ਸਿੰਘ ਪਿੰਡ ਦਦਿਆਲ, ਸਰਪੰਚ ਇੰਦਰਜੀਤ ਸਿੰਘ ਬਰਿਆਣਾ, ਬਲਾਕ ਸੰਮਤੀ ਮੈਂਬਰ ਤਜਿੰਦਰ ਸਿੰਘ ਬਿੱਲੂ, ਰੇਸ਼ਮ ਸਿੰਘ, ਹਰੀਸ਼ ਦੱਤਾ, ਸ਼ੇਖਰ ਕੁਮਾਰ, ਦਲਜੀਤ ਸਿੰਘ, ਮੁਨੀਸ਼ ਵਰਮਾ, ਰੋਹਨ ਵਰਮਾ, ਪੰਕਜ ਗੋਗਨਾ, ਅਮਿਤ ਗੋਗਨਾ, ਸਤੀਸ਼ ਗੋਗਨਾ, ਚਰੰਜੀ ਲਾਲ ਗੋਗਨਾ, ਮਨਜੀਤ ਸਿੰਘ, ਰੋਹਿਤ ਸ਼ਰਮਾ, ਰਜਨੀਸ਼ ਗੋਗਨਾ, ਰਜਨੀਸ਼ ਕੁਮਾਰ, ਗੁਰਪ੍ਰੀਤ ਸਿੰਘ, ਲੋਕੇਸ਼ ਗੁਪਤਾ, ਸ਼ੁਭਮ ਸ਼ਰਮਾ ਅਤੇ ਰਾਜ ਕੁਮਾਰ ਸਮੇਤ ਸ਼ਿਵ ਭਗਤ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਚਾਹ ਪਕੌੜੇ ਅਤੇ ਗੁਰੂ ਕਾ ਲੰਗਰ ਅਟੁੱਟ ਚੱਲਿਆ।

# ਫਰੀ ਮੈਡੀਕਲ ਕੈਂਪ ਲਗਾਇਆ



**ਗੁਰਾਇਆ (ਬਿੰਦਰ ਸੁਮਨ)**-ਸ੍ਰੀ ਰਾਧਾ ਕ੍ਰਿਸ਼ਨ ਚੈਰੀਟੇਬਲ ਸੋਸਾਇਟੀ ਗੀਤਾ ਭਵਨ ਦਾਣਾ ਮੰਡੀ ਗੁਰਾਇਆ ਵਿਖੇ ਸਵ. ਲਾਲਾ ਕ੍ਰਿਸ਼ਨ ਲਾਲ ਧੀਂਗੜਾ ਦੀ ਚੌਥੀ ਬਰਸੀ ਨੂੰ ਸਮਰਪਿਤ ਉਨ੍ਹਾਂ ਦੇ ਸਪੁੱਤਰ ਪਰਮਿੰਦਰ ਧੀਂਗੜਾ ਯੂਐਸਏ ਵੱਲੋਂ ਸ੍ਰੀ ਰਾਧਾ ਕ੍ਰਿਸ਼ਨ ਚੈਰੀਟੇਬਲ ਸੁਸਾਇਟੀ ਗੀਤਾ ਭਵਨ ਗੁਰਾਇਆ ਤੇ ਗੁਰਾਇਆ ਬਲੱਡ ਸੇਵਾ ਦੇ ਸਹਿਯੋਗ ਨਾਲ ਫਰੀ ਅੱਖਾਂ, ਦੰਦਾਂ ਤੇ ਜਨਰਲ ਚੈੱਕ ਅਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਪਰਮਿੰਦਰ ਧੀਂਗੜਾ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਉਨ੍ਹਾਂ ਦੇ ਨਾਲ ਗੀਤਾ ਭਵਨ ਦੇ ਪ੍ਰਧਾਨ ਅਜੈ ਮਾਟਾ ਵੱਲੋਂ ਉਦਘਾਟਨ ਕੀਤਾ ਗਿਆ। ਕੈਂਪ ਵਿੱਚ ਅੱਖਾਂ ਦੇ ਮਾਹਰ ਡਾਕਟਰ ਰਮੇਸ਼ ਦੀ ਟੀਮ ਵੱਲੋਂ ਮਰੀਜ਼ਾਂ ਦੀ ਅੱਖਾਂ ਦੀ ਜਾਂਚ ਕਰਕੇ ਫਰੀ ਐਨਕਾ ਤੇ ਦਵਾਈਆਂ ਦਿੱਤੀਆਂ ਗਈਆਂ ਜਦਕਿ ਡਾਕਟਰ ਮੇਜਰ ਚੇਤਨਾ ਮੋਹਨ ਗੁਰਾਇਆ ਉਨ੍ਹਾਂ ਨਾਲ ਡਾਕਟਰ ਰਣਜੀਤ ਸਿੰਘ ਦੁਸਾਂਝ ਵੱਲੋ ਦੰਦਾ ਦਾ ਚੈੱਕਅਪ ਕਰਕੇ ਫ੍ਰੀ ਦਵਾਈਆਂ ਦਿੱਤੀਆਂ ਗਈਆਂ ਜਦਕਿ ਓ ਪੀ ਡੀ ਚੈੱਕਅਪ ਡਾਕਟਰ ਵੱਲੋ ਕੀਤੀ ਗਈ। ਇਸ ਕੈਂਪ ਦਾ 500 ਦੇ ਕਰੀਬ ਮਰੀਜ਼ਾਂ ਨੇ ਲਾਹਾ ਲਿਆ। ਇਸ ਮੌਕੇ ਪਰਮਿੰਦਰ ਧੀਂਗੜਾ, ਹੈਪੀ ਮਾਹੀ ਪ੍ਰਧਾਨ ਗੁਰਾਇਆ ਬਲੱਡ ਸੇਵਾ, ਮਨੀਸ਼ ਬਾਵਾ ਮੈਂਬਰ ਗੀਤਾ ਭਵਨ ਗੁਰਾਇਆ ਨੇ ਸਮੂਹ ਡਾਕਟਰਾਂ ਦਾ ਤੇ ਕੈਂਪ ਵਿੱਚ ਸਹਿਯੋਗ ਦੇਣ ਵਾਲੇ ਮੈਂਬਰਾਂ ਦਾ ਅਤੇ ਧੀਂਗੜਾ ਪਰਵਾਰ ਦਾ ਧੰਨਵਾਦ ਕੀਤਾ ਆਏ ਹੋਏ ਡਾਕਟਰਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਗੀਤਾ ਭਵਨ ਦੇ ਮੈਂਬਰ ਰਾਕੇਸ਼ ਕੁਮਾਰ ,ਜਤਿੰਦਰ ਗੋਡ, ਮਹਿੰਦਰਪਾਲ ਗੁਗਨਾਨੀ, ਪਵਨ ਸ਼ਰਮਾ, ਰਾਕੇਸ਼ ਸ਼ਰਮਾ, ਕੁਲਦੀਪ ਸਹਿਬੀ, ਅਸ਼ੋਕ ਅਰੋੜਾ, ਰਾਜਨ ਮੱਕੜ, ਕੁਲਵਿੰਦਰ ਸੰਧੂ ਹਾਜ਼ਰ ਸਨ।

# ਗੁਰੂ ਰਾਮ ਰਾਏ ਪਬਲਿਕ ਸਕੂਲ 'ਚ ਅੱਖਾਂ ਦਾ ਫ੍ਰੀ ਚੈੱਕਅੱਪ ਕੈਂਪ

**ਫਗਵਾੜਾ (ਡਾ. ਰਮਨ)**

ਸਮਾਜਿਕ ਸੇਵਾ ਦੇ ਖੇਤਰ ਵਿੱਚ ਲਗਾਤਾਰ ਮਿਸਾਲ ਕਾਇਮ ਕਰ ਰਹੀ ਪਰਿਆਸ ਸਿਟੀਜ਼ਨ ਵੈਲਫੇਅਰ ਕੌਂਸਲ ਵੱਲੋਂ ਗੁਰੂ ਰਾਮ ਰਾਏ ਪਬਲਿਕ ਸਕੂਲ ਫਗਵਾੜਾ ਵਿਖੇ ਅੱਖਾਂ ਦਾ ਵਿਸ਼ਾਲ ਚੈੱਕਅਪ ਕੈਂਪ ਵਿਰਦੀ ਹਸਪਤਾਲ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਉਪਰਾਲੇ ਤਹਿਤ ਸਕੂਲ ਦੇ 550 ਵਿਦਿਆਰਥੀਆਂ ਦੀ ਜਾਂਚ ਅੱਖਾਂ ਦੇ ਮਾਹਰ ਡਾ. ਜੀ.ਐਸ. ਵਿਰਦੀ ਦੀ ਨਿਗਰਾਨੀ ਹੇਠ ਕੀਤੀ ਗਈ। ਡਾ. ਵਿਰਦੀ ਅਤੇ ਉਨ੍ਹਾਂ ਦੀ ਟੀਮ ਵੱਲੋਂ ਬੱਚਿਆਂ ਨੂੰ ਅੱਖਾਂ ਦੀ ਸੰਭਾਲ ਸਬੰਧੀ ਜਾਗਰੂਕ ਵੀ ਕੀਤਾ ਗਿਆ। ਸੰਸਥਾ ਦੇ ਕਨਵੀਨਰ ਸ਼ਕਤੀ ਮਹਿੰਦਰੂ ਨੇ ਦੱਸਿਆ ਕਿ ਸ਼ਾਰਟਲਿਸਟ ਕੀਤੇ ਵਿਦਿਆਰਥੀਆਂ ਦਾ ਫਾਈਨਲ ਚੈੱਕਅਪ ਵਿਰਦੀ ਆਈ ਹਸਪਤਾਲ, ਚਾਹਲ ਨਗਰ ਫਗਵਾੜਾ ਵਿਖੇ ਕੀਤਾ ਹੋਵੇਗਾ ਅਤੇ



ਲੋੜਵੰਦ ਵਿਦਿਆਰਥੀਆਂ ਨੂੰ ਨਜ਼ਰ ਦੀਆਂ ਐਨਕਾਂ ਫ੍ਰੀ ਪ੍ਰਦਾਨ ਕੀਤੀਆਂ ਜਾਣਗੀਆਂ।ਡਾ. ਵਿਰਦੀ ਨੇ ਬੱਚਿਆ ਦੇ ਮਾਤਾ-ਪਿਤਾ ਅਤੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਬੱਚਿਆਂ ਦਾ ਸਕਰੀਨ ਟਾਈਮ ਘਟਾਇਆ ਜਾਵੇ ਅਤੇ ਉਨ੍ਹਾਂ ਨੂੰ ਖੇਡਾਂ ਅਤੇ ਆਉਟਡੋਰ ਗਤੀਵਿਧੀਆਂ ਵੱਲ ਪ੍ਰੇਰਿਤ ਕੀਤਾ ਜਾਵੇ। ਪਰਿਆਸ ਦੇ ਕੋਆਰਡੀਨੇਟਰ ਡੀ.ਐਸ. ਜੱਸਲ ਅਤੇ ਸਤਪਾਲ ਸਿੰਘ ਰਿਟਾ. ਮੁੱਖ ਅਧਿਆਪਕ ਨੇ ਵੀ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਉਨ੍ਹਾਂ ਨੂੰ ਮਿਹਨਤ, ਅਨੁਸ਼ਾਸਨ ਅਤੇ ਸੱਚੇ ਆਦਰਸ਼ਾਂ ਰਾਹੀਂ ਜੀਵਨ 'ਚ ਉੱਚਾ ਮੁਕਾਮ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਪ੍ਰਿੰਸੀਪਲ ਜੀਤ ਪਾਲ ਸਿੰਘ ਨੇ ਪਰਿਆਸ ਸੰਸਥਾ ਦੇ ਇਸ ਨੇਕ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਨ੍ਹਾਂ ਸੰਸਥਾ ਦੇ ਕੋਆਰਡੀਨੇਟਰਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਅਖੀਰ ਵਿੱਚ ਕਨਵੀਨਰ ਸ਼ਕਤੀ ਮਹਿੰਦਰੂ ਨੇ ਸਕੂਲ ਸਟਾਫ, ਵਿਰਦੀ ਹਸਪਤਾਲ ਦੇ ਸਮੂਹ ਸਟਾਫ ਅਤੇ ਪ੍ਰੋਜੈਕਟ ਡਾਇਰੈਕਟਰ ਐਡਵੋਕੇਟ ਜਤਿੰਦਰ ਸ਼ਰਮਾ ਦਾ ਇਸ ਪ੍ਰੋਜੈਕਟ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਰਾਜੇਸ਼ ਕੁਮਾਰ ਮੁਤਰੇਜਾ, ਰਜਿੰਦਰ ਕੁਮਾਰ ਮਲਹੋਤਰਾ, ਪੁਰਸ਼ੋਤਮ ਲਾਲ ਭੱਟੀ, ਗੀਤਾ ਸੂਦ, ਜਸਵਿੰਦਰ ਕੌਰ, ਨੇਹਾ ਕੁਮਾਰੀ, ਹਨੀ ਅਤੇ ਮਿਸ ਰਿਤਿਕਾ ਆਦਿ ਹਾਜ਼ਰ ਸਨ।

# ਸਰਕਾਰੀ ਗੱਡੀਆਂ 'ਚ 'ਚਿੱਟਾ' ਢੋਣ ਵਾਲੇ ਫ਼ਜ਼ੂਲਖ਼ਰਚੀ ਦਾ ਉਪਦੇਸ਼ ਨਾ ਦੇਣ : ਬਲਤੇਜ ਪੰਨੂ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸਟੇਟ ਮੀਡੀਆ ਇੰਚਾਰਜ ਬਲਤੇਜ ਪੰਨੂ ਨੇ ਮੋਗਾ ਦੇ ਕਿੱਲੀ ਚਾਹਲਾਂ ਵਿਖੇ ਕਰਵਾਏ ਗਏ ਵਿਲੇਜ ਡਿਫੈਂਸ ਕਮੇਟੀਆਂ ਦੇ ਸਹੁੰ ਚੁੱਕ ਸਮਾਗਮ 'ਤੇ ਵਿਰੋਧੀ ਧਿਰ ਵੱਲੋਂ ਉਠਾਏ ਜਾ ਰਹੇ ਸਵਾਲਾਂ 'ਤੇ ਤਿੱਖਾ ਪਲਟਵਾਰ ਕੀਤਾ ਹੈ। ਪੰਨੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਤੋਂ ਵਿਰੋਧੀਆਂ ਨੂੰ ਇੰਨੀ ਤਕਲੀਫ਼ ਹੋ ਰਹੀ ਹੈ ਕਿ ਉਨ੍ਹਾਂ ਨੇ ਬਿਨਾਂ ਵਜ੍ਹਾ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ ਹੈ।ਪੰਨੂ ਨੇ ਕਿਹਾ ਕਿ ਜੋ ਵਿਰੋਧੀ ਪਾਰਟੀਆਂ ਅੱਜ ਸਰਕਾਰੀ ਪੈਸੇ ਦੀ ਵਰਤੋਂ 'ਤੇ ਰੋਣਾ ਰੋ ਰਹੀਆਂ ਹਨ, ਸ਼ਾਇਦ ਉਹ ਆਪਣਾ ਸ਼ਰਮਨਾਕ ਇਤਿਹਾਸ ਭੁੱਲ ਗਈਆਂ ਹਨ। ਉਨ੍ਹਾਂ ਯਾਦ ਦਿਵਾਉਂਦਿਆਂ ਕਿਹਾ ਕਿ ਅੱਜ ਸਰਕਾਰ ਦੇ ਪੈਸੇ ਦੀ ਗੱਲ ਕਰਨ ਵਾਲੇ ਦੱਸਣ ਕਿ ਜਦੋਂ ਤੁਹਾਡੀਆਂ ਸਰਕਾਰਾਂ ਸਨ, ਉਦੋਂ ਕੀ ਸਰਕਾਰੀ ਗੱਡੀਆਂ ਵਿੱਚ 'ਚਿੱਟਾ' ਸਪਲਾਈ ਨਹੀਂ ਹੁੰਦਾ ਸੀ? ਜਨਤਾ ਭੁੱਲੀ ਨਹੀਂ ਹੈ ਕਿ ਕਿਵੇਂ ਸੱਤਾ ਦੀ ਸਰਪ੍ਰਸਤੀ ਹੇਠ ਨਸ਼ੇ ਦਾ ਕਾਰੋਬਾਰ ਫਲਿਆ-ਫੁੱਲਿਆ ਸੀ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਜਨਤਾ ਦਾ ਪੈਸਾ ਨਸ਼ਾ ਖ਼ਤਮ ਕਰਨ ਤੇ ਪੰਜਾਬ ਦੇ ਭਵਿੱਖ ਨੂੰ ਬਚਾਉਣ ਲਈ ਖ਼ਰਚ ਕਰ ਰਹੀ ਹੈ, ਨਾ ਕਿ ਤਸਕਰਾਂ ਨੂੰ ਪਨਾਹ ਦੇਣ ਲਈ।ਵਿਰੋਧੀਆਂ ਦੀ ਨਿਰਾਸ਼ਾ 'ਤੇ ਤੰਜ ਕੱਸਦਿਆਂ ਬਲਤੇਜ ਪੰਨੂ ਨੇ ਕਿਹਾ ਕਿ ਮੋਗਾ ਦੇ ਪ੍ਰੋਗਰਾਮ ਵਿੱਚ ਤਾਂ ਅਜੇ ਸਿਰਫ਼ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰ ਹੀ ਆਏ ਸਨ, ਜਿਨ੍ਹਾਂ ਵਿੱਚ ਹਰ ਪਿੰਡ ਦੇ ਕੁਝ ਜਾਗਰੂਕ ਨਾਗਰਿਕਾਂ ਨੇ ਸਹੁੰ ਚੁੱਕੀ ਹੈ। ਜਦੋਂ 'ਯੁੱਧ ਨਸ਼ਿਆਂ ਵਿਰੁੱਧ 2' ਤਹਿਤ ਇਨ੍ਹਾਂ ਦੇ ਨਾਲ ਪੂਰੇ ਪਿੰਡ ਇੱਕਜੁੱਟ ਹੋ ਕੇ ਨਸ਼ੇ ਖ਼ਿਲਾਫ਼ ਮੈਦਾਨ ਵਿੱਚ ਉਤਰਨਗੇ, ਉਦੋਂ ਇਨ੍ਹਾਂ ਵਿਰੋਧੀਆਂ ਦਾ ਕੀ ਹਾਲ ਹੋਵੇਗਾ।ਪੰਨੂ ਨੇ ਕਿਹਾ ਕਿ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਦੂਜਾ ਪੜਾਅ ਯਕੀਨੀ ਤੌਰ 'ਤੇ ਕਾਮਯਾਬ ਹੋਵੇਗਾ ਕਿਉਂਕਿ ਅੱਜ ਹਰ ਪੰਜਾਬੀ ਨਸ਼ਾ ਮੁਕਤ ਪੰਜਾਬ ਚਾਹੁੰਦਾ ਹੈ, ਪਰ ਜੇਕਰ ਕੋਈ ਨਹੀਂ ਚਾਹੁੰਦਾ ਤਾਂ ਉਹ ਸਿਰਫ਼ ਵਿਰੋਧੀ ਪਾਰਟੀਆਂ ਹਨ, ਕਿਉਂਕਿ ਨਸ਼ੇ ਦਾ ਖ਼ਾਤਮਾ ਹੁੰਦੇ ਹੀ ਇਨ੍ਹਾਂ ਦੀ ਰਾਜਨੀਤੀ ਦੀ ਦੁਕਾਨ ਬੰਦ ਹੋ ਜਾਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਨ ਸਰਕਾਰ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਸ਼ਖ਼ਸ ਨੂੰ ਨਹੀਂ ਬਖਸ਼ੇਗੀ।



# ਬਲੱਡ ਬੈਂਕ 'ਚ ਲਗਾਇਆ ਦੰਦਾਂ ਤੇ ਜਬਾੜ੍ਹਿਆਂ ਦਾ 470ਵਾਂ ਫ੍ਰੀ ਕੈਂਪ



**ਫਗਵਾੜਾ (ਡਾ. ਰਮਨ)**

ਸਥਾਨਕ ਗੁਰੂ ਹਰਗੋਬਿੰਦ ਨਗਰ ਵਿਖੇ ਉਦਯੋਗਪਤੀ ਕੇ.ਕੇ. ਸਰਦਾਨਾ ਦੀ ਸਰਪ੍ਰਸਤੀ ਹੇਠ ਸੰਚਾਲਿਤ ਬਲੱਡ ਬੈਂਕ ਵਿੱਚ ਮਾਤਾ ਠਾਕੁਰ ਦੇਵੀ ਅਤੇ ਨਾਨਕ ਚੰਦ ਸੇਠੀ ਦੀ ਯਾਦ ਨੂੰ ਸਮਰਪਤ 470ਵਾਂ ਦੰਦਾਂ ਅਤੇ ਜਬਾੜਿਆਂ ਦਾ ਫ੍ਰੀ ਕੈਂਪ ਬਲੱਡ ਬੈਂਕ ਦੇ ਪ੍ਰਧਾਨ ਮਲਕੀਅਤ ਸਿੰਘ ਰਘਬੋਤਰਾ ਦੀ ਦੇਖ-ਰੇਖ ਹੇਠ ਲਗਾਇਆ ਗਿਆ। ਜਿਸ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਰੋਟਰੀ ਕਲੱਬ ਦੇ ਸਾਬਕਾ ਗਵਰਨਰ ਸਤਪਾਲ ਸੇਠੀ ਅਤੇ ਹਰਬੰਸ ਲਾਲ ਇੰਚਾਰਜ ਬਲੱਡ ਬੈਂਕ ਨੇ ਸਾਂਝੇ ਤੌਰ 'ਤੇ ਕੀਤਾ। ਪਤਵੰਤਿਆਂ ਵਲੋਂ 7 ਲੋੜਵੰਦ ਬਜ਼ੁਰਗਾਂ ਨੂੰ ਨਵੇਂ ਤਿਆਰ ਕੀਤੇ ਜਬਾੜੇ ਵੰਡੇ ਗਏ ਅਤੇ ਬਲੱਡ ਬੈਂਕ ਵੱਲੋਂ ਸਮਾਜ ਸੇਵਾ 'ਚ ਪਾਏ ਜਾ ਰਹੇ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ। ਕੈਂਪ ਦੌਰਾਨ ਸੀ.ਐਮ.ਸੀ ਲੁਧਿਆਣਾ ਤੋਂ ਡਾ. ਤਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਪਹੁੰਚੀ ਮਾਹਰ ਡਾਕਟਰਾਂ ਦੀ 25 ਮੈਂਬਰੀ ਮੋਬਾਈਲ ਟੀਮ ਨੇ ਕਰੀਬ 100 ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ। ਲੋੜਵੰਦਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਕੈਂਪ ਦੌਰਾਨ ਨਵੇਂ ਜਬਾੜੇ ਬਣਾਉਣ ਦੀ ਅਗਲੀ ਪ੍ਰਕਿਰਿਆ ਪੂਰੀ ਕੀਤੀ ਗਈ। ਮਲਕੀਅਤ ਸਿੰਘ ਰਘਬੋਤਰਾ ਨੇ ਦੱਸਿਆ ਕਿ ਅਗਲਾ ਕੈਂਪ 2 ਮਾਰਚ ਨੂੰ ਲਗਾਇਆ ਜਾਵੇਗਾ। ਇਸ ਮੌਕੇ ਗੁਲਾਬ ਸਿੰਘ ਠਾਕੁਰ, ਵਿਸ਼ਵਾਮਿੱਤਰ ਸ਼ਰਮਾ, ਮੋਹਨ ਲਾਲ ਤਨੇਜਾ, ਗੁਲਸ਼ਨ ਕਪੂਰ, ਹਰਵਿੰਦਰ ਸਿੰਘ, ਰਮਨ ਨਹਿਰਾ, ਤਾਰਾ ਚੰਦ ਚੁੰਬਰ, ਸੁਧਾ ਬੇਦੀ ਆਦਿ ਹਾਜ਼ਰ ਸਨ।

# ਕੈਬਨਿਟ ਮੰਤਰੀ ਵੱਲੋਂ ਹੋਲਾ ਮਹੱਲਾ ਦੀਆਂ ਤਿਆਰੀਆਂ ਦੀ ਸਮੀਖਿਆ, ਸ਼ਰਧਾਲੂਆਂ ਲਈ ਹੋਣਗੇ ਪੁਖ਼ਤਾ ਪ੍ਰਬੰਧ

**ਨੰਗਲ (ਸੁਰਜੀਤ ਸਿੰਘ)**

ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਵੱਲੋਂ ਹਲਕੇ ਵਿੱਚ ਕੀਤੇ ਗਏ ਵਿਕਾਸੀ ਵਾਅਦਿਆਂ ਨੂੰ ਅਮਲੀ ਰੂਪ ਦੇਣ ਨਾਲ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕਰੀਬ 52 ਕਰੋੜ ਰੁਪਏ ਦੀ ਲਾਗਤ ਨਾਲ ਹੜ੍ਹ ਰਾਹਤ ਕਾਰਜ ਸ਼ੁਰੂ ਹੋਣ ਨਾਲ ਦਰਿਆਈ ਕੰਢਿਆਂ 'ਤੇ ਵਸਦੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਲੋਕਾਂ ਦਾ ਕਹਿਣਾ ਹੈ ਕਿ ਸਾਲਾਂ ਤੋਂ ਹੜ੍ਹਾਂ ਦੀ ਮਾਰ ਝੱਲ ਰਹੇ ਪਿੰਡਾਂ ਲਈ ਇਹ ਯੋਜਨਾਵਾਂ ਜੀਵਨ ਅਤੇ ਜਾਇਦਾਦ ਦੀ ਸੁਰੱਖਿਆ ਵੱਲ ਇਕ ਵੱਡਾ ਕਦਮ ਹਨ। ਇਸ ਨਾਲ ਖੇਤੀਬਾੜੀ ਨੂੰ ਹੋਣ ਵਾਲੇ ਨੁਕਸਾਨ 'ਚ ਵੀ ਕਮੀ ਆਉਣ ਦੀ ਉਮੀਦ ਜਤਾਈ ਜਾ ਰਹੀ ਹੈ।ਇਸੇ ਤਰ੍ਹਾਂ ਹਲਕੇ ਦੀਆਂ ਲਗਭਗ 140 ਕਿਲੋਮੀਟਰ ਸੰਪਰਕ ਸੜਕਾਂ ਦੇ ਨਵੀਨੀਕਰਨ ਤੇ ਉਨ੍ਹਾਂ ਨੂੰ 18 ਫੁੱਟ ਚੌੜਾ ਕਰਨ ਦਾ ਵਾਅਦਾ ਵੀ ਪੂਰਾ ਕੀਤਾ ਜਾ ਰਿਹਾ ਹੈ। ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਣ ਵਾਲੀਆਂ ਨਵੀਆਂ ਤੇ ਮਜ਼ਬੂਤ ਸੜਕਾਂ ਨਾਲ ਆਵਾਜਾਈ ਸੁਗਮ ਹੋਣ ਦੇ ਨਾਲ-ਨਾਲ ਵਪਾਰਕ ਸਰਗਰਮੀਆਂ ਨੂੰ ਵੀ ਰਫ਼ਤਾਰ ਮਿਲੀ ਹੈ। ਡਾ.ਸੰਜੀਵ ਗੌਤਮ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਰੂਪਨਗਰ, ਕਮਿੱਕਰ ਸਿੰਘ ਡਾਢੀ ਸੰਗਠਨ ਇੰਚਾਰਜ, ਜਸਪਾਲ ਸਿੰਘ ਢਾਹੇ ਜਿਲ੍ਹਾ ਪਰਿਸ਼ਦ ਮੈਂਬਰ , ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਜਸਵਿੰਦਰ ਸਿੰਘ ਭੰਗਲਾ ਬਲਾਕ ਇੰਚਾਰਜ, ਰਾਕੇਸ਼ ਵਰਮਾ ਬਲਾਕ ਇੰਚਾਰਜ, ਨਿਤਿਨ ਪੁਰੀ ਭਲਾਨ ਬਲਾਕ ਇੰਚਾਰਜ,ਤਰਸੇਮ ਬੇਲਾ ਧਿਆਨੀ, ਸੁਰਿੰਦਰ ਬੇਲਾ ਧਿਆਨੀ, ਹੈਪੀ ਭੰਗਲਾ ਅਤੇ ਹੋਰ ਆਗੂਆਂ ਨੇ ਕਿਹਾ ਕਿ ਸੜਕਾਂ ਦੀ ਚੌੜਾਈ ਵਧਣ ਨਾਲ ਹਾਦਸਿਆਂ ਵਿੱਚ ਕਮੀ ਆਵੇਗੀ ਅਤੇ ਐਮਰਜੈਂਸੀ ਸੇਵਾਵਾਂ ਨੂੰ ਵੀ ਤੇਜ਼ੀ ਨਾਲ ਮੰਜ਼ਿਲ ਤੱਕ ਪਹੁੰਚਣ ਵਿੱਚ ਮਦਦ ਮਿਲੇਗੀ।

ਹੋਲਾ ਮਹੱਲਾ ਨੂੰ ਸੁਚਾਰੂ ਢੰਗ ਨਾਲ ਮਨਾਉਣ ਲਈ ਕੈਬਨਿਟ ਮੰਤਰੀ ਵੱਲੋਂ ਖੁਦ ਮੌਕੇ 'ਤੇ ਪਹੁੰਚ ਕੇ ਤਿਆਰੀਆਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਪ੍ਰਸ਼ਾਸਨ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਸੰਗਤਾਂ ਲਈ ਆਵਾਜਾਈ, ਪੀਣ ਵਾਲਾ ਪਾਣੀ, ਸਫ਼ਾਈ, ਸਿਹਤ ਸਹੂਲਤਾਂ ਅਤੇ ਸੁਰੱਖਿਆ ਪ੍ਰਬੰਧਾਂ ਵਿੱਚ ਕੋਈ ਕਮੀ ਨਾ ਰਹੇ। 350 ਸਾਲਾ ਸ਼ਹੀਦੀ ਸਮਾਗਮਾਂ ਦੌਰਾਨ ਦੀ ਤਰਾਂ ਇਸ ਵਾਰ ਟ੍ਰੈਫਿਕ ਕੰਟਰੋਲ ਲਈ ਵਾਧੂ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਤਰ੍ਹਾਂ ਦੀ ਅਸੁਵਿਧਾ ਨਾ ਆਵੇ।

# ਅੱਖਾਂ ਦਾ ਫਰੀ ਚੈੱਕਅੱਪ ਕੈਂਪ ਲਗਾਇਆ

**ਕਰਤਾਰਪੁਰ (ਹਰਮੇਸ਼ ਦੱਤ)**

ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵੱਲੋਂ ਪਿੰਡ ਮੇਤਲੇ ਵਿਖੇ ਅੱਖਾਂ ਦਾ ਫ੍ਰੀ ਚੈੱਕਅਪ ਕੈਂਪ ਅਤੇ ਮੈਡੀਕਲ ਕੈਂਪ ਸੰਸਥਾ ਦੀ ਸਕੱਤਰ ਮੈਡਮ ਸੁਮਨ ਲਤਾ ਕਲਹਣ, ਪ੍ਰਧਾਨ ਬਿਮਲ ਜੈਨ, ਸਮਾਜ ਸੇਵੀ ਆਗੂ ਤੇ ਪ੍ਰਧਾਨ ਆੜਤੀ ਐਸੋਸੀਏਸ਼ਨ ਸਤੀਸ਼ ਗੁਪਤਾ ਦੀ ਦੇਖ ਰੇਖ ਹੇਠ ਪਰਵਾਸੀ ਭਾਰਤੀ ਦੇ ਸਹਿਯੋਗ ਨਾਲ ਲਗਾਇਆ ਗਿਆ। ਪਿੰਡ ਦੇ ਪ੍ਰਵਾਸੀ ਭਾਰਤੀ ਲਖਬੀਰ ਸਿੰਘ ਖਹਿਰਾ ਵੱਲੋਂ ਰਸਮੀ ਕੈਂਪ ਦਾ ਉਦਘਾਟਨ ਰਿਬਨ ਕੱਟ ਕੇ ਕੀਤਾ। ਇਸ ਮੌਕੇ ਚੈਰੀਟੇਬਲ ਹਸਪਤਾਲ ਦੀਆਂ ਮਾਹਰ ਡਾਕਟਰਾਂ ਦੀਆਂ ਵੱਖ-ਵੱਖ ਟੀਮਾਂ ਵੱਲੋਂ ਕੈਂਪ ਵਿੱਚ ਪੁੱਜੇ ਕਰੀਬ 313 ਮਰੀਜ਼ਾਂ ਦੀ ਮੁਫਤ ਜਾਂਚ ਕਰਕੇ ਮੁਫਤ ਦਵਾਈਆਂ ਵੰਡੀਆਂ ਗਈਆਂ ਤੇ ਸ਼ੂਗਰ ਬੀ ਪੀ ਦੇ ਟੈਸਟ ਵੀ ਕੀਤੇ ਗਏ ਤੇ ਕੈਂਪ ਵਿੱਚ 38 ਮਰੀਜ਼ਾਂ ਦੇ ਮੁਫਤ ਲੈਂਜ ਵੀ ਪਾਏ ਜਾਣਗੇ। ਮੈਡਮ ਸੁਮਨ ਲਤਾ ਕਲਹਣ, ਪ੍ਰਧਾਨ ਬਿਮਲ ਜੈਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਸਥਾ ਦਾ ਮੁੱਖ ਟੀਚਾ ਸਿੱਖਿਆ ਤੇ ਜ਼ਰੂਰਤਮੰਦ ਲੋਕਾਂ ਦੀ ਮਦਦ ਕਰਨਾ ਹੈ। ਇਸ ਮੌਕੇ ਬਲਪ੍ਰੀਤ ਚਾਹਲ, ਡਾ. ਐੱਮ ਪੀ ਐੱਸ ਭਾਟੀਆ, ਡਾਕਟਰ ਨੀਰਜ ਕੁਮਾਰ, ਡਾਕਟਰ ਭਾਵਨਾ, ਡਾਕਟਰ ਰੋਹਿਤ ਡੋਗਰਾ, ਲਖਬੀਰ ਸਿੰਘ ਖੈਹਰਾ ਯੂ ਐੱਸ ਏ, ਨਿਰਮਲ ਕੌਰ, ਪੁਸ਼ਪਿੰਦਰ ਸਿੰਘ ਖੈਹਰਾ, ਕਮਲਜੀਤ ਕੌਰ ਖੈਹਰਾ, ਸੁਖਵਿੰਦਰ ਸਿੰਘ ਖੈਹਰਾ ਜਰਮਨ, ਸਿੰਦਰ ਕੌਰ, ਇੰਦਰਜੀਤ ਕੁਮਾਰ, ਅੰਮ੍ਰਿਤ ਕੌਰ, ਡਾਕਟਰ ਸਰਬਜੀਤ ਸਿੰਘ ਮਲੇਸ਼ੀਆ, ਸੋਡੀ ਸਿੰਘ ਸਰਬਜੀਤ ਕੌਰ ਤੇ ਆਪੀ ਹਸਪਤਾਲ ਦਾ ਸਟਾਫ ਹਾਜ਼ਰ ਸੀ।



# 'ਦਿਸ਼ਾ-ਇੱਕ ਪਹਿਲ ਦੇ ਤਹਿਤ ਕਲਾਈਮਟ ਐਕਸ਼ਨ' 'ਤੇ ਰੰਗੀਨ ਪ੍ਰਦਰਸ਼ਨੀ



**ਜਲੰਧਰ (ਸ਼ੈਲੀ ਐਲਬਰਟ)**

ਇੰਨੋਸੈਂਟ ਹਾਰਟਸ ਸਕੂਲ, ਲੋਹਾਰਾਂ ਨੇ ਦਿਸ਼ਾ-ਇੱਕ ਪਹਿਲ ਦੇ ਤਹਿਤ ਸਸਟੇਨੇਬਲ ਵਿਕਾਸ ਲਕਸ਼ (ਐੱਸ ਡੀ ਜੀ) 13: 'ਕਲਾਈਮਟ ਐਕਸ਼ਨ' 'ਤੇ ਕੇਂਦਰਿਤ ਪ੍ਰਿਜ਼ਮੋਰਾ 2026 ਥੀਮ ਦੇ ਅੰਤਰਗਤ ਰੰਗੀਨ ਤੇ ਗਤੀਸ਼ੀਲ ਪ੍ਰਦਰਸ਼ਨੀ ਦਾ ਸਫਲ ਆਯੋਜਨ ਕੀਤਾ। ਇਸ ਪ੍ਰਦਰਸ਼ਨੀ ਵਿੱਚ ਵੱਖ-ਵੱਖ ਕਲੱਬਾਂ ਨੇ ਭਾਗ ਲਿਆ, ਜਿਨ੍ਹਾਂ ਨੇ ਸਿੱਖਣ ਅਤੇ ਵਿਕਾਸ ਦੇ ਵੱਖਰੇ ਪੱਖਾਂ ਨੂੰ ਉਜਾਗਰ ਕੀਤਾ। ਇਨੋਵੇਸ਼ਨ ਕਲੱਬ ਨੇ ਰਚਨਾਤਮਕ ਸੋਚ ਤੇ ਸਮੱਸਿਆ ਹੱਲ ਕਰਨ ਦੀ ਯੋਗਤਾ ਨੂੰ ਪ੍ਰੇਰਿਤ ਕੀਤਾ, ਜਦਕਿ ਇਨਵਾਇਰਨਮੈਂਟ ਕਲੱਬ ਨੇ ਟਿਕਾਊਪਣ ਅਤੇ ਵਾਤਾਵਰਨ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ। ਕ੍ਰਿਏਟਿਵ ਸਟ੍ਰੋਕਸ ਕਲੱਬ ਨੇ ਮਨਮੋਹਕ ਕਲਾਕਾਰੀਆਂ ਤੇ ਮਾਡਲਾਂ ਰਾਹੀਂ ਵਿਦਿਆਰਥੀਆਂ ਦੀ ਕਲਾਤਮਕ ਪ੍ਰਤਿਭਾ ਦਾ ਸੁੰਦਰ ਪ੍ਰਦਰਸ਼ਨ ਕੀਤਾ। ਇਸ ਤੋਂ ਇਲਾਵਾ ਹੋਰ ਕਲੱਬਾਂ ਨੇ ਸਿਹਤਮੰਦ ਜੀਵਨਸ਼ੈਲੀ, ਸਮੁਦਾਇਕ ਭਾਗੀਦਾਰੀ ਅਤੇ ਵਿਗਿਆਨਕ ਸੋਚ ਨੂੰ ਵੀ ਪ੍ਰੋਤਸਾਹਿਤ ਕੀਤਾ।ਕਾਰਜਕ੍ਰਮ ਵਿੱਚ ਹੈਲਥ ਐਂਡ ਵੈੱਲਨੈ ਕਲੱਬ ਵੱਲੋਂ ਉਰਜਾਵਾਨ ਨੁੱਕੜ ਨਾਟਕ ਪੇਸ਼ ਕੀਤਾ ਗਿਆ, ਸੰਗੀਤ ਵਿਭਾਗ ਵੱਲੋਂ ਪ੍ਰੇਰਕ ਗੀਤ ਗਾਏ ਗਏ ਤੇ ਲਾਈਵ ਰੋਬੋਟ ਪ੍ਰਦਰਸ਼ਨ ਨੇ ਸਭ ਦਾ ਧਿਆਨ ਖਿੱਚਿਆ। ਭਾਰਤ ਦੀ ਸੰਸਕ੍ਰਿਤਕ ਵਿਭਿੰਨਤਾ ਨੂੰ ਦਰਸਾਉਂਦੇ ਹੋਏ ਵਿਦਿਆਰਥੀਆਂ ਨੇ ਪੰਜਾਬ ਤੇ ਆਂਧਰਾ ਪ੍ਰਦੇਸ਼ ਦੇ ਪਰੰਪਰਾਗਤ ਪਹਿਰਾਵੇ ਪਹਿਨ ਕੇ 'ਏਕਤਾ ਵਿੱਚ ਵਿਭਿੰਨਤਾ' ਦਾ ਸੁਨੇਹਾ ਦਿੱਤਾ।ਸਮਾਗਮ ਦਾ ਉਦਘਾਟਨ ਸਕੂਲਾਂ ਦੀ ਐਗਜ਼ਿਕਿਊਟਿਵ ਡਾਇਰੈਕਟਰ ਮਿਸ ਸ਼ੈਲੀ ਬੌਰੀ ਵੱਲੋਂ ਪ੍ਰਿੰਸੀਪਲ ਮਿਸ ਸ਼ਾਲੂ ਸਹਿਗਲ, ਵਾਈਸ ਪ੍ਰਿੰਸੀਪਲ ਸ੍ਰੀ ਮਾਨ ਨਵੀਨ ਧਵਨ ਅਤੇ ਕਲੱਬ ਹੈਡ ਮਿਸ ਵਸੁੰਧਰਾ ਦੀ ਗ੍ਰੇਸਫੁਲ ਹਾਜ਼ਰੀ ਵਿੱਚ ਕੀਤਾ ਗਿਆ। ਰਿਵਾਇਤ ਅਤੇ ਨਵੀਨਤਾ ਦੇ ਸੁੰਦਰ ਮਿਲਾਪ ਦਾ ਪ੍ਰਤੀਕ ਬਣਦਿਆਂ ਉਨ੍ਹਾਂ ਦਾ ਸਵਾਗਤ ਰੋਬੋਟ ਵੱਲੋਂ ਫੁੱਲ ਭੇਟ ਕਰਕੇ ਕੀਤਾ ਗਿਆ।ਸ਼ੈਲੀ ਬੋਰੀ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਸ਼ਾਨਦਾਰ ਯਤਨਾਂ ਦੀ ਪ੍ਰਸ਼ੰਸਾ ਕੀਤੀ, ਜਦਕਿ ਕੁਮਾਰੀ ਸ਼ਾਲੂ ਸਹਿਗਲ ਨੇ ਵਿਦਿਆਰਥੀਆਂ ਨੂੰ ਆਪਣੀਆਂ ਵਿਲੱਖਣ ਰੁਚੀਆਂ ਦੀ ਖੋਜ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ। ਮਾਪਿਆਂ ਨੇ ਵੀ ਵਿਦਿਆਰਥੀਆਂ ਦੀ ਮਿਹਨਤ ਅਤੇ ਪ੍ਰਦਰਸ਼ਨ ਦੀ ਭਰਪੂਰ ਸਰਾਹਨਾ ਕੀਤੀ।

# ਫਗਵਾੜਾ ਪੱਤਰਕਾਰ ਸੰਗਠਨ ਦੀ ਮਹੀਨਾਵਾਰ ਮੀਟਿੰਗ



**ਫਗਵਾੜਾ (ਡਾ ਰਮਨ)**

ਫਗਵਾੜਾ ਪੱਤਰਕਾਰ ਸੰਗਠਨ ਦੀ ਮਹੀਨਾਵਾਰ ਮੀਟਿੰਗ ਸੰਗਠਨ ਦੇ ਮੁੱਖ ਦਫਤਰ ਵਿਖੇ ਪ੍ਰਧਾਨ ਡਾਕਟਰ ਰਮਨ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸੰਗਠਨ ਨਾਲ ਜੁੜੇ ਅਨੇਕਾਂ ਪੱਤਰਕਾਰਾਂ ਨੇ ਸ਼ਿਰਕਤ ਕੀਤੀ। ਇਸ ਮੀਟਿੰਗ ਵਿੱਚ ਪੱਤਰਕਾਰਾਂ ਨੂੰ ਫੀਲਡ ਵਿੱਚ ਆ ਰਹੀਆਂ ਮੁਸ਼ਕਿਲਾਂ ਤੇ ਸੰਗਠਨ ਵੱਲੋਂ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾਣ ਵਾਲੇ ਕੁਝ ਪ੍ਰੋਜੈਕਟਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਪੱਤਰਕਾਰਾਂ ਨੇ ਆਪਣੀਆਂ ਸਮੱਸਿਆਵਾਂ ਤੇ ਸੁਝਾਅ ਪੇਸ਼ ਕੀਤੇ , ਜਿਨਾਂ ਵਿੱਚੋਂ ਮੌਕੇ ਤੇ ਹੀ ਹੱਲ ਹੋਣ ਵਾਲੀਆਂ ਸਮੱਸਿਆਵਾਂ ਨੂੰ ਪ੍ਰਧਾਨ ਵੱਲੋ ਮੌਕੇ ਤੇ ਹੱਲ ਕੀਤਾ ਗਿਆ ਤੇ ਸਮਾਜ ਸੇਵਾ ਦੇ ਖੇਤਰ ਵਿੱਚ ਕੀਤੇ ਜਾਣ ਵਾਲੇ ਪ੍ਰੋਜੈਕਟਾਂ ਸਬੰਧੀ ਵੀ ਵਿਚਾਰ ਪੇਸ਼ ਕੀਤੇ ਗਏ। ਮੀਟਿੰਗ ਵਿੱਚ ਖਾਸ ਤੌਰ ਤੇ ਬੱਚਿਆਂ ਨੂੰ ਸਮਾਜ ਵਿਰੋਧੀ ਅਨਸਰਾਂ ਤੋਂ ਬਚਾਉਣ ਲਈ ਪੋਸਕੋ ਕਾਨੂੰਨ ਸਬੰਧੀ ਜਾਣਕਾਰੀ ਦੇਣ ਲਈ ਭਵਿੱਖ ਵਿੱਚ ਕੀਤੇ ਜਾਣ ਵਾਲੇ ਸੈਮੀਨਾਰਾਂ ਸਬੰਧੀ ਵੀ ਮਤਾ ਪਾਸ ਕੀਤਾ ਗਿਆ। ਮੀਟਿੰਗ ਵਿੱਚੋਂ ਗੈਰ ਹਾਜਰ ਰਹਿਣ ਵਾਲੇ ਪੱਤਰਕਾਰਾਂ ਨੂੰ ਪ੍ਰਧਾਨ ਵੱਲੋਂ ਅਪੀਲ ਕੀਤੀ ਗਈ ਹੈ ਕਿ ਹਰ ਮੀਟਿੰਗ ਵਿੱਚ ਹਰ ਪੱਤਰਕਾਰ ਸਾਥੀ ਆਪਣੀ ਜਿੰਮੇਵਾਰੀ ਸਮਝ ਕੇ ਸ਼ਾਮਿਲ ਹੋਣ। ਇਸ ਮੀਟਿੰਗ ਵਿੱਚ ਦੁਆਬਾ ਨਿਊਜ਼ 24 ਦੇ ਪੱਤਰਕਾਰ ਗੁਰਮੁੱਖ ਸਿੰਘ ਨੂੰ ਸੰਗਠਨ ਚ ਸ਼ਾਮਿਲ ਕੀਤਾ ਗਿਆ ਤੇ ਉਨ੍ਹਾਂ ਦਾ ਨਿੱਘਾ ਸੁਆਗਤ ਕਰ ਸੰਗਠਨ ਦਾ ਹਿੱਸਾ ਬਣਨ ਲਈ ਸ਼ੁਕਰੀਆ ਅਦਾ ਕੀਤਾ ਗਿਆ। ਇਸ ਮੌਕੇ ਸਭ ਮੈਂਬਰ ਅਤੇ ਅਹੁਦੇਦਾਰਾਂ ਵਲੋਂ ਅਸ਼ੋਕ ਸ਼ਰਮਾ ਦੇ ਅਚਾਨਕ ਹੋਏ ਸਦੀਵੀ ਵਿਛੋੜੇ ਤੇ 2 ਮਿੰਟ ਦਾ ਮੌਨ ਰੱਖ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਪ੍ਰਧਾਨ ਡਾਕਟਰ ਰਮਨ ਸ਼ਰਮਾ, ਮੋਹਿਤ ਸ਼ਰਮਾ, ਕੁਲਦੀਪ ਸਿੰਘ ਨੂਰ, ਜੀਵਨ ਸੰਘਾ, ਆਰ ਪੀ ਸਿੰਘ, ਐਡਵੋਕੇਟ ਧੰਨਦੀਪ ਕੌਰ, ਕਮਲਦੀਪ ਸਿੰਘ, ਗੁਰਮੁਖ ਸਿੰਘ, ਜਸਵਿੰਦਰ ਸਿੰਘ ਭਗਤਪੁਰਾ, ਨਰਿੰਦਰਪਾਲ ਸਿੰਘ ਮਾਹੀ ਆਦਿ ਪੱਤਰਕਾਰ ਹਾਜ਼ਰ ਸਨ।

# ਦੰਡਵਤ ਯਾਤਰਾ ਕਰਨ ਵਾਲਿਆਂ ਦੀ ਹੌਸਲਾ ਅਫਜ਼ਾਈ ਕਰਨੀ ਚਾਹੀਦੀ : ਮਿੱਕੀ ਪੰਡਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਭਗਵਾਨ ਸ਼ਿਵ ਸ਼ੰਕਰ ਭੋਲੇਨਾਥ ਦੇ ਦਰਸ਼ਨਾਂ ਲਈ ਹਰ ਸਾਲ ਦੇਸ਼ ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਜੰਮੂ ਕਸ਼ਮੀਰ 'ਚ ਪੈਂਦੇ ਅਮਰਨਾਥ ਦੀ ਗੁਫਾ ਵਿੱਚ ਸਥਾਪਿਤ ਸ਼ਿਵ ਲਿੰਗ ਦੇ ਦਰਸ਼ਨਾਂ ਲਈ ਯਾਤਰਾ ਕਰਦੇ ਹਨ। ਇਸ ਪਵਿੱਤਰ ਸਥਾਨ 'ਤੇ ਜਾਣ ਲਈ ਯਾਤਰਾ ਜੁਲਾਈ ਵਿੱਚ ਸ਼ੁਰੂ ਹੁੰਦੀ ਹੈ ਅਤੇ ਬਾਬਾ ਜੀ ਦੇ ਕਈ ਸ਼ਰਧਾਲੂ ਪੈਦਲ ਯਾਤਰਾ ਤੋਂ ਇਲਾਵਾ ਦੰਡਵਤ ਯਾਤਰਾ ਕਰਕੇ ਅਮਰਨਾਥ ਗੁਫਾ ਪਹੁੰਚ ਕੇ ਬਾਬਾ ਜੀ ਦੇ ਸ਼ਿਵਲਿੰਗ ਦੇ ਦਰਸ਼ਨ ਕਰਦੇ ਹਨ। ਇਸ ਮੌਕੇ ਤੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਸੁਸਾਇਟੀ ਦੇ ਸੰਸਥਾਪਕ ਮਿੱਕੀ ਪੰਡਿਤ ਨੇ ਕਿਹਾ ਕਿ ਬਾਬਾ ਭੋਲੇ ਨਾਥ ਦੇ ਦਰਸ਼ਨਾਂ ਲਈ ਅਮਰਨਾਥ ਗੁਫਾ ਦੀ ਦੰਡਵਤ ਯਾਤਰਾ ਕਰ ਰਹੇ ਅਜਿਹੇ ਸ਼ਰਧਾਲੂਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਸਨਾਤਨ ਧਰਮ ਦੇ ਹਰ ਵਿਅਕਤੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਅਜਿਹੇ ਸ਼ਰਧਾਲੂਆਂ ਦਾ ਭਰਪੂਰ ਸਵਾਗਤ ਕਰਨ ਤਾਂ ਜੋ ਏਕਤਾ ਅਖੰਡਤਾ ਦੀ ਮਿਸਾਇਲ ਕਾਇਮ ਰਹਿ ਸਕੇ। ਮਿੱਕੀ ਪੰਡਿਤ ਨੇ ਦੱਸਿਆ ਕਿ ਅਮਰਨਾਥ ਗੁਫਾ ਦੇ ਦਰਸ਼ਨਾਂ ਲਈ ਜਤਿੰਦਰ ਰਾਜਪੂਤ ਵੱਲੋਂ 23 ਜੁਲਾਈ 2025 ਤੋਂ ਜ਼ਿਲ੍ਹਾ ਛਤਰਪੁਰ ਮੱਧ ਪ੍ਰਦੇਸ਼ ਤੋਂ ਸ਼ੁਰੂ ਹੋਈ ਇਹ 1700 ਕਿਲੋਮੀਟਰ ਦੰਡਵਤ ਯਾਤਰਾ ਜੁਲਾਈ 2027 ਨੂੰ ਦੋ ਸਾਲ ਬਾਅਦ ਅਮਨਨਾਥ ਗੁਫਾ ਪਹੁੰਚ ਕੇ ਸੰਪੰਨ ਹੋਵੇਗੀ।

# ਡੇਅਰੀ ਉੱਦਮ ਸਿਖ਼ਲਾਈ ਕੋਰਸ 23 ਤੋਂ

**ਜਲੰਧਰ, (ਸੁਰਿੰਦਰ ਕੁਮਾਰ)**-ਡਿਪਟੀ ਡਾਇਰੈਕਟਰ ਡੇਅਰੀ ਕਸ਼ਮੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਡੇਅਰੀ ਵਿਕਾਸ ਵਿਭਾਗ ਵੱਲੋਂ ਚਾਰ ਹਫ਼ਤੇ ਦਾ ਡੇਅਰੀ ਉੱਦਮ ਸਿਖ਼ਲਾਈ ਕੋਰਸ 23 ਫਰਵਰੀ ਤੋਂ ਡੇਅਰੀ ਸਿਖ਼ਲਾਈ ਕੇਂਦਰ ਫਗਵਾੜਾ ਵਿਖੇ ਸ਼ੁਰੂ ਹੋਣ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੇਂਡੂ ਖੇਤਰ ਨਾਲ ਸਬੰਧਤ ਚਾਹਵਾਨ ਡੇਅਰੀ ਫਾਰਮਰ, ਜਿਨ੍ਹਾਂ ਦੀ ਉਮਰ 18 ਤੋਂ 55 ਸਾਲ ਦੇ ਦਰਮਿਆਨ ਹੋਵੇ ਤੇ ਘੱਟੋ-ਘੱਟ 10ਵੀਂ ਪਾਸ ਹੋਣ ਅਤੇ ਪਹਿਲਾਂ ਘੱਟੋ-ਘੱਟ 5 ਪਸ਼ੂ ਰੱਖੇ ਹੋਣ, ਸਿਖ਼ਲਾਈ ਵਿੱਚ ਭਾਗ ਲੈ ਸਕਦੇ ਹਨ।ਡਿਪਟੀ ਡਾਇਰੈਕਟਰ ਨੇ ਅੱਗੇ ਦੱਸਿਆ ਕਿ ਡੇਅਰੀ ਸਿਖ਼ਲਾਈ ਕੋਰਸ ਦੌਰਾਨ ਫਾਰਮਰਜ਼ ਨੂੰ ਕੁਸ਼ਲ ਡੇਅਰੀ ਮੈਨੇਜਰ ਬਣਾਉਣ ਲਈ ਵੱਖ-ਵੱਖ ਵਿਸ਼ਾ ਮਾਹਰਾਂ ਵਲੋਂ ਪਸ਼ੂਆਂ ਦੀ ਸਾਂਭ-ਸੰਭਾਲ, ਵੱਖ-ਵੱਖ ਬਿਮਾਰੀਆਂ, ਮਨਸੂਹੀ ਗਰਭਦਾਨ, ਦੁੱਧ ਤੋਂ ਦੁੱਧ ਪਦਾਰਥ ਤਿਆਰ ਕਰਨ ਦੀ ਪ੍ਰੈਕਟੀਕਲ ਸਿਖ਼ਲਾਈ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮਾਡਲ ਕੈਟਲ ਸ਼ੈਡਾਂ ਦੀ ਉਸਾਰੀ, ਦੁੱਧ ਚੁਆਈ ਮਸ਼ੀਨਾਂ ਅਤੇ ਡੇਅਰੀ ਧੰਦੇ ਦੇ ਮੁਕੰਮਲ ਮਸ਼ੀਨੀਕਰਨ ਲਈ ਲੋੜੀਂਦੀਆਂ ਤਕਨੀਕਾਂ ਅਤੇ ਸਬਸਿਡੀਆਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਜਲੰਧਰ ਦੇ ਸਿਖ਼ਲਾਈ ਲੈਣ ਦੇ ਚਾਹਵਾਨ 20 ਫਰਵਰੀ ਤੱਕ ਦਫ਼ਤਰ ਡਿਪਟੀ ਡਾਇਰੈਕਟਰ, ਡੇਅਰੀ ਵਿਕਾਸ ਜਲੰਧਰ, ਆਰ ਡੀ ਡੀ ਐੱਲ ਕੰਪਲੈਕਸ, ਲਾਡੋਵਾਲੀ ਰੋਡ ਵਿਖੇ ਹਾਜ਼ਰ ਹੋ ਕੇ ਪ੍ਰਾਸਪੈਕਟ (ਫਾਰਮ) ਹਾਸਲ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਚੁਣੇ ਹੋਏ ਸਿਖਿਆਰਥੀਆਂ ਦੀ ਫੀਸ (ਜਨਰਲ ਕੈਟਾਗਰੀ ਲਈ 5000 ਰੁਪਏ ਤੇ ਅਨੁਸੂਚਿਤ ਜਾਤੀ ਲਈ 4000 ਰੁਪਏ) ਹੋਵੇਗੀ। ਉਨ੍ਹਾਂ ਦੱਸਿਆ ਕਿ ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 94787-26641 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਟੇਟ ਨੈੱਟਬਾਲ ਚੈਂਪੀਅਨਸ਼ਿਪ 'ਚ ਹੁਸ਼ਿਆਰਪੁਰ ਦੂਜੇ ਸਥਾਨ 'ਤੇ ਰਿਹਾ

**ਹੁਸ਼ਿਆਰਪੁਰ, (ਓ ਪੀ ਰਾਣਾ, ਬਲਬੀਰ ਸਿੰਘ ਸੈਣੀ)**

ਐੱਸ ਟੀ ਕਾਲਜ ਬਰਨਾਲਾ ਵਿਚ ਕਰਵਾਏ 7ਵੀਂ ਸੀਨੀਅਰ ਸਟੇਟ ਨੈਟਬਾਲ ਚੈਂਪੀਅਨਸ਼ਿਪ ਦੇ ਮਹਿਲਾ ਵਰਗ ਵਿਚ ਹੁਸ਼ਿਆਰਪੁਰ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦੂਸਰਾ ਸਥਾਨ ਪ੍ਰਾਪਤ ਕਰਕੇ ਜ਼ਿਲ੍ਹੇ ਦਾ ਨਾਂਅ ਰੌਸ਼ਨ ਕੀਤਾ। ਇਸ ਮੁਕਾਬਲੇ ਦਾ ਉਦਘਾਟਨ 7 ਫਰਵਰੀ ਨੂੰ ਹੋਇਆ ਸੀ, ਜਿਸ ਵਿੱਚ ਪੰਜਾਬ ਦੇ 15 ਜ਼ਿਲ੍ਹਿਆਂ ਦੀਆਂ ਟੀਮਾਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਪ੍ਰਾਪਤੀ 'ਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਟੀਮ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਲ੍ਹੇ ਦੇ ਖਿਡਾਰੀ ਲਗਾਤਾਰ ਬਿਹਤਰ ਪ੍ਰਦਰਸ਼ਨ ਕਰ ਰਹੇ ਹਨ ਅਤੇ ਭਵਿੱਖ ਵਿੱਚ ਵੀ ਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਉਣਗੇ। ਉਨ੍ਹਾਂ ਕਿਹਾ ਕਿ ਅਜਿਹੇ ਖੇਡ ਮੁਕਾਬਲੇ ਨੌਜਵਾਨਾਂ ਵਿੱਚ ਖੇਡ ਭਾਵਨਾ, ਅਨੁਸ਼ਾਸਨ ਤੇ ਟੀਮ ਵਰਕ ਨੂੰ ਉਤਸ਼ਾਹਿਤ ਕਰਦੇ ਹਨ ਅਤੇ ਇੱਕ ਸਿਹਤਮੰਦ ਸਮਾਜ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਖਿਡਾਰੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਵੀ ਕੀਤੀ।ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੁਕਾਬਲੇ ਦੌਰਾਨ ਹੁਸ਼ਿਆਰਪੁਰ ਦੀ ਮਹਿਲਾ ਟੀਮ ਨੇ ਸ਼ਾਨਦਾਰ ਖੇਡ ਹੁਨਰ ਦਾ ਪ੍ਰਦਰਸ਼ਨ ਕੀਤਾ ਅਤੇ ਬਠਿੰਡਾ ਅਤੇ ਮੁਕਤਸਰ ਦੀਆਂ ਟੀਮਾਂ ਨੂੰ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਫਾਈਨਲ ਮੈਚ ਵਿੱਚ ਬਰਨਾਲਾ ਦੀ ਮਜ਼ਬੂਤ ਟੀਮ ਨੂੰ ਸਖ਼ਤ ਟੱਕਰ ਦਿੰਦੇ ਹੋਏ, ਖਿਡਾਰੀਆਂ ਨੇ ਸ਼ਾਨਦਾਰ ਖੇਡ ਭਾਵਨਾ ਅਤੇ ਟੀਮ ਵਰਕ ਦਾ ਪ੍ਰਦਰਸ਼ਨ ਕੀਤਾ ਅਤੇ ਉਪ ਜੇਤੂ ਬਣ ਕੇ ਦੂਜਾ ਸਥਾਨ ਪ੍ਰਾਪਤ ਕੀਤਾ। ਮਹਿਲਾ ਵਰਗ ਵਿੱਚ ਬਰਨਾਲਾ ਪਹਿਲੇ, ਹੁਸ਼ਿਆਰਪੁਰ ਦੂਜੇ ਅਤੇ ਫਾਜ਼ਿਲਕਾ ਤੀਜੇ ਸਥਾਨ 'ਤੇ ਰਿਹਾ।



# ਹਥਿਆਰਾਂ ਦੀ ਨੋਕ 'ਤੇ ਲੁਟੇਰੇ ਔਰਤ ਦੀਆਂ ਸੋਨੇ ਦੀਆਂ ਚੂੜੀਆਂ ਲੈ ਕੇ ਫ਼ਰਾਰ

**ਜਲੰਧਰ, (ਸੁਰਿੰਦਰ ਕੁਮਾਰ)**

ਜੇ ਪੀ ਨਗਰ ਵਿੱਚ ਅਗਰਵਾਲ ਹੋਟਲ ਦੇ ਨੇੜੇ ਇੱਕ ਬਜ਼ੁਰਗ ਮਹਿਲਾ ਤੋਂ ਤੇਜ਼ਧਾਰ ਹਥਿਆਰ ਦੀ ਨੋਕ 'ਤੇ ਲੁੱਟ ਦੀ ਵਾਰਦਾਤ ਸਾਹਮਣੇ ਆਈ ਹੈ। ਇਸ ਲੁੱਟ ਨੂੰ 2 ਲੁਟੇਰਿਆਂ ਨੇ ਅੰਜਾਮ ਦਿੱਤਾ ਹੈ। ਲੁਟੇਰੇ ਮਹਿਲਾ ਦੀਆਂ 2 ਸੋਨੇ ਦੀਆਂ ਚੂੜੀਆਂ ਲੈ ਕੇ ਮੌਕੇ ਤੋਂ ਫ਼ਰਾਰ ਹੋ ਗਏ। ਘਟਨਾ ਦੀ ਜਾਂਚ ਲਈ ਪੁਲਸ ਦੀ ਟੀਮ ਮੌਕੇ 'ਤੇ ਪਹੁੰਚ ਗਈ ਹੈ।ਪੁਲਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਬਜ਼ੁਰਗ ਮਹਿਲਾ ਦੇ ਬੱਚੇ ਵਿਦੇਸ਼ ਵਿੱਚ ਰਹਿੰਦੇ ਹਨ। ਮਾਂ ਦੀ ਦੇਖਭਾਲ ਲਈ ਬੱਚਿਆਂ ਨੇ ਘਰ ਵਿੱਚ 7 ਕੇਅਰ ਟੇਕਰ (ਨੌਕਰ) ਰੱਖੇ ਹੋਏ ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਿਸ ਸਮੇਂ ਇਹ ਘਟਨਾ ਵਾਪਰੀ, ਉਸ ਸਮੇਂ ਘਰ ਵਿੱਚ ਕੋਈ ਵੀ ਕੇਅਰ ਟੇਕਰ ਮੌਜੂਦ ਨਹੀਂ ਸੀ। ਇਸ ਦੇ ਨਾਲ ਹੀ ਘਰ ਦੀ ਉੱਪਰਲੀ ਮੰਜ਼ਿਲ 'ਤੇ ਕਿਰਾਏਦਾਰ ਵੀ ਰਹਿੰਦੇ ਹਨ।ਜਾਂਚ ਅਧਿਕਾਰੀ ਜੈ ਇੰਦਰ ਸਿੰਘ ਨੇ ਦੱਸਿਆ ਕਿ ਘਟਨਾ ਸਵੇਰੇ 8:15 ਵਜੇ ਵਾਪਰੀ, ਪਰ ਇਸ ਦੀ ਜਾਣਕਾਰੀ 2 ਘੰਟੇ ਬਾਅਦ ਕਰੀਬ ਸਾਢੇ 10 ਵਜੇ ਮਿਲੀ। ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਪੀੜਤ 87 ਸਾਲਾ ਬਜ਼ੁਰਗ ਮਹਿਲਾ ਜਨਕ ਕੰਵਰ ਘਰ ਵਿੱਚ ਇਕੱਲੀ ਰਹਿੰਦੀ ਹੈ। ਉਸ ਦੇ ਸਾਰੇ ਬੱਚੇ ਵਿਦੇਸ਼ ਰਹਿੰਦੇ ਹਨ ਅਤੇ ਉਸ ਨੇ ਘਰ ਦੀ ਦੇਖਭਾਲ ਲਈ 7 ਨੌਕਰ ਰੱਖੇ ਹੋਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਘਟਨਾ ਦੇ ਸਮੇਂ ਕੋਈ ਵੀ ਘਰ ਵਿੱਚ ਮੌਜੂਦ ਨਹੀਂ ਸੀ। ਮਹਿਲਾ ਕੋਲ ਲੋਈ ਦੀ ਬੁੱਕਲ ਮਾਰੀ ਇੱਕ ਵਿਅਕਤੀ ਚਾਕੂ ਲੈ ਕੇ ਪਹੁੰਚਿਆ ਅਤੇ ਉਸਨੂੰ ਡਰਾਇਆ-ਧਮਕਾਇਆ। ਇਸ ਤੋਂ ਬਾਅਦ ਮਹਿਲਾ ਨੂੰ ਗਹਿਣੇ ਉਤਾਰਨ ਦੀ ਧਮਕੀ ਦਿੱਤੀ ਗਈ। ਇਸ ਦੌਰਾਨ ਮੁਲਜ਼ਮ ਮਹਿਲਾ ਦੀਆਂ 2 ਸੋਨੇ ਦੀਆਂ ਚੂੜੀਆਂ ਲੈ ਗਿਆ, ਹਾਲਾਂਕਿ ਉਹ ਵਾਲੀਆਂ ਅਤੇ ਹੋਰ ਗਹਿਣੇ ਲਿਜਾਣ ਵਿੱਚ ਨਾਕਾਮ ਰਿਹਾ।ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਵਿੱਚ ਕੇਅਰ ਟੇਕਰਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਕਿਰਾਏਦਾਰਾਂ ਵਿੱਚੋਂ ਇੱਕ ਹੀ ਘਰ ਮਿਲਿਆ, ਜਦਕਿ ਦੂਜਾ ਦਫ਼ਤਰ ਗਿਆ ਹੋਇਆ ਸੀ, ਜਿਸ ਨੂੰ ਵੀ ਥਾਣੇ ਬੁਲਾਇਆ ਗਿਆ ਹੈ। ਨੌਕਰਾਂ ਤੇ ਕਿਰਾਏਦਾਰਾਂ ਤੋਂ ਪੁੱਛਗਿੱਛ ਤੋਂ ਬਾਅਦ ਮਾਮਲੇ ਵਿੱਚ ਕੇਸ ਦਰਜ ਕੀਤਾ ਜਾਵੇਗਾ।

# ਅੱਖਾਂ ਦੇ ਮੁਫ਼ਤ ਅਪਰੇਸ਼ਨ ਕੈਂਪ 'ਚ 1884 ਮਰੀਜ਼ਾਂ ਦੀ ਜਾਂਚ, 690 ਅਪਰੇਸ਼ਨ ਲਈ ਚੁਣੇ



**ਆਦਮਪੁਰ (ਪਰਮਜੀਤ ਸਿੰਘ)**

ਲਾਇਨਜ਼ ਕਲੱਬ ਆਦਮਪੁਰ ਦੋਆਬਾ ਵੱਲੋਂ ਲਾਇਨਜ਼ ਆਈ ਹਸਪਤਾਲ ਚੈਰੀਟੇਬਲ ਸੁਸਾਇਟੀ ਦੀ ਦੇਖ ਰੇਖ ਹੇਠ ਲਾਇਨਜ਼ ਕਲੱਬ ਆਫ ਵੈਂਨਸਟਿੱਡ ਅਤੇ ਵੁਡਫੋਰਡ ਦੇ ਸਹਿਯੋਗ ਨਾਲ 45 ਵਾਂ ਅੱਖਾਂ ਦਾ ਮੁਫ਼ਤ ਅਪਰੇਸ਼ਨ ਕੈਂਪ ਸ਼ੁਰੂ ਹੋਇਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਚੇਅਰਮੈਨ ਦਸ਼ਵਿੰਦਰ ਚਾਂਦ ਨੇ ਦੱਸਿਆ ਕਿ ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ 1884 ਮਰੀਜ਼ਾਂ ਦੀ ਜਾਂਚ ਕਰ ਕੇ 690 ਮਰੀਜ਼ਾਂ ਨੂੰ ਅਪਰੇਸ਼ਨ ਲਈ ਚੁਣਿਆ ਤੇ ਸਮੂਹ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ ਅਤੇ ਜਿਨ੍ਹਾਂ ਦੇ ਅਪਰੇਸ਼ਨ ਚੁਣੇ ਗਏ ਉਹ ਲਗਾਤਾਰ ਇੱਕ ਹਫ਼ਤਾ ਅਲਟਰਾ ਮਾਡਰਨ ਫੀਕੋ ਵਿਧੀ ਨਾਲ ਕੀਤੇ ਜਾਣਗੇ ਜਿੱਥੇ ਮਰੀਜਾਂ ਦੇ ਰਹਿਣ ਸਹਿਣ ਖਾਣ ਪੀਣ ਦੇ ਸਾਰੇ ਇੰਤਜਾਮ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਇਸ ਕੈਂਪ ਦੌਰਾਨ 6 ਬੱਚਿਆਂ ਦੇ ਭੈਂਗਾਪਨ ਦੇ ਸਕਿੰਟ ਅਪਰੇਸ਼ਨ ਵੀ ਮੁਫ਼ਤ ਕੀਤਾ ਜਾਣਗੇ ਤੇ 12 ਜ਼ਰੂਰਤਮੰਦਾਂ ਨੂੰ ਟ੍ਰਾਈ ਸਾਈਕਲ ਵੀ ਮੁਫ਼ਤ ਦਿੱਤੇ ਗਏ।ਇਸ ਮੌਕੇ ਵਿਸ਼ੇਸ਼ ਤੌਰ ਤੇ ਇਸ ਕੈਂਪ ਵਿੱਚ ਸ਼ਾਮਲ ਹੋਣ ਆਏ ਲਾਇਨਜ਼ ਕਲੱਬ ਵੈਨਸਟੇਡ ਅਤੇ ਵੁਡਫੋਰਡ ਦੇ ਪ੍ਰਧਾਨ ਬਲਜਿੰਦਰ ਕੌਰ,ਖਜਾਨਚੀ ਕੁਲਵੀਰ ਸਿੰਘ,ਸਾਬਕਾ ਪ੍ਰਧਾਨ ਕੁਲਦੀਪ ਸਿੰਘ ਝੀਤਾ,ਦਲਜੀਤ ਕੌਰ ਝੀਤਾ,ਦਵਿੰਦਰ ਕੌਰ ਬਾਹਰਾ,ਅਮਰੀਕ ਸਿੰਘ ਸੰਧੂ,ਮੌਂਟੀ ਵਾਸ,ਜਤਿੰਦਰ ਸਿੰਘ,ਅਮਰਜੀਤ ਕੌਰ ਨੇ ਕਿਹਾ ਕਿ ਇਹ ਆਦਮਪੁਰ ਕਲੱਬ ਨਾਲ ਉਨ੍ਹਾਂ ਦਾ ਲਗਾਤਾਰ 8 ਵਾਂ ਕੈਂਪ ਹੈ ਤੇ ਉਨ੍ਹਾਂ ਨੂੰ ਖੁਸ਼ੀ ਅਤੇ ਤਸੱਲੀ ਹੈ ਕਿ ਇਸ ਸੰਸਥਾ ਵੱਲੋਂ ਹਰ ਸਾਲ ਲਗਾਤਾਰ ਮਰੀਜਾਂ ਦੀ ਸੇਵਾ ਪੂਰੀ ਤਨਦੇਹੀ ਨਾਲ ਕੀਤੀ ਜਾ ਰਹੀ ਹੈ ।ਇਸ ਮੌਕੇ ਵਿਸ਼ੇਸ਼ ਤੌਰ ਤੇ ਆਦਮਪੁਰ ਕਲੱਬ ਦੇ ਪ੍ਰਧਾਨ ਰਾਕੇਸ਼ ਚੋਢਾ ਨੇ ਸਭਨਾ ਦਾ ਧੰਨਵਾਦ ਵੀ ਕੀਤਾ।ਕੈਂਪ ਦੇ ਸ਼ੁਰੂਆਤੀ ਸਮਾਗਮ ਮੌਕੇ ਹਸਪਤਾਲ ਦੇ ਵਾਈਸ ਚੇਅਰਮੈਨ ਅਮਰਜੀਤ ਸਿੰਘ ਭੋਗਪੁਰੀਆ,ਜਗਦੀਸ਼ ਲਾਲ ਪਸਰੀਚਾ, ਰਘਵੀਰ ਸਿੰਘ ਵਿਰਦੀ, ਮੋਹਨ ਲਾਲ ਸ਼ਾਰਦਾ,ਰਾਜ ਕੁਮਾਰ ਪਾਲ, ਗੋਵਿੰਦਰ ਵਰਮਾ,ਅੰਮ੍ਰਿਤ ਪਾਲ ਸਿੰਘ, ਸੁਸ਼ੀਲ ਡੋਗਰਾ,ਵਿਨੋਦ ਟੰਡਨ, ਹਰਵਿੰਦਰ ਸਿੰਘ ਪਰਹਾਰ, ਅਕਸ਼ਰਦੀਪ ਸ਼ਰਮਾ, ਕੁਲਵੀਰ ਸਿੰਘ, ਬਲਰਾਮ ਵਰਮਾ, ਐੱਸ ਐੱਲ ਭਾਟੀਆ, ਸੁਖਦੇਵ ਸਿੰਘ ਰੂਪਰਾ, ਖੜਕ ਸਿੰਘ ਤੇ ਹੋਰ ਮੈਂਬਰ ਹਾਜ਼ਰ ਸਨ।

# ਬ੍ਰਹਮ ਗਿਆਨੀ ਸੰਤ ਬਾਬਾ ਰੱਖਾ ਸਿੰਘ ਦਾ ਬਰਸੀ ਸਮਾਗਮ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**

ਬ੍ਰਹਮ ਗਿਆਨੀ ਸੰਤ ਬਾਬਾ ਠਾਕੁਰ ਜੀ ਮਹਾਰਾਜ ਬ੍ਰਹਮ ਗਿਆਨੀ ਸੰਤ ਬਾਬਾ ਵਿਸਾਖਾ ਸਿੰਘ ਜੀ ਮਹਾਰਾਜ ਦੀ ਮਿੱਠੀ ਯਾਦ ਵਿੱਚ ਤੇ ਬ੍ਰਹਮ ਗਿਆਨੀ ਸੰਤ ਬਾਬਾ ਰੱਖਾ ਸਿੰਘ ਜੀ ਮਹਾਰਾਜ ਦਾ 34ਵਾਂ ਬਰਸੀ ਸਮਾਗਮ ਸੰਤ ਬਾਬਾ ਮਨਜੀਤ ਸਿੰਘ ਜੀ ਤੇ ਸੰਤ ਮੇਹਰ ਸਿੰਘ ਜੀ ਦੀ ਅਗਵਾਈ ਹੇਠ ਸਮੂਹ ਸਾਧ ਸੰਗਤ ਤੇ ਐੱਨ ਆਰ ਆਈ ਦੇ ਸਹਿਯੋਗ ਨਾਲ ਗੁਰਦੁਆਰਾ ਦੇਸ਼ ਭਗਤ ਸੰਤਪੁਰਾ ਪਿੰਡ ਕਾਲਰਾ ਜ਼ਿਲ੍ਹਾ ਜਲੰਧਰ ਵਿਖੇ ਮਨਾਇਆ ਗਿਆ। ਸਭ ਤੋਂ ਪਹਿਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ੍ਰੀ ਅਖੰਡ ਪਾਠ ਸਾਹਿਬਾਂ ਦੀ ਲੜੀ ਦੇ ਭੋਗ ਪਾਏ ਗਏ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਇਆ ਗਿਆ, ਜਿਸ ਦੌਰਾਨ ਭਾਈ ਬਲਜੀਤ ਸਿੰਘ ਦਿੱਲੀ ਵਾਲੇ, ਭਾਈ ਨਿਰਮਲ ਸਿੰਘ ਪੰਜਵੜ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਲਵਕੇਸ਼ ਸਿੰਘ ਜਲੰਧਰ, ਭਾਈ ਮਹਿਤਾਬ ਸਿੰਘ, ਹਰਮਨਪ੍ਰੀਤ ਸਿੰਘ ਤੇ ਹੋਰ ਜਥਿਆ ਵੱਲੋ ਆਈਆ ਸੰਗਤਾ ਨੂੰ ਗੁਰਬਾਣੀ ਕੀਰਤਨ ਰਾਹੀ ਨਿਹਾਲ ਕੀਤਾ ਗਿਆ। ਸੰਤ ਬਾਬਾ ਮਨਜੀਤ ਸਿੰਘ ਵੱਲੋ ਸਮੂਹ ਵੱਲੋ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਆਏ ਹੋਏ ਪਤਵੰਤੇ ਸੱਜਣਾ ਨੂੰ ਸਿਰੋਪਾਓ ਭੇਟ ਕਰ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੰਤ ਗੁਰਜੀਤ ਸਿੰਘ, ਸੰਤ ਰਵਿੰਦਰ ਸਿੰਘ, ਜਥੇਦਾਰ ਕਰਤਾਰ ਸਿੰਘ, ਗੁਰਮੁੱਖ ਸਿੰਘ, ਡਾਕਟਰ ਵਰਿੰਦਰ ਸਿੰਘ, ਜਥੇਦਾਰ ਕੇਵਲ ਸਿੰਘ, ਗੁਰਦੀਪ ਸਿੰਘ ਸਾਬਕਾ ਚੇਅਰਮੈਨ, ਮਨਜੀਤ ਸਿੰਘ ਡਮੁੰਡਾ, ਕੈਪਟਨ ਕੇਵਲ ਸਿੰਘ, ਬਲਦੇਵ ਸਿੰਘ, ਗੁਰਜੀਤ ਸਿੰਘ (ਏ.ਐਸ.ਆਈ) ਅਤੇ ਹੋਰ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

# ਰਾਸ਼ਟਰੀ ਮਹਿਲਾ ਦਿਵਸ 'ਤੇ ਸਮਾਰੋਹ ਕਰਵਾਇਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਰਾਸ਼ਟਰੀ ਮਹਿਲਾ ਦਿਵਸ ਦੇ ਮੌਕੇ 'ਤੇ ਇੱਕ ਵਿਸ਼ੇਸ਼ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਰਿਸਰਚ ਤੇ ਪ੍ਰਕਾਸ਼ਨ ਦੇ ਖੇਤਰ ਵਿੱਚ ਸ਼ਾਨਦਾਰ ਯੋਗਦਾਨ ਪਾਉਣ ਵਾਲੀਆਂ 50 ਤੋਂ ਵੱਧ ਮਹਿਲਾ ਫੈਕਲਟੀ ਮੈਂਬਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਇ ਖੰਨਾ ਅਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਚੰਦਰ ਮੋਹਨ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਉਨ੍ਹਾਂ ਨੇ ਮਹਿਲਾ ਪ੍ਰੋਫੈਸਰਾਂ ਨੂੰ ਸਨਮਾਨਤ ਕਰਦੇ ਹੋਏ ਉਨ੍ਹਾਂ ਦੇ ਸਮਰਪਣ, ਅਕਾਦਮਿਕ ਸ਼੍ਰੇਸ਼ਠਤਾ ਤੇ ਰਿਸਰਚ ਪ੍ਰਤੀ ਵਚਨਬੱਧਤਾ ਦੀ ਪ੍ਰਸ਼ੰਸਾ ਕੀਤੀ। ਆਪਣੇ ਸੰਬੋਧਨ ਵਿੱਚ ਅਵਿਨਾਸ਼ ਰਾਇ ਖੰਨਾ ਨੇ ਕਿਹਾ ਕਿ ਸਿੱਖਿਆ ਤੇ ਰਿਸਰਚ ਦੇ ਖੇਤਰ ਵਿੱਚ ਮਹਿਲਾਵਾਂ ਦੀ ਸਰਗਰਮ ਭਾਗੀਦਾਰੀ ਸਮਾਜ ਦੀ ਤਰੱਕੀ ਦਾ ਮਜ਼ਬੂਤ ਆਧਾਰ ਹੈ। ਵਾਈਸ ਚਾਂਸਲਰ ਡਾ. ਚੰਦਰ ਮੋਹਨ ਨੇ ਕਿਹਾ ਕਿ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਨੂੰ ਆਪਣੀਆਂ ਮਹਿਲਾ ਅਧਿਆਪਕਾਂ ਦੀਆਂ ਉਪਲਬਧੀਆਂ 'ਤੇ ਮਾਣ ਹੈ, ਜੋ ਲਗਾਤਾਰ ਰਿਸਰਚ, ਨਵਚੇਤਨਾ ਅਤੇ ਪ੍ਰਕਾਸ਼ਨਾਂ ਰਾਹੀਂ ਸੰਸਥਾ ਦਾ ਨਾਮ ਰੋਸ਼ਨ ਕਰ ਰਹੀਆਂ ਹਨ। ਕਾਰਜਕ੍ਰਮ ਦੇ ਅੰਤ ਵਿੱਚ ਯੂਨੀਵਰਸਿਟੀ ਦੇ ਡੀਨ ਡਾ. ਕੁਲਦੀਪ ਵਾਲੀਆ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਯੂਨੀਵਰਸਿਟੀ ਦੀਆਂ ਮਹਿਲਾ ਪ੍ਰੋਫੈਸਰਾਂ ਦੇ ਨਾਲ-ਨਾਲ ਸਮੂਹ ਸਟਾਫ ਵੀ ਮੌਜੂਦ ਸੀ।



# ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਾਲਾਨਾ ਕੀਰਤਨ ਦਰਬਾਰ ਕਰਵਾਇਆ

**ਟਾਂਡਾ ਉੜਮੁੜ/ਅੱਡਾ ਸਰਾਂ (ਜਸਵੀਰ ਕਾਜਲ,ਜਸਵਿੰਦਰ,ਉਂਕਾਰ)**-ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਉੜਮੁੜ ਵੱਲੋਂ ਸ੍ਰੀ ਗੁਰੂ ਤੇਗ ਬਹਾਦੁਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਸਾਲਾਨਾ ਕੀਰਤਨ ਦਰਬਾਰ ਕਰਵਾਇਆ ਗਿਆ, ਜਿਸ ਵਿਚ ਇਲਾਕੇ ਦੀਆਂ ਵੱਖ-ਵੱਖ ਧਾਰਮਿਕ, ਰਾਜਨੀਤਿਕ, ਕਿਸਾਨ ਜਥੇਬੰਦੀਆਂ ਅਤੇ ਸਮੂਹ ਹਿੰਦੂ ਜਥੇਬੰਦੀਆਂ ਦੇ ਆਗੂਆਂ ਵਲੋਂ ਹਾਜ਼ਰੀ ਲਵਾਈ ਗਈ। ਸੁਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਰਵੀ ਤੇ ਜਨਰਲ ਸਕੱਤਰ ਕਿਰਪਾਲ ਸਿੰਘ ਪੰਡੋਰੀ ਦੀ ਦੇਖ-ਰੇਖ ਵਿੱਚ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਕਰਵਾਏ ਗਏ ਇਸ ਕੀਰਤਨ ਦਰਬਾਰ ਵਿੱਚ ਸਭ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਸ਼ਮੇਸ਼ ਨਗਰ ਦੇ ਗੁਰਦੁਆਰਾ ਸਾਹਿਬ ਤੋਂ ਨਗਰ ਕੀਰਤਨ ਦੇ ਰੂਪ ਵਿਚ ਲਿਆਂਦੇ ਗਏ ਤੇ ਸਹਿਜ ਦੇ ਰੱਖੇ ਗਏ ਪਾਠ ਦੇ ਭੋਗ ਪਾਏ ਗਏ। ਉਪਰੰਤ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਭਾਈ ਸੁਰਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸੁਖਦੀਪ ਸਿੰਘ ਬੈਂਸ, ਬੀਬੀ ਜਤਿੰਦਰ ਕੌਰ ਆਨੰਦਪੁਰ ਸਾਹਿਬ, ਭਾਈ ਮਨਜੀਤ ਸਿੰਘ ਟਾਂਡਾ, ਭਾਈ ਵਰਿੰਦਰ ਸਿੰਘ ਖੱਖ, ਕਾਕਾ ਮਨਰਾਜ ਸਿੰਘ, ਕਾਕਾ ਗੁਰਮਨਪ੍ਰੀਤ ਸਿੰਘ ਦੇ ਰਾਗੀ ਜਥਿਆਂ ਵਲੋਂ ਗੁਰਬਾਣੀ ਕੀਰਤਨ ਅਤੇ ਭਾਈ ਸਰੂਪ ਸਿੰਘ ਕਦਿਆਨਾ ਦੇ ਢਾਡੀ ਜੱਥੇ ਵੱਲੋਂ ਢਾਡੀ ਵਾਰਾਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ ਤੇ ਜਿੰਦਾ ਸ਼ਹੀਦ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ, ਸੰਤ ਬਾਬਾ ਗੁਰਦਿਆਲ ਸਿੰਘ ਜੀ ਟਾਂਡਾ, ਸੰਤ ਬਾਬਾ ਪ੍ਰਿਤਪਾਲ ਸਿੰਘ ਜੀ ਮਿੱਠਾ ਟਿਵਾਣਾ, ਬਾਬਾ ਹਰਪ੍ਰੀਤ ਸਿੰਘ ਟਾਹਲੀ ਸਾਹਿਬ, ਬਾਬਾ ਤੇਜਵੀਰ ਸਿੰਘ ਅਜਨਾਲਾ, ਬਾਬਾ ਲਖਵੀਰ ਸਿੰਘ ਚੌਲਾਂਗ ਅਤੇ ਹੋਰ ਸੰਤਾਂ-ਮਹਾਂਪੁਰਸ਼ਾਂ ਵੱਲੋਂ ਹਾਜ਼ਰੀ ਲਵਾਈ ਗਈ। ਇਸ ਮੌਕੇ ਬਾਬਾ ਗੁਰਦਿਆਲ ਸਿੰਘ ਜੀ ਅਤੇ ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਵੱਲੋਂ ਸਾਂਝੇ ਤੌਰ ਤੇ ਬਾਕੀ ਮੈਂਬਰਾਂ ਦੀ ਹਾਜ਼ਰੀ ਵਿੱਚ ਸੁਸਾਇਟੀ ਵੱਲੋਂ ਪਿਛਲੇ ਦਿਨੀ ਕਰਵਾਏ ਗਏ ਗੁਰਬਾਣੀ ਕੀਰਤਨ ਅਤੇ ਗੁਰਬਾਣੀ ਕੰਠ ਮੁਕਾਬਲਿਆਂ 'ਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਏ ਬੱਚਿਆਂ ਨੂੰ ਨਗਦ ਇਨਾਮ ਅਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਡਾ. ਕੇਵਲ ਸਿੰਘ ਕਾਜਲ, ਡਾ. ਲਵਪ੍ਰੀਤ ਸਿੰਘ ਪਾਬਲਾ ਅਤੇ ਡਾ. ਅਮੋਲਕ ਸਿੰਘ ਮਰਵਾਹਾ ਵੱਲੋਂ ਆਪਣੀਆਂ ਟੀਮਾਂ ਨਾਲ ਮੁਫ਼ਤ ਮੈਡੀਕਲ ਕੈਂਪ ਲਗਾਏ ਗਏ। ਸਮੁੱਚੇ ਸਮਾਗਮ ਦੌਰਾਨ ਸਟੇਜ ਦੀ ਸੇਵਾ ਸੁਸਾਇਟੀ ਦੇ ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ। ਅੰਤ ਵਿੱਚ ਸੁਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਵੱਲੋਂ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਇਨ੍ਹਾਂ ਤੋਂ ਇਲਾਵਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ, ਜ਼ਿਲ੍ਹਾ ਪ੍ਰਧਾਨ ਸ੍ਰੋ.ਅ.ਦ. ਲਖਵਿੰਦਰ ਸਿੰਘ ਲੱਖੀ, ਹਲਕਾ ਇੰਚਾਰਜ ਅਰਵਿੰਦਰ ਸਿੰਘ ਰਸੂਲਪੁਰ, ਸੰਦੀਪ ਸਿੰਘ ਸੀਕਰੀ, ਕਮਲਜੀਤ ਸਿੰਘ ਕੁਲਾਰ, ਨਗਰ ਕੌਂਸਲ ਪ੍ਰਧਾਨ ਗੁਰਸੇਵਕ ਮਾਰਸ਼ਲ, ਸਨਾਤਨ ਧਰਮ ਸਭਾ ਤੋਂ ਦੀਪਕ ਬਹਿਲ, ਪਰਮਜੀਤ ਸਿੰਘ ਭੁੱਲਾ ਬਾਠ, ਜੰਗਵੀਰ ਸਿੰਘ ਚੌਹਾਨ, ਐਡਵੋਕੇਟ ਅਮਨਦੀਪ ਸਿੰਘ ਘੁੰਮਣ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਜਿੰਦਰ ਸਿੰਘ ਮਾਰਸ਼ਲ, ਸੁਖਵਿੰਦਰ ਸਿੰਘ ਅਰੋੜਾ, ਇੰਟਰਨੈਸ਼ਨਲ ਸਾਇਕਲਿਸਟ ਬਲਰਾਜ ਚੌਹਾਨ, ਲਖਵੀਰ ਸਿੰਘ ਖਾਲਸਾ, ਤਜਿੰਦਰ ਸਿੰਘ ਢਿੱਲੋਂ, ਸੁਖਨਿੰਦਰ ਕਲੋਟੀ, ਸੁਖਵਿੰਦਰ ਸਿੰਘ ਮੂਨਕ, ਕੇਸ਼ਵ ਸਿੰਘ ਸੈਣੀ, ਪ੍ਰਿਥੀਪਾਲ ਸਿੰਘ ਦਾਤਾ, ਸਰਬਜੀਤ ਸਿੰਘ ਮੋਮੀ, ਕਿਰਪਾਲ ਸਿੰਘ ਜਾਜਾ, ਨੰਬਰਦਾਰ ਜਗਜੀਵਨ ਜੱਗੀ, ਕ੍ਰਿਸ਼ਨ ਕੁਮਾਰ ਬਿੱਟੂ, ਲਖਵਿੰਦਰ ਮੁਲਤਾਨੀ, ਰਾਕੇਸ਼ ਬਿੱਟੂ, ਜਸਵਿੰਦਰ ਕਾਕਾ, ਹਰੀਕ੍ਰਿਸ਼ਨ ਸੈਣੀ ਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।



# 29 ਵਿਭਾਗਾਂ ਦੇ 271 ਕੇਡਰਾਂ ਲਈ ਆਨਲਾਇਨ ਟ੍ਰਾਂਸਫਰ ਮੁਹਿੰਮ ਦਾ ਦੂਜਾ ਪੜਾਅ ਜਲਦ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਸਰਕਾਰ ਮਾਡਲ ਆਨਲਾਇਨ ਟ੍ਰਾਂਸਫਰ ਪਾਲਿਸੀ ( ਐੱਮ ਓ ਟੀ ਪੀ) 2025 ਤਹਿਤ ਆਨਲਾਇਨ ਟ੍ਰਾਂਸਫਰ ਮੁਹਿੰਮ ਦੇ ਦੂਜੇ ਪੜਾਅ ਦੀ ਸ਼ੁਰੂਆਤ ਕਰਨ ਜਾ ਰਹੀ ਹੈ। ਇਸ ਪੜਾਅ ਵਿੱਚ 29 ਵਿਭਾਗਾਂ ਅਤੇ ਬੋਰਡਾਂ ਦੇ 271 ਕੈਡਰਾਂ ਨੂੰ ਸ਼ਾਮਲ ਕੀਤਾ ਜਾਵੇਗਾ।ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਸਬੰਧਿਤ ਵਿਭਾਗਾਂ ਨੇ ਇੰਟ੍ਰਾ ਹਰਿਆਣਾ ਪੋਰਟਲ ਤੇ ਕੰਮ ਕਰ ਰਹੇ ਰੇਗੂਲਰ ਕਰਮਚਾਰਿਆਂ ਦੇ ਡਾਟਾ ਦਾ ਸ਼ੁਰੂਆਤੀ ਅਪਡੇਟ ਕਰ ਦਿੱਤਾ ਹੈ।ਬੁਲਾਰੇ ਨੇ ਦੱਸਿਆ ਕਿ ਸਾਰੇ ਕਰਮਚਾਰੀ ਮਾਡਲ ਆਨਲਾਇਨ ਟ੍ਰਾਂਸਫਰ ਪਾਲਿਸੀ-2025 ਅਤੇ ਉਸ ਦੇ ਸਰੋਤਾਂ ਨੂੰ ਭਲੀ-ਭਾਂਤੀ ਪਢਣ ਅਤੇ 20 ਫਰਵਰੀ ਤੱਕ ਆਪਣੀ ਪ੍ਰੋਫਾਇਲ ਦਾ ਵੈਰੀਫਿਕੇਸ਼ਨ ਅਤੇ ਅਪਡੇਟ ਯਕੀਨੀ ਕਰਨ।

# ਉੱਦਮੀ ਮਹਿਲਾਵਾਂ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਕੀਤਾ ਜਾਵੇਗਾ ਸਨਮਾਨਤ : ਅਵਨੀਤ ਕੌਰ

**ਬਲਾਚੌਰ (ਜਸਵਿੰਦਰ ਬੈਂਸ)**

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉੱਦਮੀ ਮਹਿਲਾਵਾਂ ਨੂੰ ਉਤਸ਼ਾਹਿਤ ਕਰਨ ਲਈ ਪੀ ਐੱਸ ਆਰ ਐੱਲ ਐੱਮ ਵੱਲੋਂ ਰਾਜ ਪੱਧਰ 'ਤੇ 8 ਮਾਰਚ 2026 ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਸਨਮਾਨਤ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਨੂੰ ਰਾਜ ਪੱਧਰ ਦੇ ਨਾਲ-ਨਾਲ ਜ਼ਿਲ੍ਹਾ ਪੱਧਰ ਅਤੇ ਬਲਾਕ/ਹਲਕਾ ਪੱਧਰ 'ਤੇ ਵੀ ਕਰਵਾਇਆ ਜਾਣਾ ਹੈ ਤੇ ਜ਼ਿਲ੍ਹੇ ਦੇ ਹਰ ਬਲਾਕ/ਹਲਕੇ ਵਿੱਚ 100 ਉੱਦਮੀ ਮਹਿਲਾਵਾਂ ਦਾ ਸਨਮਾਨ ਕੀਤਾ ਜਾਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਯੋਗਤਾ, ਮਾਪਦੰਡ ਅਤੇ ਐਪਲੀਕੇਸ਼ਨ ਫਾਰਮ ਆਦਿ ਸਬੰਧੀ ਜਾਣਕਾਰੀ ਬੀ ਡੀ ਪੀ ਓ ਦਫਤਰ (ਪੇਂਡੂ ਖੇਤਰਾਂ ਲਈ) ਤੇ ਉਪ ਮੰਡਲ ਮੈਜਿਸਟਰੇਟ ਦਫਤਰ (ਸ਼ਹਿਰੀ ਖੇਤਰਾਂ ਲਈ) ਤੋਂ ਲੈ ਕੇ ਅਪਲਾਈ ਕੀਤਾ ਜਾ ਸਕਦਾ ਹੈ।ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਦੱਸਿਆ ਕਿ ਇਸ ਸਬੰਧੀ ਸਿਲੈਕਸ਼ਨ ਲਈ ਬਿਜ਼ਨਸ ਕੈਟਾਗਰੀਆਂ ਖੇਤ ਤੋਂ ਰਸੋਈ, ਸੇਵਾ ਤੋਂ ਸਵੈ-ਨਿਰਭਰਤਾ-ਸੇਵਾ ਖੇਤਰ ਦੇ ਉੱਦਮੀ, ਡਿਜੀਟਲ ਭੈਣਾਂ-ਤਕਨੀਕੀ-ਯੋਗ ਅਤੇ ਆਨਲਾਈਨ ਵਪਾਰ ਕਾਰੋਬਾਰ, ਹਰੇ ਯੋਧੇ-ਵਾਤਾਵਰਣ ਅਨੁਕੂਲ, ਟਿਕਾਊ ਤੇ ਰੀਸਾਈਕਲਿੰਗ ਉੱਦਮੀ, ਪਹਿਲੀ ਪਛਾਣ ਔਰਤਾਂ- ਨੌਜਵਾਨ, ਸਵੈ-ਸਹਾਇਤਾ ਸਮੂਹ ਅਤੇ ਪਹਿਲੀ ਪੀੜ੍ਹੀ ਦੇ ਉੱਦਮੀ, ਨੌਕਰੀ ਸਿਰਜਣਹਾਰ-ਮਹਿਲਾ ਉਤਪਤੀ ਰੁਜ਼ਗਾਰ, ਕਲਾ ਸਿਰਜਣਹਾਰ-ਕਲਾ, ਸ਼ਿਲਪਕਾਰੀ, ਡਿਜ਼ਾਈਨ ਅਤੇ ਹੱਥ ਨਾਲ ਬਣੇ ਉੱਦਮ, ਸਿਹਤ ਤੇ ਤੰਦਰੁਸਤੀ ਉੱਦਮੀ-ਦੇਖਭਾਲ, ਤੰਦਰੁਸਤੀ, ਪੋਸ਼ਣ, ਥੈਰੇਪੀ, ਸਿੱਖਿਆ ਅਤੇ ਸਿਖਲਾਈ ਉੱਦਮੀ-ਸਿੱਖਿਆ ਤੇ ਸਿਖਲਾਈ ਉੱਦਮੀ, ਸਮਾਜਿਕ ਪ੍ਰਭਾਵ ਚੈਂਪੀਅਨ-ਭਾਈਚਾਰੇ-ਸੰਚਾਲਿਤ ਅਤੇ ਉਦੇਸ਼-ਅਗਵਾਈ ਵਾਲੇ ਉੱਦਮ ਅਤੇ ਕੁੱਲ ਸ਼੍ਰੇਣੀ '30 ਤੋਂ ਘੱਟ 30' ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਬਲਾਕ/ਹਲਕਾ ਪੱਧਰ ਤੇ ਚੁਣੀਆਂ ਮਹਿਲਾਵਾਂ ਵਿੱਚੋਂ 100 ਮਹਿਲਾਵਾਂ ਦਾ ਜ਼ਿਲ੍ਹਾ ਪੱਧਰ 'ਤੇ ਸਨਮਾਨ ਕੀਤਾ ਜਾਣਾ ਹੈ ਤੇ ਜ਼ਿਲ੍ਹਾ ਪੱਧਰ 'ਤੇ ਚੁਣੀਆਂ ਗਈਆਂ ਮਹਿਲਾਵਾਂ ਵਿੱਚੋਂ 20 ਉੱਦਮੀ ਮਹਿਲਾਵਾਂ ਦਾ ਸਨਮਾਨ ਰਾਜ ਪੱਧਰ 'ਤੇ ਕੀਤਾ ਜਾਣਾ ਹੈ।



18 Feb Page 10.qxd 2/17/2026 10:34 PM Page 1



# ਪੁਲਸ ਅੱਤਿਆਚਾਰ ਖਿਲਾਫ ਥਾਣੇ ਮੂਹਰੇ ਧਰਨਾ ਜਾਰੀ

**● ਪੀੜਤ ਪਰਵਾਰ ਵੱਲੋਂ ਅਦਾਲਤੀ ਹੁਕਮ ਅਦੂਲੀ ਦੇ ਦੋਸ਼**

**ਜਗਰਾਓਂ (ਨਛੱਤਰ ਸੰਧੂ)**- ਕਰੀਬ ਦੋ ਦਹਾਕਿਆਂ ਤੋਂ ਪੁਲਸ ਹਿਰਾਸਤ 'ਚ ਅੱਤਿਆਚਾਰਾਂ ਖਿਲਾਫ ਇਨਸਾਫ਼ ਦੀ ਲੜਾਈ ਲੜ ਰਹੇ ਅਤੇ ਕਰੀਬ ਚਾਰ ਸਾਲਾਂ ਤੋਂ ਥਾਣੇ ਮੂਹਰੇ ਧਰਨੇ 'ਤੇ ਬੈਠੇ ਪੀੜਤਾਂ ਨੇ ਦਿਹਾਤੀ ਪੁਲਸ ਦੇ ਅਧਿਕਾਰੀਆਂ 'ਤੇ ਅਦਾਲਤੀ ਹੁਕਮ ਅਦੂਲੀ ਦੇ ਦੋਸ਼ ਲਗਾਏ ਹਨ।ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਪੀੜਤ ਇੰਜੀ. ਦਰਸ਼ਨ ਸਿੰਘ ਧਾਲੀਵਾਲ, ਇਕਬਾਲ ਸਿੰਘ ਰਸੂਲਪੁਰ ਤੇ ਪੀੜਤਾ ਸੁਰਿੰਦਰ ਕੌਰ ਰਸੂਲਪੁਰ ਨੇ ਕਿਹਾ ਕਿ ਸਾਲ 2005 ਤੋਂ ਰਾਜ ਤੇ ਕੇਂਦਰੀ ਸੰਵਿਧਾਨਕ ਕਮਿਸ਼ਨ ਦੋਸ਼ੀਆਂ ਖਿਲਾਫ ਕਾਰਵਾਈ ਕਰਨ ਦੀ ਸਿਫਾਰਸ਼ ਕਰ ਰਹੇ ਹਨ ਅਤੇ ਹੁਣ ਮਾਣਯੋਗ ਸਪੈਸ਼ਲ ਕੋਰਟ ਫਾਸਟ ਟਰੈਕ ਵੱਲੋਂ ਵੀ ਕਰੀਬ ਚਾਰ-ਪੰਜ ਹੁਕਮ ਜਾਰੀ ਕੀਤੇ ਜਾ ਚੁੱਕੇ ਹਨ, ਪਰ ਪੁਲਸ ਅਧਿਕਾਰੀ ਜਾਣ-ਬੁੱਝ ਕੇ ਬਨਦੀ ਰਿਪੋਰਟ ਨਹੀਂ ਭੇਜ ਰਹੇ।ਪੀੜਤ ਪਰਵਾਰ ਵੱਲੋਂ ਅਦਾਲਤੀ ਹੁਕਮ ਅਦੂਲੀ ਦੇ ਦੋਸ਼ ਲਗਾਏ ਹਨ।ਪੱਕੇ ਮੋਰਚੇ ਵਿੱਚ ਪਹੁੰਚੇ ਧਰਨਾਕਾਰੀ ਜਥੇਬੰਦੀਆਂ ਦੇ ਆਗੂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਪ੍ਰਧਾਨ ਅਤੇ ਭਾਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਪ੍ਰੀਤ ਸਿੰਘ ਢੋਲਣ ਨੇ ਪੁਲਸ ਅਧਿਕਾਰੀਆਂ ਦੇ ਵਤੀਰੇ ਦੀ ਨਿੰਦਾ ਕਰਦਿਆਂ 'ਪੰਜਾਬ ਸਰਕਾਰ ਮੁਰਦਾਬਾਦ' ਦੇ ਨਾਹਰੇ ਲਗਾਏ ਤੇ ਦੋਸ਼ੀਆਂ ਖਿਲਾਫ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਇਸ ਸਮੇਂ ਮੁਦੱਈ ਮੁਕੱਦਮਾ ਇਕਬਾਲ ਸਿੰਘ ਰਸੂਲਪੁਰ ਨੇ ਦੱਸਿਆ ਕਿ ਕਥਿਤ ਥਾਣਾ-ਮੁਖੀ ਗੁਰਿੰਦਰ ਬੱਲ ਨੇ ਗਿਣੀ-ਮਿਥੀ ਸਾਜ਼ਿਸ਼ ਤਹਿਤ ਪੀੜਤ ਮਾਤਾ ਸੁਰਿੰਦਰ ਕੌਰ, ਮਰਹੂਮ ਭੈਣ ਕੁਲਵੰਤ ਕੌਰ ਤੇ ਪੀੜਤਾ ਮਨਪ੍ਰੀਤ ਕੌਰ ਨੂੰ ਨਜਾਇਜ਼ ਹਿਰਾਸਤ 'ਚ ਰੱਖ ਕੇ ਤੀਜੇ ਦਰਜੇ ਦੇ ਤਸੀਹੇ ਦਿੱਤੇ ਸਨ ਅਤੇ ਅੱਤਿਆਚਾਰਾਂ ਕਾਰਨ ਪੀੜਤਾ ਕੁਲਵੰਤ ਕੌਰ ਦੀ ਮੌਤ ਹੋ ਗਈ ਸੀ ਅਤੇ ਬਾਅਦ ਵਿੱਚ ਦਰਜ ਕੀਤੇ ਅਧੂਰੇ ਮੁਕੱਦਮੇ ਵਿੱਚ ਜਾਣ-ਬੁੱਝ ਕੇ ਪੀੜਤਾ ਮਨਪ੍ਰੀਤ ਕੌਰ ਨੂੰ 'ਪੀੜਤ' ਵਜੋਂ ਸ਼ਾਮਲ ਹੀ ਨਹੀਂ ਕੀਤਾ ਗਿਆ।ਪੀੜਤਾ ਤੇ ਪਟੀਸ਼ਨਰ ਮਨਪ੍ਰੀਤ ਕੌਰ ਦੇ ਪਤੀ ਇੰਜੀ. ਦਰਸ਼ਨ ਸਿੰਘ ਧਾਲੀਵਾਲ ਨੇ ਦੱਸਿਆ ਕਿ ਪੁਲਸ ਅਧਿਕਾਰੀਆਂ ਦੇ ਪੱਖਪਾਤੀ ਵਤੀਰੇ ਖਿਲਾਫ਼ ਹੁਣ ਸਾਨੂੰ ਮਾਣਯੋਗ ਸਪੈਸ਼ਲ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ ਹੈ, ਪਰ ਫਾਸਟ ਟਰੈਕ ਕੋਰਟ ਦੇ ਅੱਧੀ ਦਰਜਨ ਹੁਕਮਾਂ ਦੇ ਬਾਵਜੂਦ ਪੁਲਸ ਅਧਿਕਾਰੀਆਂ ਨੇ ਬਨਦੀ ਰਿਪੋਰਟ ਨਾ ਭੇਜ ਕੇ ਅਦਾਲਤੀ ਹੁਕਮਾਂ ਦੀ ਉਲੰਘਣਾ ਕੀਤੀ ਹੈ।ਇਸ ਸਮੇਂ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਬਲਦੇਵ ਸਿੰਘ ਜਗਰਾਉਂ, ਪੀੜਤਾ ਸੁਰਿੰਦਰ ਕੌਰ, ਕਰਮਜੀਤ ਕੌਰ, ਬਲਜੀਤ ਕੌਰ, ਭਾਈ ਜਸਪ੍ਰੀਤ ਸਿੰਘ ਢੋਲਣ, ਅੰਮ੍ਰਿਤਪਾਲ ਸਿੰਘ ਢੋਰੂਰਾਈ, ਹਰਸ਼ਪ੍ਰੀਤ ਸਿੰਘ, ਬਲਵਿੰਦਰ ਕੁਮਾਰ ਆਦਿ ਹਾਜ਼ਰ ਸਨ।



# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਸਿਹਤ ਸੁਰੱਖਿਆ ਸੰਬੰਧੀ ਚਰਚਾ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜਾ)** : ਨਵਜੰਮੇ ਬੱਚਿਆਂ ਦੀ ਸਿਹਤ ਸੁਰੱਖਿਆ ਤੇ ਉਨ੍ਹਾਂ ਨੂੰ ਹੋਣ ਵਾਲੀਆਂ ਬਿਮਾਰੀਆਂ ਬਾਰੇ ਜਾਗਰੂਕਤਾ ਫੈਲਾਉਣ ਦੇ ਮਕਸਦ ਨਾਲ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ (ਰਜਿ. 295) ਬਲਾਕ ਫਰੀਦਕੋਟ ਦੀ ਮਹੱਤਵਪੂਰਨ ਮੀਟਿੰਗ ਡਾ. ਬੂੜ ਸਿੰਘ ਮੈਮੋਰੀਅਲ ਹਸਪਤਾਲ ਨੇੜੇ ਤਲਵੰਡੀ ਚੌਕ ਫਰੀਦਕੋਟ ਵਿਖੇ ਕੀਤੀ ਗਈ।ਇਸ ਮਹੱਤਵਪੂਰਨ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਡਾਕਟਰ ਸਾਥੀਆਂ ਨੇ ਹਾਜ਼ਰੀ ਭਰੀ। ਮੀਟਿੰਗ ਦੀ ਅਗਵਾਈ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਡਾ: ਰਛਪਾਲ ਸਿੰਘ ਸੰਧੂ ਤੇ ਬਲਾਕ ਪ੍ਰਧਾਨ ਡਾ. ਅੰਮ੍ਰਿਤਪਾਲ ਸਿੰਘ ਟਹਿਣਾ ਨੇ ਬੱਚਿਆਂ ਦੇ ਮਾਹਰ ਡਾ. ਪਰਮਿੰਦਰ ਕੌਰ ਤੇ ਡਾ. ਉਪਿੰਦਰ ਪਾਲ ਸਿੰਘ ਨੂੰ ਜੀ ਆਇਆਂ ਆਖਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਪਰਮਿੰਦਰ ਕੌਰ ਤੇ ਡਾ. ਉਪਿੰਦਰ ਪਾਲ ਸਿੰਘ ਨੇ ਨਵਜੰਮੇ ਬੱਚਿਆਂ ਵਿੱਚ ਪਾਈਆਂ ਜਾਣ ਵਾਲੀਆਂ ਆਮ ਤੇ ਗੰਭੀਰ ਬਿਮਾਰੀਆਂ, ਉਨ੍ਹਾਂ ਦੇ ਸ਼ੁਰੂਆਤੀ ਲੱਛਣ, ਸਮੇਂ ਸਿਰ ਇਲਾਜ ਤੇ ਬਚਾਵ ਦੇ ਉਪਾਅ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੰਦਿਆਂ ਕਿਹਾ ਕਿ ਨਵਜੰਮੇ ਬੱਚਿਆਂ ਦੀ ਪਹਿਲੇ ਕੁਝ ਦਿਨਾਂ ਦੀ ਸੰਭਾਲ ਬਹੁਤ ਹੀ ਅਹਿਮ ਹੁੰਦੀ ਹੈ ਤੇ ਮਾਪਿਆਂ ਨੂੰ ਇਸ ਦੌਰਾਨ ਡਾਕਟਰੀ ਸਲਾਹ ਅਨੁਸਾਰ ਪੂਰੀ ਸਾਵਧਾਨੀ ਵਰਤਣੀ ਚਾਹੀਦੀ ਹੈ।ਉਨ੍ਹਾਂ ਟੀਕਾਕਰਨ, ਪੋਸ਼ਣ ਤੇ ਸਫ਼ਾਈ ਦੀ ਮਹੱਤਤਾ 'ਤੇ ਵੀ ਖਾਸ ਜ਼ੋਰ ਦਿੱਤਾ। ਮੀਟਿੰਗ ਦੀ ਜਾਣਕਾਰੀ ਦਿੰਦਿਆਂ ਪ੍ਰੈੱਸ ਸਕੱਤਰ ਡਾ. ਯਸ਼ਪਾਲ ਗੁਲਾਟੀ ਨੇ ਦੱਸਿਆ ਕਿ ਇਸ ਮੌਕੇ ਡਾ. ਗੁਰਚਰਨ ਸਿੰਘ ਪੱਖੀ, ਡਾ. ਸੰਦੀਪ ਸੁੱਖਣਵਾਲਾ, ਡਾ. ਵਿਜੇਪਾਲ ਕੰਮੇਆਣਾ, ਡਾ. ਬੂਟਾ ਸਿੰਘ ਧੁੜਕੋਟ, ਡਾ. ਹਰਭਜਨ ਸਿੰਘ ਖਾਲਸਾ, ਡਾ. ਗੁਰਦੀਪ ਸਿੰਘ ਕਾਬਲਵਾਲਾ, ਡਾ. ਕੁਲਵੰਤ ਸਿੰਘ, ਡਾ. ਜਗਮੇਲ ਸਿੰਘ ਚੰਦਬਾਜਾ, ਡਾ. ਗੁਰਮੀਤ ਸਿੰਘ ਢੁੱਡੀ, ਡਾ. ਇੰਦਰਜੀਤ ਸਿੰਘ, ਡਾ. ਦੀਪਕ, ਡਾ. ਪ੍ਰਦੀਪ ਕੁਮਾਰ ਸਮੇਤ ਵੱਡੀ ਗਿਣਤੀ ਵਿੱਚ ਡਾਕਟਰ ਸਾਥੀ ਹਾਜ਼ਰ ਸਨ।



# ਨਾਬਾਲਗ ਲੜਕੀ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ 'ਤੇ ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਥਾਣਾ ਕੂੰਮਕਲਾਂ ਪੁਲਸ ਵੱਲੋਂ ਇੱਕ ਨਾਬਾਲਗ ਲੜਕੀ ਦਾ ਇਤਰਾਜ਼ਯੋਗ ਵੀਡੀਓ ਕਲਿੱਪ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ 'ਤੇ ਪੁਲਸ ਨੇ ਇੱਕ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮ ਦੀ ਪਹਿਚਾਣ ਮੁੰਦਰ ਸਿੰਘ ਵਾਸੀ ਹੈਦਰ ਨਗਰ ਵਜੋਂ ਹੋਈ ਹੈ। ਪੁਲਸ ਕੋਲ ਨਾਬਾਲਗ ਲੜਕੀ ਦੇ ਪਿਤਾ ਨੇ ਬਿਆਨ ਦਰਜ ਕਰਵਾਏ ਕਿ ਉਸ ਨੇ ਪਿਛਲੇ ਸਾਲ 21-3-2025 ਨੂੰ ਸੁਖਵਿੰਦਰ ਸਿੰਘ ਖਿਲਾਫ਼ ਥਾਣਾ ਕੂੰਮਕਲਾਂ ਵਿੱਚ ਪੋਸਕੋ ਐਕਟ ਤਹਿਤ ਮਾਮਲਾ ਦਰਜ ਕਰਵਾਇਆ ਸੀ ਤੇ ਮੁਲਜ਼ਮ ਉਸ ਸਮੇਂ ਤੋਂ ਫ਼ਰਾਰ ਚੱਲਿਆ ਆ ਰਿਹਾ ਸੀ। ਬਿਆਨਕਰਤਾ ਅਨੁਸਾਰ, ਜਿਸ ਦਿਨ ਤੋਂ ਉਸ ਨੇ ਮਾਮਲਾ ਦਰਜ ਕਰਵਾਇਆ, ਸੁਖਵਿੰਦਰ ਸਿੰਘ ਦਾ ਸਾਰਾ ਪਰਿਵਾਰ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਧਮਕੀਆਂ ਦੇ ਕੇ ਦਬਾਅ ਪਾ ਰਿਹਾ ਹੈ ਕਿ ਦਰਜ ਕਰਵਾਏ ਮਾਮਲੇ ਸਬੰਧੀ ਰਾਜ਼ੀਨਾਮਾ ਕਰ ਲਵੇ। ਇਸ ਮਾਮਲੇ ਸਬੰਧੀ ਮੁਲਜ਼ਮ ਸੁਖਵਿੰਦਰ ਸਿੰਘ ਦੀਆਂ ਮਾਣਯੋਗ ਅਦਾਲਤਾਂ ਤੋਂ ਜ਼ਮਾਨਤਾਂ ਖਾਰਿਜ ਹੋ ਚੁੱਕੀਆਂ ਹਨ। ਬਿਆਨਕਰਤਾ ਅਨੁਸਾਰ ਸੋਸ਼ਲ ਮੀਡੀਆ 'ਤੇ ਇੱਕ ਵੱਟਸਐਪ ਗਰੁੱਪ ਵਿੱਚ 10 ਫਰਵਰੀ 2026 ਨੂੰ ਮੇਰੀ ਨਾਬਾਲਗ ਲੜਕੀ ਦਾ ਇਤਰਾਜ਼ਯੋਗ ਵੀਡੀਓ ਕਲਿੱਪ ਵਾਇਰਲ ਕਰ ਦਿੱਤਾ ਗਿਆ। ਜਦੋਂ ਵੀਡੀਓ ਬਾਰੇ ਪਤਾ ਕੀਤਾ ਤਾਂ ਇਹ ਮੁਲਜ਼ਮ ਸੁਖਵਿੰਦਰ ਸਿੰਘ ਦੇ ਭਰਾ ਮੁੰਦਰ ਸਿੰਘ ਦੇ ਨੰਬਰ ਤੋਂ ਵਾਇਰਲ ਕੀਤੀ ਹੋਈ ਸੀ। ਪੁਲਸ ਵੱਲੋਂ ਬਿਆਨਾਂ ਦੇ ਅਧਾਰ 'ਤੇ ਮੁੰਦਰ ਸਿੰਘ ਖਿਲਾਫ਼ 67-ਬੀ ਧਾਰਾ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ, ਪਰ ਅਜੇ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ ਹੋਈ।

# ਮਾਤਾ ਗੁਜਰੀ ਕਾਲਜ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਖ਼ੂਨਦਾਨ ਕੈਂਪ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਮਾਤਾ ਗੁਜਰੀ ਕਾਲਜ ਦੇ ਐੱਨ.ਐੱਸ.ਐੱਸ. ਯੂਨਿਟ ਵੱਲੋਂ ਵਿਸ਼ੇਸ਼ ਖ਼ੂਨਦਾਨ ਕੈਂਪ ਲਾਇਆ ਗਿਆ, ਜਿਸ ਵਿੱਚ ਕਾਲਜ ਦੇ 97 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲੈ ਕੇ ਖ਼ੂਨ ਦਾਨ ਕੀਤਾ।ਇਸ ਕੈਂਪ ਵਿੱਚ ਕਾਲਜ ਦੇ ਵਿਦਿਆਰਥੀਆਂ ਤੇ ਸਟਾਫ਼ ਮੈਂਬਰਾਂ ਦੁਆਰਾ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਲਈ ਕੁੱਲ 97 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਖ਼ੂਨਦਾਨ ਸਰਵੋਤਮ ਦਾਨ ਹੈ ਤੇ ਕਾਲਜ ਦੇ ਵਿਦਿਆਰਥੀਆਂ ਨੇ ਖ਼ੂਨਦਾਨ ਕੈਂਪ ਵਿੱਚ ਵੱਧ ਚੜ੍ਹ ਕੇ ਹਿੱਸਾ ਲੈ ਕੇ ਸਮਾਜ ਪ੍ਰਤੀ ਆਪਣੇ ਸੁਹਿਰਦ ਯੋਗਦਾਨ ਦੀ ਅਹਿਮ ਭੂਮਿਕਾ ਨਿਭਾਈ ਹੈ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਵਿੱਚ ਮਨੁੱਖਤਾ ਦੀ ਸੇਵਾ ਭਾਵਨਾ ਤੇ ਨੈਤਿਕ ਕਦਰਾਂ ਕੀਮਤਾਂ ਦੀ ਉਸਾਰੀ ਕਰਨ ਵਿੱਚ ਖ਼ੂਨਦਾਨ ਕੈਂਪ ਅਹਿਮ ਭੂਮਿਕਾ ਨਿਭਾਉਂਦੇ ਹਨ।ਇਸ ਮੌਕੇ ਕਾਲਜ ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਐੱਨ.ਐੱਸ.ਐੱਸ. ਅਫ਼ਸਰ ਪ੍ਰੋ. ਬੀਰਇੰਦਰ ਸਿੰਘ ਸਰਾਓ, ਪ੍ਰੋ. ਰਵਿੰਦਰ ਕੌਰ, ਪ੍ਰੋ. ਹਰਬਿੰਦਰ ਸਿੰਘ, ਡਾ. ਨੈਨਾ ਖੁੱਲ੍ਹਰ ਤੇ ਐੱਨ.ਸੀ.ਸੀ. ਅਫ਼ਸਰ ਡਾ. ਪੁਸ਼ਪਿੰਦਰ ਸਿੰਘ ਮੌਜੂਦ ਸਨ।



# ਪਟਿਆਲਾ ਵਿਰਾਸਤੀ ਮੇਲੇ 'ਚ ਲੋਕਾਂ ਨੂੰ ਵੱਧ ਚੜ੍ਹ ਕੇ ਸ਼ਮੂਲੀਅਤ ਕਰਨ ਦਾ ਸੱਦਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪਟਿਆਲਾ ਦੇ ਡਿਪਟੀ ਕਮਿਸ਼ਨਰ ਵਰਜੀਤ ਵਾਲੀਆ ਨੇ ਪਟਿਆਲਾ ਵਿਰਾਸਤੀ ਮੇਲੇ-2026 ਤਹਿਤ ਕਿਲਾ ਮੁਬਾਰਕ ਵਿਖੇ 21 ਤੇ 22 ਫਰਵਰੀ ਦੀ ਸ਼ਾਮ ਨੂੰ ਕਰਵਾਈ ਜਾਣ ਵਾਲੀ ਸ਼ਾਸਤਰੀ ਸੰਗੀਤ ਤੇ ਸੂਫ਼ੀਆਨਾ ਸ਼ਾਮ ਦੇ ਪੋਸਟਰ ਜਾਰੀ ਕੀਤੇ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਪਟਿਆਲਾ ਜ਼ਿਲ੍ਹਾ ਨਿਵਾਸੀਆਂ ਨੂੰ ਪੰਜਾਬ ਦੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ ਵੀ ਦਿੱਤਾ।ਇਸ ਮੌਕੇ ਏ.ਡੀ.ਸੀ. (ਜ) ਸਿਮਰਪ੍ਰੀਤ ਕੌਰ, ਐੱਸ.ਡੀ.ਐੱਮ. ਸਮਾਣਾ ਤੇ ਨੋਡਲ ਅਫ਼ਸਰ ਰਿਚਾ ਗੋਇਲ, ਮੁੱਖ ਮੰਤਰੀ ਫੀਲਡ ਅਫ਼ਸਰ ਸਤਿੰਦਰ ਚੰਦਰ ਸਮੇਤ ਹੋਰ ਅਧਿਕਾਰੀ ਮੌਜੂਦ ਸਨ। ਸ੍ਰੀ ਵਾਲੀਆ ਨੇ ਦੱਸਿਆ ਕਿ 21 ਫਰਵਰੀ ਦੀ ਸ਼ਾਮ 6 ਵਜੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੀ ਉੱਘੀ ਗਾਇਕਾ ਰੌਣਕਿਨੀ ਗੁਪਤਾ ਦਾ ਗਾਇਨ ਹੋਵੇਗਾ।ਇਸ ਮੌਕੇ ਉਨ੍ਹਾਂ ਨਾਲ ਪ੍ਰਸਿੱਧ ਤਬਲਾਵਾਦਕ ਅਸ਼ੀਸ਼ ਰਾਗਵਾਨੀ ਤੇ ਹਰਮੋਨੀਅਮ 'ਤੇ ਤਨਮਯ ਮਿਸਰਾ ਸੰਗਤ ਕਰਨਗੇ, ਜਦੋਂਕਿ ਇਨ੍ਹਾਂ ਤੋਂ ਬਾਅਦ ਅਨੁਪਮਾ ਭਾਗਵਤ ਦੀ ਸਿਤਾਰ, ਦੇਬਸ਼ ਮਿਸ਼ਰਾ ਭੱਟਾਚਾਰੀਆ ਦਾ ਸਰੋਦ, ਪ੍ਰਤੀਕ ਅਭਿਸ਼ੇਕ ਮਿਸ਼ਰਾ ਦਾ ਤਬਲਾ ਤੇ ਏ ਅਵਧਾਨੀ ਦੇ ਮਿਰਦੰਗਮ ਦੀ ਚੌਗੁਲਬੰਦੀ ਹੋਵੇਗੀ।ਵਿਰਾਸਤੀ ਮੇਲੇ ਦੀ ਸਮਾਪਤੀ ਵਾਲੀ ਸ਼ਾਮ 22 ਫਰਵਰੀ ਨੂੰ ਕਿਲ੍ਹਾ ਮੁਬਾਰਕ ਵਿਖੇ ਪਟਿਆਲਾ ਦੇ ਉੱਘੇ ਫ਼ਨਕਾਰ ਅਮਨਦੀਪ ਸਿੰਘ ਦਾ ਦਿਲਰੁਬਾ ਵਾਦਨ ਤੇ ਲੋਕ ਗਾਇਕੀ ਸਮੇਤ ਸੂਫ਼ੀ ਨੌਜਵਾਨ ਕੱਵਾਲ (ਇਮਰਾਨ) ਖ਼ਾਨ ਸਾਬ੍ਰੀ ਦੀ ਦਿਲਕਸ਼ ਗਾਇਕੀ ਹੋਵੇਗੀ।



# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਖੰਨਾ ਪੁਲਸ ਵੱਲੋਂ ਵੱਡੀ ਕਾਰਵਾਈ

**ਦੋਰਾਹਾ (ਹਰਮਿੰਦਰ ਸੇਠ)** ਮਾਣਯੋਗ ਡੀ.ਜੀ.ਪੀ., ਪੰਜਾਬ ਪੁਲਸ ਤੇ ਮਾਣਯੋਗ ਡੀ.ਆਈ.ਜੀ. ਲੁਧਿਆਣਾ ਰੇਂਜ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐੱਸ.ਐੱਸ.ਪੀ. ਖੰਨਾ ਡਾਕਟਰ ਦਰਪਣ ਆਹਲੂਵਾਲੀਆ (ਆਈ.ਪੀ.ਐੱਸ.) ਦੀ ਦੇਖ-ਰੇਖ ਹੇਠ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਖੰਨਾ ਪੁਲਸ ਵੱਲੋਂ 1 ਜਨਵਰੀ 2026 ਤੋਂ 15 ਫਰਵਰੀ 2026 ਤੱਕ ਵਿਸ਼ੇਸ਼ ਮੁਹਿੰਮ ਚਲਾਈ ਗਈ।ਇਸ ਮੁਹਿੰਮ ਦੌਰਾਨ ਪੁਲਸ ਵੱਲੋਂ ਕੁੱਲ 229 ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਤੇ 342 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ।ਇਸ ਤੋਂ ਇਲਾਵਾ 5,36,000 ਦੀ ਡਰੱਗ ਮਨੀ ਵੀ ਬਰਾਮਦ ਕੀਤੀ ਗਈ। ਕਾਰਵਾਈ ਦੌਰਾਨ 6 ਕਿੱਲੋ 234 ਗ੍ਰਾਮ 73 ਮਿਲੀਗ੍ਰਾਮ ਹੈਰੋਇਨ, 15 ਕਿੱਲੋ 500 ਗ੍ਰਾਮ ਪੋਸਤ, 18 ਕਿੱਲੋ 500 ਗ੍ਰਾਮ ਗਾਂਜਾ, 63 ਗ੍ਰਾਮ ਨਸ਼ੀਲਾ ਪਾਊਡਰ ਤੇ 1 ਕਿੱਲੋ ਅਫੀਮ ਬਰਾਮਦ ਕੀਤੀ ਗਈ। ਪੁਲਸ ਵੱਲੋਂ 7 ਪਿਸਤੌਲ, 4 ਮੈਗਜ਼ੀਨ, 29 ਕਾਰਤੂਸ, 4749 ਕੈਪਸੂਲ ਤੇ 1209 ਗੋਲੀਆਂ ਵੀ ਕਬਜ਼ੇ ਵਿੱਚ ਲਈਆਂ ਗਈਆਂ।ਇਹ ਬਰਾਮਦਗੀਆਂ ਜ਼ਿਲ੍ਹੇ ਵਿੱਚ ਨਾਕਾਬੰਦੀ, ਛਾਪੇਮਾਰੀ ਤੇ ਨਿਗਰਾਨੀ ਦੌਰਾਨ ਕੀਤੀਆਂ ਗਈਆਂ ਤਾਂ ਜੋ ਨਸ਼ਾ ਤਸਕਰੀ ਤੇ ਅਪਰਾਧਿਕ ਗਤੀਵਿਧੀਆਂ 'ਤੇ ਨਕੇਲ ਕੱਸੀ ਜਾ ਸਕੇ ਅਤੇ ਕਾਨੂੰਨ-ਵਿਵਸਥਾ ਨੂੰ ਬਣਾਈ ਰੱਖਿਆ ਜਾ ਸਕੇ।

# ਸਰਕਾਰੀ ਹਸਪਤਾਲ ਵਿਖੇ ਫਰੀ ਆਯੁਰਵੈਦਿਕ ਤੇ ਹੋਮਿਓਪੈਥਿਕ ਕੈਂਪ

**ਕੋਟ ਈਸੇ ਖਾਂ (ਅਰੋੜਾ)**- ਸਰਕਾਰੀ ਹਸਪਤਾਲ ਕੋਟ ਈਸੇ ਖਾਂ ਵਿਖੇ ਮੁਫ਼ਤ ਆਯੁਰਵੈਦਿਕ ਤੇ ਹੋਮਿਓਪੈਥਿਕ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਲਗਭਗ 687 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ, ਜਿਸ ਵਿੱਚ ਆਯੁਰਵੈਦਿਕ ਵਿਭਾਗ ਵੱਲੋਂ 351 ਤੇ ਹੋਮਿਓਪੈਥੀ ਵਿਭਾਗ ਵੱਲੋਂ 336 ਮਰੀਜ਼ਾਂ ਦਾ ਮਾਹਰ ਡਾਕਟਰਾਂ ਵੱਲੋਂ ਚੈੱਕਅਪ ਕੀਤਾ ਗਿਆ ਅਤੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ।ਕੈਂਪ ਦੌਰਾਨ ਆਯੁਰਵੈਦਿਕ ਵਿਭਾਗ ਤੋਂ ਡਾਕਟਰ ਸਿਮਰਜੀਤ ਕੌਰ ਏ ਐੱਮ ਓ, ਡਾਕਟਰ ਸਵਿੰਦਰ ਸੋਨੀਆ ਏ ਐੱਮ ਓ ਤੇ ਹੋਮਿਓਪੈਥੀ ਵਿਭਾਗ ਤੋਂ ਡਾਕਟਰ ਰਣਜੀਤ ਸਿੰਘ ਐੱਸ ਐੱਮ ਓ ਅਤੇ ਰਾਜਵਿੰਦਰ ਸਿੰਘ ਡਿਸਪੈਂਸਰ, ਗੁਰਜਿੰਦਰ ਸਿੰਘ ਉਪਵੈਦ, ਅਮਨਦੀਪ ਸਿੰਘ ਉਪਵੈਦ, ਰਾਜ ਕੁਮਾਰ ਉਪਵੈਦ, ਮਨਪ੍ਰੀਤ ਸਿੰਘ ਉਪਵੈਦ, ਮਨਦੀਪ ਸਿੰਘ ਉਪਵੈਦ ਤੇ ਸ੍ਰੀਮਤੀ ਲਖਵੰਤ ਕੌਰ ਟ੍ਰੇਡ ਦਾਈ ਵੱਲੋਂ ਡਿਊਟੀ ਨਿਭਾਈ ਗਈ।



# ਦਫਤਰੀਵਾਲਾ ਦੇ ਨੌਜਵਾਨ ਭਾਜਪਾ 'ਚ ਸ਼ਾਮਲ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)** : ਭਾਰਤੀ ਜਨਤਾ ਪਾਰਟੀ ਨੂੰ ਉਸ ਵੇਲੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਹੁਲਾਰਾ ਮਿਲਿਆ, ਜਦੋਂ ਪਿੰਡ ਦਫਤਰੀ ਵਾਲਾ ਦੇ ਕਈ ਨੌਜਵਾਨ ਭਾਜਪਾ ਵਿੱਚ ਸ਼ਾਮਲ ਹੋ ਗਏ।ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਇਨ੍ਹਾਂ ਨੌਜਵਾਨਾਂ ਦਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਸਵਾਗਤ ਕਰਦਿਆਂ ਪਾਰਟੀ ਵਿੱਚ ਹਰ ਸੰਭਵ ਮਾਨ ਸਨਮਾਨ ਦਾ ਭਰੋਸਾ ਦਿੱਤਾ ਹੈ। ਪਿੰਡ ਦਫਤਰੀਵਾਲਾ ਤੋਂ ਨੌਜਵਾਨ ਮਨਿੰਦਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਸ਼ਾਮਲ ਹੋਏ ਨੌਜਵਾਨ ਡਾ. ਹਰਵਿੰਦਰ ਸਿੰਘ ਢਿੱਲੋਂ, ਜਗਤਾਰ ਸਿੰਘ ਤੇ ਰਵਿੰਦਰ ਸਿੰਘ ਦਾ ਸਵਾਗਤ ਕਰਦੇ ਹੋਏ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚਲੀ ਕੇਂਦਰ ਸਰਕਾਰ ਲੋਕ ਭਲਾਈ ਦੀਆਂ ਨੀਤੀਆਂ ਉੱਤੇ ਚੱਲ ਰਹੀ ਹੈ।ਸਰਕਾਰ ਵੱਲੋਂ ਲਗਾਤਾਰ ਜਿੱਥੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ, ਉਥੇ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਦੇਸ਼ ਲਗਾਤਾਰ ਮਜ਼ਬੂਤੀ ਨਾਲ ਅੱਗੇ ਵੱਧ ਰਿਹਾ ਹੈ।ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਨੂੰ ਹਰ ਸੰਭਵ ਮਾਨ ਸਨਮਾਨ ਦਾ ਭਰੋਸਾ ਦਿੰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਮਿਹਨਤੀ ਲੋਕਾਂ ਦੀ ਹਮੇਸ਼ਾ ਕਦਰ ਕਰਦੀ ਹੈ।ਇਸ ਮੌਕੇ ਸਰਕਲ ਪ੍ਰਧਾਨ ਪ੍ਰੇਮ ਚੰਦ ਕਾਂਸਲ, ਜ਼ਿਲ੍ਹਾ ਸਕੱਤਰ ਰਮੇਸ਼ ਬੱਤਰਾ ਮੌਜੂਦ ਸਨ।



# ਛਾਜਲੀ ਦੇ ਸ਼ਿਵਰਾਤਰੀ ਸਮਾਗਮ 'ਚ ਵਿੱਤ ਮੰਤਰੀ ਚੀਮਾ ਨੇ ਕੀਤੀ ਸ਼ਿਰਕਤ

**ਦਿੜ੍ਹਬਾ (ਜਸਵੀਰ ਲਾਡੀ)**- ਮਹਾਂਸ਼ਿਵਰਾਤਰੀ ਦੇ ਪਾਵਨ ਦਿਹਾੜੇ ਮੌਕੇ ਪਿੰਡ ਛਾਜਲੀ ਦੇ ਲਗਭਗ 150 ਸਾਲ ਪੁਰਾਣੇ ਇਤਿਹਾਸਕ ਸ਼ਿਵ ਮੰਦਰ ਵਿੱਚ ਵਿਸ਼ਾਲ ਧਾਰਮਿਕ ਸਮਾਗਮ ਕੀਤਾ ਗਿਆ।ਇਸ ਸਮਾਗਮ ਵਿੱਚ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦੇ ਹੋਏ ਸੰਗਤ ਨੂੰ ਸ਼ਿਵਰਾਤਰੀ ਦੀਆਂ ਵਧਾਈਆਂ ਦਿੱਤੀਆਂ ਤੇ ਭਗਵਾਨ ਸ਼ਿਵ ਜੀ ਅੱਗੇ ਮੱਥਾ ਟੇਕਿਆ।ਸੰਗਤ ਨੂੰ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਧਰਮ ਮਨੁੱਖੀ ਜੀਵਨ ਦੀ ਮਜ਼ਬੂਤ ਨੀਂਹ ਹੈ ਤੇ ਧਾਰਮਿਕ ਮਰਿਆਦਾਵਾਂ ਨਾਲ ਜੁੜ ਕੇ ਹੀ ਸਮਾਜ ਵਿੱਚ ਤਰੱਕੀ ਸੰਭਵ ਹੈ।ਉਨ੍ਹਾਂ ਕਾਮਨਾ ਕੀਤੀ ਕਿ ਭਗਵਾਨ ਸ਼ਿਵ ਜੀ ਦੀ ਕਿਰਪਾ ਸਾਰਿਆਂ 'ਤੇ ਬਣੀ ਰਹੇ ਅਤੇ ਪਿੰਡ ਤੇ ਇਲਾਕੇ ਵਿੱਚ ਖੁਸ਼ਹਾਲੀ ਆਵੇ।ਇਸ ਮੌਕੇ ਮੰਦਰ ਦੇ ਵਿਕਾਸ ਲਈ ਵਿੱਤ ਮੰਤਰੀ ਨੇ 15 ਲੱਖ ਰੁਪਏ ਦੀ ਪਹਿਲੀ ਕਿਸ਼ਤ ਦੇਣ ਦਾ ਐਲਾਨ ਕੀਤਾ। ਇਸ ਮੌਕੇ ਮਾਰਕੀਟ ਕਮੇਟੀ ਦੇ ਚੇਅਰਮੈਨ ਹਰਵਿੰਦਰ ਸਿੰਘ ਛਾਜਲੀ, ਅਮਰੀਕ ਸਿੰਘ, ਸਿਮਰਨ ਜਿੰਦਲ, ਰਜੇਸ਼ ਕੁਮਾਰ, ਸਰਪੰਚ ਗੁਬਿਆਸ ਸਿੰਘ, ਡਾ. ਜਗਰਾਜ ਸਿੰਘ, ਕੁਲਦੀਪ ਸ਼ਰਮਾ, ਹੁਸਨਪ੍ਰੀਤ ਹੁਸੀ (ਮੈਂਬਰ), ਲਾਡੀ ਧਾਲੀਵਾਲ (ਪ੍ਰਧਾਨ ਕਿਸਾਨ ਵਿੰਗ), ਬਲਜੀਤ ਸਿੰਘ, ਜਸਵੀਰ ਸਿੰਘ, ਨਹਿਰੂ ਸ਼ਰਮਾ, ਸੁਖਵਿੰਦਰ ਸੁੱਖੂ, ਪ੍ਰਗਟ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।



# ਨਸ਼ੇ ਦੀਆਂ ਗੋਲੀਆਂ ਤੇ ਕੈਪਸੂਲਾਂ ਸਮੇਤ ਕਾਰ ਸਵਾਰ ਕਾਬੂ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਬਡਾਲੀ ਆਲਾ ਸਿੰਘ ਪੁਲਸ ਵੱਲੋਂ ਇੱਕ ਕਾਰ ਸਵਾਰ ਨੂੰ ਨਸ਼ੇ ਲਈ ਵਰਤੀਆਂ ਜਾਣ ਵਾਲੀਆਂ 420 ਗੋਲੀਆਂ ਤੇ 400 ਕੈਪਸੂਲਾਂ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਬੀ. ਡੀ.ਪੀ.ਓ. ਦਫਤਰ ਹੰਸਾਲੀ ਨਜ਼ਦੀਕ ਚੈਕਿੰਗ ਕਰ ਰਹੀ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਵੱਲੋਂ ਸ਼ੱਕ ਦੇ ਅਧਾਰ 'ਤੇ ਬਰੀਜ਼ਾ ਕਾਰ ਨੰਬਰ ਪੀ.ਬੀ.52.ਬੀ-7580 'ਚ ਆ ਰਹੇ ਵਿਅਕਤੀ ਨੂੰ ਚੈਕਿੰਗ ਲਈ ਰੋਕਿਆ ਗਿਆ, ਜਿਸ ਨੇ ਪੁਲਸ ਕਰਮਚਾਰੀਆਂ ਵੱਲੋਂ ਪੁੱਛੇ ਜਾਣ 'ਤੇ ਆਪਣੀ ਪਹਿਚਾਣ ਗੁਰਸੇਵਕ ਸਿੰਘ ਉਰਫ਼ ਸੇਵਾ ਵਾਸੀ ਪਿੰਡ ਚੁੰਨੀ ਕਲਾਂ ਵਜੋਂ ਦੱਸੀ।ਤਲਾਸ਼ੀ ਦੌਰਾਨ ਗੁਰਸੇਵਕ ਸਿੰਘ ਉਰਫ ਸੇਵਾ ਕੋਲੋਂ 30,000/- ਦੀ ਡਰੱਗ ਮਨੀ ਤੇ ਉਸ ਦੇ ਕਬਜ਼ੇ ਵਾਲੀ ਬਰੀਜ਼ਾ ਕਾਰ 'ਚੋਂ 420 ਗੋਲੀਆਂ ਲੋਮੋਟਿਲ ਤੇ 400 ਕੈਪਸੂਲ ਪ੍ਰੇਗਾਬਲਿਨ ਬਰਾਮਦ ਹੋਏ।ਇਸ ਸਬੰਧੀ ਥਾਣਾ ਬਡਾਲੀ ਆਲਾ ਸਿੰਘ ਵਿਖੇ ਦਰਜ ਕਰਵਾਏ ਗਏ ਮੁਕੱਦਮੇ ਵਿੱਚ ਗੁਰਸੇਵਕ ਸਿੰਘ ਉਰਫ ਸੇਵਾ ਨੂੰ ਗ੍ਰਿਫ਼ਤਾਰ ਕਰਕੇ ਸਹਾਇਕ ਥਾਣੇਦਾਰ ਬਲਕਾਰ ਸਿੰਘ ਵੱਲੋਂ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।



# ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਪੰਜਾਬ ਦਾ ਗਠਨ

**ਲੌਂਗੋਵਾਲ (ਪ੍ਰਦੀਪ ਸੱਪਲ)**- ਮੌਜੂਦਾ ਦੌਰ ਵਿੱਚ ਫਾਸ਼ੀਵਾਦੀ ਤਾਕਤਾਂ ਵੱਲੋਂ ਭਾਰਤ ਦੀ ਇਨਕਲਾਬੀ ਵਿਰਾਸਤ ਨਾਲ ਛੇੜਛਾੜ ਕਰਕੇ ਇਸ ਨੂੰ ਬਦਲਣ ਦੀ ਬਦਨੀਤੀ ਤੇ ਇਸ ਰਾਹੀਂ ਆਪਣਾ ਫਿਰਕੂ ਤੇ ਭਗਵਾਂਕਰਨ ਦਾ ਪਿਛਾਖੜੀ ਏਜੰਡਾ ਲਾਗੂ ਕਰਨ ਦੇ ਟਾਕਰੇ ਲਈ ਅਤੇ ਇਸ ਵਿਰਾਸਤ ਨੂੰ ਸਹੀ ਰੂਪ ਵਿੱਚ ਦੇਸ਼ ਦੀ ਜਨਤਾ ਤੱਕ ਪਹੁੰਚਾਉਣ ਦੇ ਮਕਸਦ ਨਾਲ ਇਲਾਕੇ ਦੇ ਪ੍ਰਸਿੱਧ ਇਨਕਲਾਬੀ ਲੇਖਕਾਂ ਬਲਬੀਰ ਲੌਂਗੋਵਾਲ ਤੇ ਇਤਿਹਾਸਕਾਰ ਰਾਕੇਸ਼ ਸੁਨਾਮ ਦੀ ਅਗਵਾਈ ਵਿੱਚ ਹਮਖਿਆਲੀ ਸ਼ਖਸੀਅਤਾਂ ਦੀ ਆਮ ਇਕੱਤਰਤਾ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਹੋਈ। ਮੀਟਿੰਗ ਵਿੱਚ ਬਲਬੀਰ ਲੌਂਗੋਵਾਲ ਵੱਲੋਂ ਰਸਮੀ ਤੌਰ 'ਤੇ 'ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਪੰਜਾਬ' ਦੇ ਗਠਨ ਦਾ ਪ੍ਰਸਤਾਵ ਰੱਖਿਆ ਤੇ ਇਸ ਮੰਚ ਦੇ ਗਠਨ ਦੀ ਲੋੜ ਦੀ ਪਿੱਠ ਭੂਮੀ ਅਤੇ ਐਲਾਨਨਾਮਾ ਵਿਚਾਰ ਹਿੱਤ ਪੇਸ਼ ਕੀਤਾ, ਜਿਸ ਨੂੰ ਭਰਪੂਰ ਵਿਚਾਰ ਚਰਚਾ ਤੋਂ ਬਾਅਦ ਪਾਸ ਕੀਤਾ ਗਿਆ।ਇਸ ਉਪਰੰਤ ਮੰਚ ਦੀ ਸੁਚੱਜੀ ਕਾਰਗੁਜ਼ਾਰੀ ਲਈ ਭਵਿੱਖ ਵਿੱਚ ਇਸ ਦਾ ਸੰਵਿਧਾਨ ਬਣਾਉਣਾ ਤੇ ਉਸ ਅਨੁਸਾਰ ਵੱਖ-ਵੱਖ ਕਮੇਟੀਆਂ ਬਣਾਉਣਾ ਤੈਅ ਕੀਤਾ ਗਿਆ।ਸੰਵਿਧਾਨ ਬਣਾਉਣ ਲਈ ਸਰਬਸੰਮਤੀ ਨਾਲ ਛੇ ਮੈਂਬਰੀ ਕਮੇਟੀ ਬਣਾਈ ਗਈ, ਜਿਸ ਵਿੱਚ ਬਲਬੀਰ ਲੌਂਗੋਵਾਲ, ਰਾਕੇਸ਼ ਸੁਨਾਮ, ਪਵਨ ਸ਼ਰਮਾ, ਦਰਸ਼ਨ ਸੁਨਾਮ, ਲਾਭ ਛਾਜਲਾ ਤੇ ਪ੍ਰੇਮ ਸਰੂਪ ਛਾਜਲੀ ਨੂੰ ਸ਼ਾਮਲ ਕੀਤਾ ਗਿਆ।ਸਥਾਈ ਕਾਰਜਕਾਰੀ ਕਮੇਟੀ ਬਣਨ ਤੱਕ ਐਡਹਾਕ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਬਲਬੀਰ ਲੌਂਗੋਵਾਲ ਨੂੰ ਪ੍ਰਧਾਨ, ਰਾਕੇਸ਼ ਸੁਨਾਮ ਨੂੰ ਸਕੱਤਰ, ਜੁਝਾਰ ਲੌਂਗੋਵਾਲ ਨੂੰ ਮੀਤ ਪ੍ਰਧਾਨ, ਲਾਭ ਛਾਜਲਾ ਨੂੰ ਵਿੱਤ ਸਕੱਤਰ ਤੇ ਜਸਬੀਰ ਨਮੋਲ ਨੂੰ ਪ੍ਰੈੱਸ ਸਕੱਤਰ ਵਜੋਂ ਸ਼ਾਮਲ ਕੀਤਾ ਗਿਆ।ਮੀਟਿੰਗ ਵਿੱਚ ਉਕਤ ਤੋਂ ਇਲਾਵਾ ਗੁਰਚਰਨ ਖੋਖਰ, ਸੁਖਜਿੰਦਰ ਸੰਗਰੂਰ, ਰਾਮਪਾਲ ਸ਼ਰਮਾ, ਗੁਰਦੀਪ ਲਹਿਰਾ, ਹਰਗੋਬਿੰਦ ਸ਼ੇਰਪੁਰ, ਹਰਭਗਵਾਨ ਗੁਰਨੇ, ਸੁਰਿੰਦਰ ਕੁਮਾਰ ਤੇ ਤਾਰਾ ਸਿੰਘ ਨੇ ਭਾਗ ਲਿਆ।



# ਚੋਰਾਂ ਵੱਲੋਂ ਇੱਕੋ ਰਾਤ ਸ਼ਹਿਰ 'ਚ ਕਈ ਚੋਰੀਆਂ

**ਧੂਰੀ (ਮਨੋਹਰ ਸੱਗੂ/ ਮੋਹਿਤ ਗਰਗ)**- ਲੰਘੀ ਰਾਤ ਸਥਾਨਕ ਸ਼ਹਿਰ ਅੰਦਰ ਕਈ ਥਾਂਈਂ ਵਾਪਰੀਆਂ ਚੋਰੀ ਦੀਆਂ ਵਾਰਦਾਤਾਂ ਕਾਰਨ ਲੋਕਾਂ 'ਚ ਸਹਿਮ ਦਾ ਮਾਹੌਲ ਹੈ ਅਤੇ ਚੋਰ ਨਕਦੀ ਸਮੇਤ ਲੱਖਾਂ ਰੁਪਏ ਦੇ ਸਾਮਾਨ 'ਤੇ ਹੱਥ ਸਾਫ਼ ਕਰ ਗਏ। ਜਾਣਕਾਰੀ ਅਨੁਸਾਰ ਸ਼ਹਿਰ ਅੰਦਰ ਸੇਰੋਂ ਰਜਵਾਹੇ 'ਤੇ ਸੱਟੇ ਵਾਲੇ ਪੁਲ ਨੇੜੇ ਸਥਿਤ ਜੀ ਨਿਵਾਜ਼ ਹੇਅਰ ਸਟੂਡੀਓ 'ਚੋਂ ਚੋਰ ਕਰੀਬ ਬਾਰਾਂ ਹਜ਼ਾਰ ਰੁਪਏ ਦੀ ਨਕਦੀ ਸਮੇਤ ਕਰੀਬ ਦੋ ਲੱਖ ਰੁਪਏ ਦਾ ਸਾਮਾਨ ਚੋਰੀ ਕਰਕੇ ਲੈ ਗਏ, ਜਦੋਂ ਕਿ ਸਟੂਡੀਓ ਦੇ ਨਾਲ ਲਗਦੇ ਮਿੱਠੂ ਹਾਰਡਵੇਅਰ ਦੀ ਦੁਕਾਨ 'ਤੇ ਚੋਰਾਂ ਦੀ ਕੋਸ਼ਿਸ਼ ਨਾਕਮ ਰਹੀ।ਜੀ ਨਿਵਾਜ਼ ਹੇਅਰ ਸਟੂਡੀਓ ਦੇ ਮਾਲਕ ਗੁਰਨਿਵਾਜ਼ ਸਿੰਘ ਅਨੁਸਾਰ ਚੋਰ ਸਟੂਡੀਓ ਦੀ ਛੱਤ ਉੱਪਰ ਬਣੀ ਪੌੜੀਆਂ ਦੀ ਮੱਮਟੀ ਦਾ ਦਰਵਾਜ਼ਾ ਤੋੜ ਕੇ ਦਾਖਲ ਹੋਏ ਤੇ ਦਰਾਜ਼ 'ਚੋਂ ਕਰੀਬ 12 ਹਜ਼ਾਰ ਰੁਪਏ ਦੀ ਨਕਦੀ, ਮਹਿੰਗੇ ਕਰੀਮ, ਪਾਊਡਰ ਤੋਂ ਇਲਾਵਾ ਹੇਅਰ ਸਟੂਡੀਓ 'ਚ ਵਰਤੀਆਂ ਜਾਂਦੀਆਂ ਮਸ਼ੀਨਾਂ ਸਮੇਤ ਕਰੀਬ 2 ਲੱਖ ਰੁਪਏ ਦਾ ਸਾਮਾਨ ਚੋਰੀ ਕਰਕੇ ਲੈ ਗਏ ਅਤੇ ਬਾਅਦ 'ਚ ਇਤਲਾਹ ਦੇਣ ਉਪਰੰਤ ਪੀ ਸੀ ਆਰ ਪੁਲਸ ਵੱਲੋਂ ਘਟਨਾ ਸਥਾਨ ਦਾ ਮੌਕਾ ਮੁਲਾਹਜਾ ਵੀ ਕੀਤਾ ਗਿਆ।



# ਸਿਵਲ ਹਸਪਤਾਲ ਵਿਖੇ ਲਗਾਇਆ ਹੈੱਲਥ ਚੈੱਕਅੱਪ ਕੈਂਪ

**ਨੌਜਵਾਨ ਪੀੜ੍ਹੀ ਨੂੰ ਸਹੀ ਰਾਹ ਦਿਖਾਉਣ 'ਚ ਘਰ ਦੇ ਬਜ਼ੁਰਗਾਂ ਦਾ ਅਹਿਮ ਰੋਲ : ਡਾ. ਗੋਇਲ**

**ਨਾਭਾ (ਵਰਿੰਦਰ ਵਰਮਾ)**- ਸਿਵਲ ਸਰਜਨ ਪਟਿਆਲਾ ਡਾ. ਜਸਵਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਡਾ. ਵੀਨੂੰ ਗੋਇਲ ਐੱਸ.ਐੱਮ.ਓ. ਨਾਭਾ ਦੀ ਯੋਗ ਅਗਵਾਈ ਹੇਠ ਸਿਵਲ ਹਸਪਤਾਲ ਨਾਭਾ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਬਜ਼ੁਰਗਾਂ ਲਈ ਮੁਫਤ ਹੈਲਥ ਚੈੱਕਅਪ ਕੈਂਪ 'ਸਾਡੇ ਬਜ਼ੁਰਗ ਸਾਡਾ ਮਾਣ' ਅਭਿਆਨ ਤਹਿਤ ਲਗਾਇਆ ਗਿਆ, ਜਿਸ ਵਿੱਚ ਮੈਡੀਸਨ, ਆਰਥੋ, ਈ.ਐੱਨ.ਟੀ. ਤੇ ਅੱਖਾਂ ਦੇ ਮਾਹਰ ਡਾਕਟਰਾਂ ਨੇ 60 ਸਾਲ ਤੋਂ ਵੱਧ ਉਮਰ ਦੇ ਤਕਰੀਬਨ 400 ਮਰੀਜ਼ਾਂ ਦਾ ਹੈਲਥ ਚੈੱਕਅਪ ਕੀਤਾ।ਇਸ ਮੌਕੇ ਸ੍ਰੀ ਗੁਰਵਿੰਦਰ ਸਿੰਘ ਬੱਲ ਡੀ.ਐੱਸ.ਪੀ. ਨਾਭਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਮੌਕੇ ਡਾ. ਵੀਨੂੰ ਗੋਇਲ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਡੇ ਬਜ਼ੁਰਗ ਸਾਡਾ ਮਾਣ ਹਨ ਤੇ ਨੌਜਵਾਨ ਪੀੜ੍ਹੀ ਨੂੰ ਸਹੀ ਰਾਹ ਦਿਖਾਉਣ ਵਿੱਚ ਘਰ ਦੇ ਬਜ਼ੁਰਗਾਂ ਦਾ ਅਹਿਮ ਰੋਲ ਹੁੰਦਾ ਹੈ, ਇਸ ਲਈ ਨੌਜਵਾਨ ਪੀੜ੍ਹੀ ਦਾ ਵੀ ਫਰਜ਼ ਬਣਦਾ ਹੈ ਕਿ ਉਹ ਆਪਣੇ ਬਜ਼ੁਰਗਾਂ ਦੀ ਸਿਹਤ ਦਾ ਧਿਆਨ ਰੱਖਣ।ਸ੍ਰੀ ਗੁਰਵਿੰਦਰ ਸਿੰਘ ਬੱਲ ਡੀ.ਐੱਸ.ਪੀ. ਨਾਭਾ ਨੇ ਕਿਹਾ ਕਿ ਅਜਿਹੇ ਕੈਂਪ ਲੱਗਣ ਨਾਲ ਲੋਕਾਂ ਨੂੰ ਬਹੁਤ ਲਾਭ ਮਿਲਦਾ ਹੈ ਤੇ ਉਹ ਇੱਕ ਸਥਾਨ 'ਤੇ ਸਰੀਰ ਦਾ ਸੰਪੂਰਨ ਚੈੱਕਅਪ ਕਰਵਾ ਸਕਦੇ ਹਨ।ਇਸ ਮੌਕੇ ਡਾ. ਅਨੁਮੇਹਾ ਭੱਲਾ ਮੈਡੀਸਨ ਸਪੈਸ਼ਲਿਸਟ, ਡਾ. ਰਾਓਵਰਿੰਦਰ ਸਿੰਘ ਈ.ਐੱਨ.ਟੀ. ਸਪੈਸ਼ਲਿਸਟ, ਡਾ. ਮਨਦੀਪ ਸਿੰਘ ਅੱਖਾਂ ਦੇ ਮਾਹਰ, ਡਾ. ਅਕਿੰਤ ਹੱਡੀਆਂ ਦੇ ਮਾਹਰ, ਹਰਨਰਾਇਣ ਸਿੰਘ ਅਪਥੈਲਮਿਕ ਅਫਸਰ, ਸ਼੍ਰੀਮਤੀ ਰੰਮੀ ਰਾਣੀ ਫਾਰਮੇਸੀ ਅਫਸਰ, ਦਫਤਰ ਜ਼ਿਲ੍ਹਾ ਸਮਾਜਿਕ ਸੁਰੱਖਿਆ ਤੇ ਬਾਲ ਵਿਕਾਸ ਪਟਿਆਲਾ ਤੋਂ ਇੰਦਰਪ੍ਰੀਤ ਸਿੰਘ ਤੇ ਬਲਜਿੰਦਰ ਸਿੰਘ, ਸੀ.ਡੀ.ਪੀ.ਓ. ਦਫਤਰ ਨਾਭਾ ਤੋਂ ਪਰਮਜੀਤ ਸਿੰਘ, ਹਾਕਮ ਸਿੰਘ, ਗੁਰਦਲਬੀਰ ਸਿੰਘ ਤੇ ਸਮੂਹ ਸੁਪਰਵਾਇਜ਼ਰ, ਆਂਗਣਵਾੜੀ ਵਰਕਰ, ਆਸ਼ਾ ਵਰਕਰ ਅਤੇ ਬਾਕੀ ਸਟਾਫ ਤੇ ਆਮ ਲੋਕ ਮੌਜੂਦ ਸਨ।



# ਪੀ ਜੀ ਆਈ 'ਚ ਲੰਮੀ ਉਡੀਕ ਉਪਰੰਤ ਕਾਰਡਿਯਕ ਐਮਰਜੈਂਸੀ ਪਹਿਲੀ ਤੋਂ : ਪ੍ਰੋ. ਲਾਲ

**ਸਮਰਾਲਾ (ਸੁਰਜੀਤ ਸਿੰਘ)**- ਪੀਜੀਆਈ ਚੰਡੀਗੜ੍ਹ ਵੱਲੋਂ ਦਿਲ ਦੇ ਰੋਗੀਆਂ ਲਈ ਐਮਰਜੈਂਸੀ ਸੇਵਾਵਾਂ ਨੂੰ ਮਜ਼ਬੂਤ ਕਰਨ ਵੱਲ ਇਕ ਵੱਡਾ ਕਦਮ ਚੁੱਕਦੇ ਹੋਏ 1 ਮਾਰਚ ਤੋਂ ਕਾਰਡਿਯਕ ਐਮਰਜੈਂਸੀ ਸਹੂਲਤ ਸ਼ੁਰੂ ਕੀਤੀ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਹਤ ਸੰਸਥਾ ਦੇ ਡਾਇਰੈਕਟਰ ਪ੍ਰੋ. ਵਿਵੇਕ ਲਾਲ ਨੇ ਕਿਹਾ ਕਿ ਵੱਖਰੀ ਕਾਰਡਿਯਕ ਐਮਰਜੈਂਸੀ ਦੀ ਲੋੜ ਕਈ ਸਾਲਾਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ।ਉਨ੍ਹਾਂ ਕਿਹਾ ਕਿ ਪੀਜੀਆਈ ਵਿੱਚ ਮਰੀਜ਼ਾਂ ਦੀ ਬਹੁਤਾਤ ਨੂੰ ਦੇਖਦਿਆਂ ਸਿਰਫ ਕਾਰਡਿਯਕ ਐਮਰਜੈਂਸੀ ਲਈ ਖਾਸ ਪ੍ਰਬੰਧ ਬਣਾਉਣਾ ਜ਼ਰੂਰੀ ਸੀ।ਉਨ੍ਹਾਂ ਕਿਹਾ ਕਿ ਕਾਫੀ ਸਮੇਂ ਤੱਕ ਦਿਲ ਦੇ ਐਮਰਜੈਂਸੀ ਮਰੀਜ਼ਾਂ ਦਾ ਇਲਾਜ ਮੁੱਖ ਐਮਰਜੈਂਸੀ ਵਿੰਗ ਰਾਹੀਂ ਕੀਤਾ ਜਾਂਦਾ ਸੀ, ਜੋ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਉਤਰਾਖੰਡ, ਰਾਜਸਥਾਨ ਤੇ ਨੇੜਲੇ ਖੇਤਰਾਂ ਤੋਂ ਆਉਣ ਵਾਲੇ ਟਰੌਮਾ, ਮੈਡੀਕਲ, ਸਰਜੀਕਲ ਤੇ ਗੰਭੀਰ ਮਰੀਜ਼ਾਂ ਦੀ ਵੱਡੀ ਗਿਣਤੀ ਨੂੰ ਸੰਭਾਲਦਾ ਹੈ।ਉਨ੍ਹਾਂ ਕਿਹਾ ਕਿ ਰੋਜ਼ਾਨਾ ਮਰੀਜ਼ਾਂ ਦੀ ਗਿਣਤੀ ਵਧਣ ਕਾਰਨ ਸੰਵੇਦਨਸ਼ੀਲ ਦਿਲ ਦੇ ਮਾਮਲੇ ਇੱਕ ਭੀੜ-ਭੜੱਕੇ ਵਿੱਚ ਫਸ ਕੇ ਰਹਿ ਜਾਂਦੇ ਸਨ, ਜਿਸ ਕਾਰਨ ਇੱਕ ਵੱਖਰੇ ਤੇ ਇੱਕ ਵਿਸ਼ੇਸ਼ ਪ੍ਰਬੰਧ ਦੀ ਲੋੜ ਲੰਮੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ।ਪ੍ਰੋ. ਲਾਲ ਨੇ ਕਿਹਾ ਕਿ ਉਨ੍ਹਾਂ ਡਾਇਰੈਕਟਰ ਵਜੋਂ ਆਪਣਾ ਕਾਰਜਭਾਰ ਸੰਭਾਲਣ ਤੋਂ ਹੀ ਮਰੀਜ਼-ਕੇਂਦਰਿਤ ਸੁਧਾਰਾਂ ਨੂੰ ਤਰਜੀਹ ਦਿੱਤੀ ਹੈ।ਉਨ੍ਹਾਂ ਕਿਹਾ ਕਿ ਸੰਸਥਾ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਦਿਲ ਦੇ ਮਰੀਜ਼ ਦਾ ਸਮਾਂ ਪ੍ਰਬੰਧਕੀ ਰੁਕਾਵਟਾਂ ਕਾਰਨ ਬਰਬਾਦ ਨਾ ਹੋਵੇ। ਪ੍ਰੋ. ਲਾਲ ਨੇ ਕਿਹਾ ਕਿ 1 ਮਾਰਚ ਤੋਂ ਇਹ ਸਹੂਲਤ ਸ਼ੁਰੂ ਹੋਣ ਨਾਲ ਪੀਜੀਆਈ ਨੇ ਫਿਰ ਇੱਕ ਵਾਰ ਸਮੇਂ-ਸਿਰ, ਕੇਂਦਰਿਤ ਤੇ ਜਾਨ ਬਚਾਉਣ ਵਾਲੀ ਸੇਵਾ ਪ੍ਰਦਾਨ ਕਰਨ ਲਈ ਆਪਣੀ ਵਚਨਬੱਧਤਾ ਦੁਹਰਾਈ ਹੈ, ਤਾਂ ਜੋ ਜਦੋਂ ਹਰ ਸਕਿੰਟ ਮਹੱਤਵਪੂਰਨ ਹੋਵੇ, ਮਰੀਜ਼ਾਂ ਨੂੰ ਬਿਨਾਂ ਦੇਰੀ ਜ਼ਰੂਰੀ ਸਹਾਇਤਾ ਮਿਲ ਸਕੇ।



# ਤੇਲੂ ਰਾਮ ਕੁਹਾੜਾ ਦੀ ਪੁਸਤਕ 'ਭਲੱਕੜਨਾਮਾ' ਦਾ ਲੋਕ ਅਰਪਣ 22 ਨੂੰ

**ਮਾਛੀਵਾੜਾ ਸਾਹਿਬ, ਸਮਰਾਲਾ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ, ਸੁਰਜੀਤ ਸਿੰਘ)**- ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਵੱਲੋਂ 22 ਫਰਵਰੀ ਨੂੰ ਕਹਾਣੀਕਾਰ ਤੇਲੂ ਰਾਮ ਕੁਹਾੜਾ ਦੀ ਪੁਸਤਕ 'ਭਲੱਕੜਨਾਮਾ' ਲੋਕ ਅਰਪਣ ਕੀਤੀ ਜਾਵੇਗੀ। ਲੋਕ ਅਰਪਣ ਸਮਾਗਮ ਮਾਂ ਬੋਲੀ ਪੰਜਾਬੀ ਦਿਵਸ ਨੂੰ ਸਮਰਪਤ ਹੋਵੇਗਾ। ਸ਼ਹੀਦ ਮਿੱਤ ਸਿੰਘ ਸਕਰੌਦੀ ਹਾਲ ਸ੍ਰੀ ਭੈਣੀ ਸਾਹਿਬ 'ਚ ਇਹ ਸਮਾਗਮ ਸਵੇਰੇ 10:30 ਵਜੇ ਤੋਂ ਸ਼ਾਮ 4 ਵਜੇ ਤੱਕ ਹੋਵੇਗਾ। ਸਭਾ ਦੇ ਪ੍ਰਧਾਨ ਗੁਰਸੇਵਕ ਸਿੰਘ ਢਿੱਲੋਂ, ਜਨਰਲ ਸਕੱਤਰ ਜਗਵੀਰ ਸਿੰਘ ਵਿੱਕੀ ਤੇ ਤਰਨ ਸਿੰਘ ਬੱਲ ਨੇ ਦੱਸਿਆ ਕਿ ਸਮਾਗਮ ਦੀ ਪ੍ਰਧਾਨਗੀ ਕਹਾਣੀਕਾਰ ਡਾਕਟਰ ਬਲਵਿੰਦਰ ਸਿੰਘ ਗਰੇਵਾਲ ਕਰਨਗੇ। ਡਾਕਟਰ ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ ਪੰਜਾਬੀ ਸਹਿਤ ਅਕਾਦਮੀ ਲੁਧਿਆਣਾ ਸਮਾਗਮ 'ਚ ਮੁੱਖ ਮਹਿਮਾਨ ਹੋਣਗੇ। ਕਿਤਾਬ 'ਤੇ ਚਰਚਾ ਕਰਨ ਲਈ ਮੁੱਖ ਬੁਲਾਰੇ ਨਿਰਪਾਲ ਸਿੰਘ ਗਰਚਾ, ਰਾਮ ਸਰੂਪ ਰਿਖੀ, ਰਘਬੀਰ ਸਿੰਘ ਭਰਤ, ਸੁਰਿੰਦਰ ਰਾਮਪੁਰੀ ਤੇ ਜਸਵੰਤ ਸਿੰਘ ਸੇਖੋਂ ਹੋਣਗੇ।




# ਮਹਾਂਦੇਵ ਸੇਵਾ ਸੰਘ ਵੱਲੋਂ 24ਵੀਂ ਮੁਫ਼ਤ ਬੱਸ ਯਾਤਰਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਮਹਾਦੇਵ ਸੇਵਾ ਸੰਘ ਅਰੁਣਾਏ ਧਾਮ ਮੰਡਲ ਰਾਮਪੁਰਾ ਫੂਲ ਵੱਲੋਂ ਯਾਤਰਾ ਦੇ ਦੋ ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਤੇ ਮਹਾਸ਼ਿਵਰਾਤਰੀ ਦੇ ਪਾਵਨ ਤਿਉਹਾਰ ਦੇ ਉਪਲੱਬਧ ਵਿੱਚ 24ਵੀਂ ਨਿਸ਼ੁਲਕ ਬੱਸ ਯਾਤਰਾ ਦਾ ਆਯੋਜਨ ਕੀਤਾ ਗਿਆ।ਇਹ ਪਵਿੱਤਰ ਯਾਤਰਾ ਸੰਗਮੇਸ਼ਵਰ ਸ਼ਿਵ ਮੰਦਰ, ਅਰੁਣਾਏ ਧਾਮ (ਹਰਿਆਣਾ) ਦੇ ਦਰਸ਼ਨਾਂ ਲਈ ਆਯੋਜਿਤ ਕੀਤੀ ਗਈ ਸੀ।ਸੰਘ ਦੇ ਸੇਵਾਦਾਰਾਂ ਮਿੱਤਰ ਸੈਨ ਚੇਅਰਮੈਨ, ਦਿਨੇਸ਼ ਮਿੱਤਲ ਪ੍ਰਧਾਨ, ਮੀਤ ਪ੍ਰਧਾਨ ਜਨਕ ਰਾਜ, ਕੈਸ਼ੀਅਰ ਅਨਿਲ ਕੁਮਾਰ, ਬਲਜੀਤ ਕੁਮਾਰ, ਅਮਿਤ ਕੁਮਾਰ ਤੇ ਰਾਜਪਾਲ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਧਾਰਮਿਕ ਯਾਤਰਾ ਦਾ ਮੁੱਖ ਉਦੇਸ਼ ਸ਼ਰਧਾਲੂਆਂ ਨੂੰ ਭਗਵਾਨ ਸ਼ਿਵ ਦੇ ਪਾਵਨ ਧਾਮ ਦੇ ਦਰਸ਼ਨ ਕਰਵਾਉਣਾ ਅਤੇ ਸਮਾਜ ਵਿੱਚ ਧਾਰਮਿਕ ਏਕਤਾ ਤੇ ਸੇਵਾ ਭਾਵਨਾ ਅਤੇ ਇਲਾਕੇ ਦੀ ਤੰਦਰੁਸਤੀ ਦੀ ਮਨੋਕਾਮਨਾ ਨੂੰ ਪ੍ਰੋਤਸ਼ਾਹਤ ਕਰਨਾ ਹੈ।ਇਸ ਖੁਸ਼ੀ ਵਿੱਚ ਮਹਾਦੇਵ ਸੇਵਾ ਸੰਘ ਦੇ ਸਾਰੇ ਮੈਂਬਰਾਂ ਨੇ ਦੁਬਾਰਾ ਮਹਾਸ਼ਿਵਰਾਤਰੀ ਦੇ ਮੌਕੇ ਅਨਾਥ ਗਊ ਆਸ਼ਰਮ ਵਿੱਚ 5100/- ਰੁਪਏ ਦਾ ਹਰਾ ਚਾਰਾ ਪਾ ਕੇ ਗਊ ਮਾਤਾ ਤੇ ਭੋਲੇ ਨਾਥ ਦਾ ਆਸ਼ੀਰਵਾਦ ਪ੍ਰਾਪਤ ਕੀਤਾ।



# ਮਾੜੀ ਸੜਕ ਬਣ ਰਹੀ ਹਾਦਸਿਆਂ ਦਾ ਕਾਰਨ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)** ਪਿੰਡ ਜਵਾਹਰ ਸਿੰਘ ਵਾਲਾ ਐਨ ਐਚ 703 ਤੋਂ ਲੈ ਕੇ ਪਿੰਡ ਭਾਗੀਕੇ ਰੋਡ ਦੀ ਹਾਲਤ ਖ਼ਸਤਾ ਹੈ। ਇਸ ਰੋਡ ਉੱਪਰ ਵੱਡੇ-ਵੱਡੇ ਖੱਡੇ ਪਏ ਹੋਏ ਹਨ। ਇਹ ਖੱਡੇ ਵੱਡੇ ਹਾਦਸਿਆਂ ਦਾ ਕਾਰਨ ਬਣਦੇ ਹਨ। ਇਸ ਰੋਡ ਉੱਪਰ ਪਹਿਲਾਂ ਵੀ ਅਨੇਕਾਂ ਹਾਦਸੇ ਹੋ ਚੁੱਕੇ ਹਨ। ਇਸ ਰੋਡ ਵੱਲ ਕਦੋਂ ਧਿਆਨ ਦਿੱਤਾ ਜਾਵੇਗਾ, ਇਸ ਦਾ ਕਿਸੇ ਨੂੰ ਕੋਈ ਵੀ ਪਤਾ ਨਹੀਂ। ਸਕੂਲ ਦੇ ਡਰਾਈਵਰ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੇ ਮੰਗ ਕੀਤੀ ਕੇ ਇਸ ਰੋਡ ਨੂੰ ਜਲਦੀ ਬਣਾਇਆ ਜਾਵੇ ਤਾਂ ਜੁ ਲੋਕਾਂ ਨੂੰ ਹਾਦਸਿਆਂ ਦਾ ਸ਼ਿਕਾਰ ਨਾ ਹੋਣਾ ਪਵੇ।



# ਸ਼੍ਰੋਮਣੀ ਅਕਾਲੀ ਦਲ ਦੀ ਸਮਰਾਲਾ ਰੈਲੀ ਸੰਬੰਧੀ ਵਰਕਰਾਂ ਤੇ ਆਗੂਆਂ ਦੀ ਮੀਟਿੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਦੀ ਮੀਟਿੰਗ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਹਲਕਾ ਸਮਰਾਲਾ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਦੀ ਅਗਵਾਈ ਹੇਠ ਹੋਈ, ਜਿਸ ਵਿੱਚ 1 ਮਾਰਚ ਨੂੰ ਜੋ ਸਮਰਾਲਾ ਵਿਖੇ 'ਪੰਜਾਬ ਬਚਾਓ-ਸਰਦਾਰ ਸੁਖਬੀਰ ਸਿੰਘ ਬਾਦਲ ਲਿਆਓ' ਰੈਲੀ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਰਮਜੀਤ ਸਿੰਘ ਢਿੱਲੋਂ ਨੇ ਵਰਕਰਾਂ ਦੀਆਂ ਡਿਊਟੀਆਂ ਲਗਾਉਂਦਿਆਂ ਕਿਹਾ ਕਿ ਪਿੰਡਾਂ ਵਿਚ ਵੱਧ ਤੋਂ ਵੱਧ ਲੋਕਾਂ ਨੂੰ ਲਾਮਬੰਦ ਕਰਕੇ ਰੈਲੀ ਵਿੱਚ ਲਿਆਂਦਾ ਜਾਵੇ ਤਾਂ ਜੋ ਇਸ ਦਾ ਰਿਕਾਰਡਤੋੜ ਇਕੱਠ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਜਿੱਤ ਦਾ ਮੁੱਢ ਬੰਨ੍ਹ ਸਕਣ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਢਿੱਲੋਂ ਨੇ ਕਿਹਾ ਕਿ ਰੈਲੀ ਨੂੰ ਲੈ ਕੇ ਲੋਕਾਂ ਵਿਚ ਬਹੁਤ ਉਤਸ਼ਾਹ ਹੈ, ਕਿਉਂਕਿ ਹੁਣ ਸੂਝਵਾਨ ਵੋਟਰ ਆਮ ਆਦਮੀ ਪਾਰਟੀ ਦੇ ਝੂਠੇ ਬਹਿਕਾਵਿਆਂ ਤੋਂ ਬਾਹਰ ਆ ਚੁੱਕੇ ਹਨ ਤੇ ਮੁੜ ਅਕਾਲੀ ਦਲ ਦੀ ਸਰਕਾਰ ਲਿਆਉਣ ਲਈ ਉਤਾਵਲੇ ਹਨ। ਇਸ ਮੌਕੇ ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਜ਼ਿਲਾ ਪਰਿਸ਼ਦ ਮੈਂਬਰ ਹਰਜੋਤ ਸਿੰਘ ਮਾਂਗਟ, ਜਥੇਦਾਰ ਕੁਲਦੀਪ ਸਿੰਘ ਜਾਤੀਵਾਲ, ਸੁੱਚਾ ਸਿੰਘ, ਚਰਨਜੀਤ ਸਿੰਘ ਲੱਖੋਵਾਲ, ਦਰਸ਼ਨ ਸਿੰਘ ਮਿੱਠੇਵਾਲ, ਕਰਮਜੀਤ ਸਿੰਘ ਗਰੇਵਾਲ, ਮਨਜੀਤ ਸਿੰਘ ਮੱਕੜ, ਉਪਜਿੰਦਰ ਸਿੰਘ ਔਜਲਾ, ਰਣਬੀਰ ਰਾਹੀ, ਜਗਦੇਵ ਸਿੰਘ ਨਾਮਧਾਰੀ, ਰਜਿੰਦਰ ਸਿੰਘ, ਅਜੇ ਸਾਹਨੀ, ਹਰਿੰਦਰ ਸਿੰਘ ਪੱਪੀ, ਨੀਲਾ ਬਾਬਾ, ਸੁਰਜੀਤ ਸਿੰਘ, ਸੁਖਬੀਰ ਸਿੰਘ, ਤੂਫ਼ਾਨ ਸਿੰਘ, ਹਰਵਿੰਦਰ ਸਿੰਘ ਚਕਲੀ, ਦੇਸਰਾਜ ਸਿੰਘ ਰਹੀਮਾਬਾਦ, ਹੈਪੀ ਰਾਣਵਾਂ, ਰਵਿੰਦਰ ਸਿੰਘ ਰਾਣਵਾਂ, ਲੱਖਾ ਸਿੰਘ ਮੰਡ ਝੜੌਦੀ, ਅਮਰਜੀਤ ਸਿੰਘ ਗੁਰੂਗੜ੍ਹ, ਨਿਸ਼ਾਨ ਸਿੰਘ ਮਾਣੇਵਾਲ, ਲਾਲ ਸਿੰਘ ਜੱਸੋਵਾਲ, ਜੋਗਿੰਦਰ ਰਾਮ ਰਹੀਮਾਬਾਦ, ਪ੍ਰੇਮ ਰਾਜ ਜੱਸੋਵਾਲ, ਲਖਵਿੰਦਰ ਸਿੰਘ ਮਿਲਕੋਵਾਲ, ਦਲਜੀਤ ਸਿੰਘ ਆਦਿ ਮੌਜੂਦ ਸਨ।

# ਸਰਕਾਰੀ ਹਸਪਤਾਲ ਦੀ ਜੱਚਾ-ਬੱਚਾ ਬਿਲਡਿੰਗ ਹੋ ਰਹੀ ਹੈ ਖੰਡਰ : ਪਰਮਜੀਤ ਸਹੌਲੀ

**ਜੇਕਰ ਹਫਤੇ ਤੱਕ ਇਮਾਰਤ ਉਦਘਾਟਨ ਕਰ ਵਰਤੋਂ 'ਚ ਨਾ ਲਿਆਂਦੀ ਤਾਂ ਵਿੱਢਾਂਗੇ ਸੰਘਰਸ਼**

**ਨਾਭਾ (ਵਰਿੰਦਰ ਵਰਮਾ)** ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਅਕਾਲੀ ਦਲ ਸੁਤੰਤਰ ਨੇ ਕੁਝ ਸਮਾਂ ਪਹਿਲਾਂ ਨਾਭਾ ਸਰਕਾਰੀ ਹਸਪਤਾਲ ਦੇ ਸਾਹਮਣੇ ਰੋਸ ਧਰਨਾ ਲਾ ਕੇ ਪ੍ਰਸ਼ਾਸਨ ਰਾਹੀਂ ਪੰਜਾਬ ਦੇ ਸਿਹਤ ਮੰਤਰੀ ਨੂੰ ਬੇਨਤੀ ਕੀਤੀ ਸੀ ਕਿ ਜੱਚਾ-ਬੱਚਾ ਹਸਪਤਾਲ ਦੀ ਸਰਕਾਰੀ ਬਿਲਡਿੰਗ, ਜੋ ਕਿ ਪਿਛਲੇ ਲੰਮੇ ਸਮੇਂ ਤੋਂ ਤਿਆਰ ਹੋਈ ਪਈ ਹੈ, ਉਸ ਵਿੱਚ ਡਾਕਟਰਾਂ ਦੀਆਂ ਸੇਵਾਵਾਂ ਸ਼ੁਰੂ ਕੀਤੀਆਂ ਜਾਣ ਤਾਂ ਕਿ ਰੋਜ਼ਾਨਾ ਮਰੀਜ਼ਾਂ ਨੂੰ ਖੱਜਲ ਖੁਆਰੀ ਤੋਂ ਬਚਾਇਆ ਜਾਵੇ ਤੇ ਨਵੀਂ ਬਿਲਡਿੰਗ ਨੂੰ ਵਰਤੋਂ 'ਚ ਲਿਆਂਦਾ ਜਾਵੇ ਤਾਂ ਕਿ ਉਸ ਦੀ ਸਾਂਭ ਸੰਭਾਲ ਵੀ ਹੋਵੇਗੀ ਤੇ ਲੋਕਾਂ ਨੂੰ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਬੜੇ ਦੁੱਖ ਨਾਲ ਕਹਿਣਾ ਪੈਂਦਾ ਕਿ ਅੱਜ ਤੱਕ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਦੋ-ਤਿੰਨ ਵਾਰੀ ਸਰਕਾਰੀ ਹਸਪਤਾਲ ਦਾ ਦੌਰਾ ਵੀ ਕਰ ਚੁੱਕੇ ਹਨ, ਪਰ ਰੀਬਨ ਕੱਟ ਕੇ ਹਸਪਤਾਲ ਚਲਾਉਣ ਵਿੱਚ ਪਤਾ ਨਹੀਂ ਕੀ ਦਿੱਕਤ ਆ ਰਹੀ ਹੈ ? ਇੱਕ ਪਾਸੇ ਤਾਂ ਸਰਕਾਰ ਸਰਕਾਰੀ ਹਸਪਤਾਲਾਂ ਨੂੰ ਵਧੀਆ ਢੰਗ ਨਾਲ ਚੱਲਦੇ ਦੇਖਣਾ ਚਾਹੁੰਦੇ ਹਨ, ਪਰ ਦੂਜੇ ਪਾਸੇ, ਜੋ ਸਰਕਾਰ ਦਾ ਕਰੋੜਾਂ ਰੁਪਏ ਖਰਚ ਕੇ ਬਿਲਡਿੰਗ ਤਿਆਰ ਹੋ ਚੁੱਕੀ ਹੈ, ਉਸ ਨੂੰ ਸੰਭਾਲਣ ਵੱਲ ਤੇ ਲੋਕਾਂ ਦੀਆਂ ਸਹੂਲਤਾਂ ਲਈ ਚਾਲੂ ਕਰਨ ਵੱਲ ਕਿਸੇ ਦਾ ਧਿਆਨ ਨਹੀਂ ਹੈ।ਪਰਮਜੀਤ ਸਿੰਘ ਸਹੌਲੀ ਨੇ ਕਿਹਾ ਕਿ ਸਿਵਲ ਹਸਪਤਾਲ ਨਾਭਾ ਵਿਖੇ ਸਟਾਫ ਦੀ ਬਹੁਤ ਵੱਡੀ ਘਾਟ ਹੈ।ਉਨ੍ਹਾਂ ਕਿਹਾ ਕਿ ਜੇਕਰ 22 ਫ਼ਰਵਰੀ 2026 ਤੱਕ ਉਦਘਾਟਨ ਕਰਕੇ ਇਹ ਸਹੂਲਤ ਲੋਕਾਂ ਨੂੰ ਨਾ ਦਿੱਤੀ ਗਈ ਤਾਂ ਅਕਾਲੀ ਦਲ ਸੁਤੰਤਰ ਵੱਲੋਂ 23 ਫ਼ਰਵਰੀ ਨੂੰ ਸਿਹਤ ਮੰਤਰੀ ਪੰਜਾਬ ਡਾਕਟਰ ਬਲਬੀਰ ਸਿੰਘ ਦੀ ਰਿਹਾਇਸ਼ ਪਟਿਆਲਾ ਅੱਗੇ ਰੋਸ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਐਡਵੋਕੇਟ ਗੁਬਿੰਦਰ ਸਿੰਘ, ਐਡਵੋਕੇਟ ਪੰਕਜ ਵਰਮਾ, ਹਰਬੰਸ ਸਿੰਘ ਖੱਟੜਾ, ਸੁਰਜੀਤ ਸਿੰਘ ਬਾਬਰਪੁਰ, ਹੈਪੀ ਸੁੱਖੇਵਾਲ, ਬਿੰਦਾ ਵਿਰਕ, ਨਰਿੰਦਰ ਸਿੰਘ ਕਾਲਾ ਆਦਿ ਹਾਜ਼ਰ ਸਨ।



# ਤੀਜੇ ਵਿਆਹ ਸਮਾਗਮ ਦੀਆਂ ਤਿਆਰੀਆਂ ਮੁਕੰਮਲ : ਬਡਰੁੱਖਾਂ



**ਸੰਗਰੂਰ (ਪ੍ਰਵੀਨ ਸਿੰਘ)**- ਗਰੀਬ ਤੇ ਲੋੜਵੰਦ ਪਰਵਾਰਾਂ ਦੀਆਂ ਧੀਆਂ ਦੇ ਤੀਜੇ ਵਿਆਹ ਸਮਾਗਮ ਦੀਆਂ ਤਿਆਰੀਆਂ ਕਰੀਬ ਮੁਕੰਮਲ ਕਰ ਲਈਆਂ ਹਨ।ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਅੱਜ ਹਰਿੰਦਰ ਹਿੰਦਾ ਬਡਰੁੱਖਾਂ, ਗੁਰੂ ਬਡਰੁੱਖਾਂ ਨੇ ਦੱਸਿਆ ਕਿ ਸਾਡੇ ਹਰਮਨ ਪਿਆਰੇ ਆਗੂ ਗੌਰਵ ਸੰਧੂ ਦੀ ਅਗਵਾਈ ਹੇਠ ਨੌਜਵਾਨ ਸਮਾਜ ਸੇਵੀ ਸਾਥੀ ਹਨੀ ਜ਼ਾਫਰਪੁਰ ਤੇ ਪ੍ਰੇਮ ਸੰਗਰੂਰ ਦੀ ਪੂਰੀ ਟੀਮ ਦੇ ਸਹਿਯੋਗ ਨਾਲ ਇਹ ਸ਼ੁਭ ਕਾਰਜ ਤੀਜੀ ਵਾਰ ਸੰਪੰਨ ਹੋਣ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਗਰੀਬ ਤੇ ਲੋੜਵੰਦ ਪਰਵਾਰ ਦੀਆਂ ਧੀਆਂ ਦੇ ਵਿਆਹ ਪੂਰੀ ਸ਼ਾਨ ਨਾਲ ਕੀਤੇ ਜਾਣਗੇ ਅਤੇ ਸਹਿਯੋਗੀ ਸੱਜਣਾਂ ਦੀ ਮਦਦ ਨਾਲ ਘਰੇਲੂ ਜ਼ਰੂਰਤਾਂ ਦਾ ਸਾਮਾਨ ਵੀ ਨਵੇਂ ਜੋੜਿਆਂ ਨੂੰ ਦਿੱਤਾ ਜਾਵੇਗਾ।

18-FEB-2026-Page-11-Majha-2026.qxd 2/17/2026 10:53 PM Page 1



# ਬਿਜਲੀ ਨਿਗਮ ਦੀ 50 ਏਕੜ ਜ਼ਮੀਨ ਪੁੱਡਾ ਨੂੰ ਤਬਦੀਲ ਕਰਨ ਖਿਲਾਫ਼ ਬਿਜਲੀ ਮੁਲਾਜ਼ਮਾਂ ਵੱਲੋਂ ਅਰਥੀ ਫੂਕ ਮੁਜ਼ਾਹਰਾ

ਪਟਿਆਲਾ (ਨਜ਼ਸ)-ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਵੱਲੋਂ ਬਿਜਲੀ ਨਿਗਮ ਦੀ ਪਿੰਡ ਬਡੂੰਗਰ ਜ਼ਿਲ੍ਹਾ ਪਟਿਆਲਾ ਵਿਖੇ 50 ਏਕੜ ਜ਼ਮੀਨ ਦੀ ਮਾਲਕੀ ਪੁੱਡਾ ਨੂੰ ਤਬਦੀਲ ਕਰਨ ਅਤੇ ਮੁਲਾਜ਼ਮ ਅਤੇ ਪੈਨਸ਼ਨਰ ਮੰਗਾਂ ਨੂੰ ਵੱਟੇ ਖਾਤੇ ਪਾਉਣ ਖਿਲਾਫ਼ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਸਾਂਝੇ ਬੜੇ ਪੀਐੱਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰ, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸਬੰਧਤ ਏਟਕ), ਪੈਨਸ਼ਨਰ ਵੈਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਸੂਬਾ ਪੱਧਰੀ ਸੱਦੇ ਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਪਾਵਰਕਾਮ ਦੇ ਸਥਾਨਕ ਸਰਕਲ ਦਫਤਰ ਦੇ ਗੇਟ ਤੇ ਪਾਵਰ ਮੈਨੇਜਮੈਂਟ ਅਤੇ ਸੀਐੱਮਡੀ ਦੀ ਅਰਥੀ ਫੂਕ ਕੇ ਰੋਸ ਮੁਜ਼ਾਹਰਾ ਕੀਤਾ ।ਅਦਾਰੇ ਦੀਆਂ ਜ਼ਮੀਨਾਂ ਵੇਚਣ ਅਤੇ ਮੰਨੀਆਂ ਮੰਗਾਂ ਲਾਗੂ ਨਾਂ ਕਰਨ ਦੇ ਖਿਲਾਫ਼ ਰੋਸ ਜ਼ਾਹਰ ਕਰ ਰਹੇ ਮੁਜ਼ਾਹਰਾਕਾਰੀਆਂ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਜਥੇਬੰਦੀਆ ਦੇ ਆਗੂਆਂ ਗੁਰਭੇਜ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਬਾਗੜੀਆ, ਪੂਰਨ ਦਾਸ, ਜਸਪ੍ਰੀਤ ਸਿੰਘ ਸੋਹਲ, ਬਲਜਿੰਦਰ ਸਿੰਘ ਪਲਾਸੌਰ, ਰਣਜੀਤ ਸਿੰਘ ਤਰਨ ਤਾਰਨ , ਇੰਜੀ : ਸੁਰੇਸ਼ ਕੁਮਾਰ ਜੇ ਈ, ਕਵਲਜੀਤ ਕੌਰ, ਜਸਬੀਰ ਕੌਰ, ਰੀਤੂ ਗੁਪਤਾ, ਸੰਨੀ ਕੁਮਾਰ ਹਰਪ੍ਰੀਤ ਸਿੰਘ, ਜਗਜੀਤ ਸਿੰਘ, ਤਰਜੀਤ ਸਿੰਘ ਨਾਗੋਕੇ, ਲਖਵਿੰਦਰ ਸਿੰਘ ਬਹਿਲਾ, ਜਸਬੀਰ ਸਿੰਘ ਸੇਰੋਂ, ਸੇਠੀ ਸਾਹਿਬ, ਮਨਜੀਤ ਸਿੰਘ ਜੇ ਈ, ਤਜਿੰਦਰ ਸਿੰਘ ਜੇ ਈ ਆਦਿ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੇ ਮੀਟਿੰਗਾਂ ਵਿੱਚ ਹੋਈਆਂ ਸਹਿਮਤੀਆਂ ਦੇ ਉਲਟ ਵਾਅਦਾ ਖਿਲਾਫ਼ੀ ਕਰਦਿਆਂ 50 ਏਕੜ ਜ਼ਮੀਨ ਦੀ ਮਾਲਕੀ ਪੁੱਡਾ ਨੂੰ ਤਬਦੀਲ ਕਰ ਦਿੱਤੀ ਹੈ।ਸਰਕਾਰ ਨੇ ਮਹਿੰਗਾਈ ਭੱਤਾ ਜਾਮ ਕੀਤਾ ਹੋਇਆ ਹੈ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਤੋਂ ਪਾਸਾ ਵੱਟ ਲਿਆ ਹੈ, ਨਵੇਂ ਕਰਮਚਾਰੀਆਂ ਤੇ ਧੱਕੇ ਨਾਲ ਸੱਤਵਾਂ ਤਨਖਾਹ ਕਮਿਸ਼ਨ



ਲਾਗੂ ਕਰਕੇ ਉਹਨਾਂ ਦਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ ਜਿਸ ਕਰਕੇ ਸਮੁੱਚੇ ਪੰਜਾਬ ਦੇ ਬਿਜਲੀ ਕਰਮਚਾਰੀਆਂ ਅਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ ।

ਆਗੂਆਂ ਨੇ ਕਿਹਾ ਕਿ ਜਾਇਦਾਦਾਂ ਵੇਚਣ ਦੇ ਖਿਲਾਫ਼ ਵੱਡੀ ਲਹਿਰ ਖੜੀ ਕਰਨ ਅਤੇ ਮੰਨੀਆਂ ਹੋਈਆਂ ਵਾਜਿਬ ਮੰਗਾਂ ਦੀ ਪ੍ਰਾਪਤੀ ਲਈ ਅਗਲੇ ਸੰਘਰਸ਼ ਦੀ ਰੂਪ ਰੇਖਾ ਉਲੀਕਣ ਲਈ 28 ਫਰਵਰੀ ਨੂੰ ਸਾਂਝੀ ਮੀਟਿੰਗ ਕਰਕੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ।ਆਗੂਆਂ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕੇ ਜੇਕਰ ਪੰਜਾਬ ਸਰਕਾਰ ਨੇ ਆਪਣੀਆਂ ਰਾਜਸੀ ਲੋੜਾਂ ਲਈ ਅਦਾਰੇ ਦੀਆਂ ਜ਼ਮੀਨਾਂ ਵੇਚਣ ਦਾ ਘਾਤਕ ਫੈਸਲਾ ਵਾਪਸ ਨਾ ਲਿਆ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਬਿਆਸ ਤੋਂ ਸੁਭਾਨਪੁਰ ਨੂੰ ਜਾਂਦਾ ਨੌਜਵਾਨ ਲਾਪਤਾ

**ਬਿਆਸ (ਪਰਮਜੀਤ ਸਿੰਘ ਰੱਖੜਾ)**-ਕਸਬਾ ਬਿਆਸ ਵਿੱਚ ਪੈਂਦੀ ਨਵੀਂ ਅਬਾਦੀ ਦੇ ਵਸਨੀਕ ਬਲਕਾਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦਾ ਬੇਟਾ ਮਨਦੀਪ ਸਿੰਘ ਉਮਰ 19 ਸਾਲ ਜੋ ਕਿ ਐੱਸ ਜੀ ਐੱਲ ਹਸਪਤਾਲ ਸੁਭਾਨਪੁਰ ਨੌਕਰੀ ਕਰਦਾ ਹੈ, ਨੂੰ ਬਲਕਾਰ ਸਿੰਘ 31 ਜਨਵਰੀ ਦੁਪਹਿਰ 12 ਵਜੇ ਬਿਆਸ ਬੱਸ ਸਟੈਂਡ ਤੋਂ ਸੁਭਾਨਪੁਰ ਡਿਊਟੀ 'ਤੇ ਜਾਣ ਲਈ ਬੱਸ ਤੇ ਚੜ੍ਹਾ ਕੇ ਆਇਆ ਸੀ ਜੋ ਕਿ ਨਾ ਹੀ ਸੁਭਾਨਪੁਰ ਹਸਪਤਾਲ ਵਿੱਚ ਡਿਊਟੀ ਤੇ ਪੁੱਜਾ ਅਤੇ ਨਾ ਹੀ ਘਰ ਵਾਪਿਸ ਪਰਤਿਆ।ਬਲਕਾਰ ਸਿੰਘ ਅਤੇ ਉਨ੍ਹਾਂ ਦੇ ਸਾਰੇ ਪਰਿਵਾਰਕ ਮੈਂਬਰਾਂ ਨੇ ਮਨਦੀਪ ਸਿੰਘ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ।ਲੇਕਿਨ ਮਨਦੀਪ ਸਿੰਘ ਦਾ ਕੋਈ ਪਤਾ ਨਹੀਂ ਲੱਗਾ।ਫਿਰ ਬਲਕਾਰ ਸਿੰਘ ਨੇ 2 ਫਰਵਰੀ ਨੂੰ ਪੁਲਸ ਥਾਣਾ ਬਿਆਸ ਵਿੱਚ ਮਨਦੀਪ ਸਿੰਘ ਦੇ ਗੁੰਮਸ਼ੁਦਗੀ ਦੀ ਦਰਖਾਸਤ ਵੀ ਦਿੱਤੀ ਸੀ ਲੇਕਿਨ ਹੁਣ ਤੱਕ ਵੀ ਮਨਦੀਪ ਸਿੰਘ ਦਾ ਕੁਝ ਵੀ ਪਤਾ ਨਹੀਂ ਲੱਗਾ।ਬਲਕਾਰ ਸਿੰਘ ਸਮੇਤ ਉਨ੍ਹਾਂ ਦਾ ਸਾਰੇ ਪਰਿਵਾਰ ਦਾ ਰੋ ਰੋ ਕੇ ਬਹੁਤ ਹੀ ਬੁਰਾ ਹਾਲ ਹੈ।ਉਨ੍ਹਾਂ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਮੇਰੇ ਬੇਟੇ ਮਨਦੀਪ ਸਿੰਘ ਨੇ ਕਾਲੇ ਰੰਗ ਦੀ ਕੋਟੀ ਅਤੇ ਹਰੇ ਰੰਗ ਦੀ ਹਾਫ ਜੈਕਟ, ਨੀਲੇ ਰੰਗ ਦੀ ਜੀਨ ਦੀ ਪੈਂਟ ਅਤੇ ਸਪੋਰਟਸ ਬੂਟ ਪਾਏ ਹਨ।ਅਗਰ ਕਿਸੇ ਨੂੰ ਵੀ ਮਨਦੀਪ ਸਿੰਘ ਬਾਰੇ ਪਤਾ ਲੱਗਦਾ ਹੈ ਤਾਂ ਸਾਡੇ ਨਾਲ ਸੰਪਰਕ ਕੀਤਾ ਜਾਵੇ।



# ਟੈਕਨੀਕਲ ਸਰਵਿਸਜ਼ ਯੂਨੀਅਨ ਨੇ ਕੇਂਦਰ ਸਰਕਾਰ ਤੇ ਪਾਵਰਕਾਮ ਮੈਨੇਜਮੈਂਟ ਦੀ ਅਰਥੀ ਫੂਕੀ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਅਤੇ ਕੋਆਰਡੀਨੇਸ਼ਨ ਕਮੇਟੀ ਆਫ ਪਾਵਰਕਾਮ ਐਂਡ ਟਰਾਂਸਕੋ ਆਊਟਸੋਰਸਡ ਮੁਲਾਜ਼ਮ ਪੰਜਾਬ ਦੇ ਫੈਸਲੇ ਅਨੁਸਾਰ ਸਬ ਡਵੀਜ਼ਨ ਹਰਸ਼ਾ ਛੀਨਾ ਵਿਖੇ ਕੇਂਦਰ ਸਰਕਾਰ ਵੱਲੋਂ ਉਦਯੋਗਿਕ ਕੋਡ ਸੋਧ ਬਿੱਲ ਪਾਸ ਕਰਕੇ ਪਾਰਲੀਮੈਂਟ ਵਿੱਚ ਮਨਜ਼ੂਰੀ ਦੇਣ ਦੇ ਵਿਰੋਧ ਵਿੱਚ ਅਤੇ ਪੰਜਾਬ ਸਰਕਾਰ ਤੇ ਪਾਵਰਕਾਮ ਦੀ ਮੈਨੇਜਮੈਂਟ ਵੱਲੋਂ ਪਟਿਆਲਾ ਵਿਖੇ ਬਡੂੰਗਰ ਦੀ 50 ਏਕੜ ਜ਼ਮੀਨ ਵੇਚਣ ਦੇ ਫੈਸਲੇ ਨੂੰ ਬੋਰਡ ਦੀ ਮੀਟਿੰਗ ਵਿੱਚ ਪ੍ਰਵਾਨਗੀ ਦੇਣ ਦੇ ਕੀਤੇ ਫੈਸਲੇ ਦੇ ਵਿਰੋਧ ਵਿੱਚ ਰੈਲੀ ਕਰਕੇ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਮੈਨੇਜਮੈਂਟ ਦੀ ਅਰਥੀ ਸਾੜੀ ਗਈ।ਆਗੂਆਂ ਨੇ ਗੇਟ ਰੈਲੀ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ ਤੋਂ ਬਣੇ ਲੋਕ ਪੱਖੀ ਕਾਨੂੰਨਾਂ ਨੂੰ ਵੱਡੀ ਪੱਧਰ ਤੇ ਤਬਦੀਲ ਅਤੇ ਬਹੁਤ ਸਾਰੇ ਕਾਨੂੰਨਾਂ ਨੂੰ ਮੁੱਢੋਂ ਹੀ ਖਤਮ ਕੀਤਾ ਜਾ ਰਿਹਾ ਹੈ।ਕੇਂਦਰ ਸਰਕਾਰ ਵੱਲੋਂ ਵੱਡੀ ਪੱਧਰ ਤੇ ਕਾਰਪੋਰੇਟ ਪੱਖੀ ਨਵੇਂ ਨਵੇਂ ਕਾਨੂੰਨ ਲਿਆ ਕੇ ਕਿਰਤੀ ਲੋਕਾਂ ਦੀ ਰੱਤ ਨਿਚੋੜ ਲੁੱਟ ਕਰਨ ਦਾ ਹੱਲਾ ਵਿੱਢਿਆ ਹੋਇਆ ਹੈ।ਇਸ ਹੱਲੇ ਤਹਿਤ ਹੀ ਉਦਯੋਗਿਕ ਸਬੰਧ ਕੋਡ ਸੋਧ ਬਿੱਲ ਪਾਰਲੀਮੈਂਟ ਵਿੱਚ ਪਾਸ ਕਰ ਦਿੱਤਾ ਗਿਆ ਹੈ। ਕਾਮਾ ਦੋਖੀ ਚਾਰ ਲੇਬਰ ਕੋਡ ਵੀ ਲਾਗੂ ਕੀਤੇ ਜਾ ਰਹੇ ਹਨ।ਖੇਤੀ ਤੇ ਕਾਰਪੋਰੇਟੀ ਕਬਜ਼ਾ ਕਰਾਉਣ ਲਈ ਬੀਜ ਬਿੱਲ 2025 ਲਿਆਂਦਾ ਜਾ ਰਿਹਾ ਹੈ।ਪੰਜਾਬ ਸਰਕਾਰ ਵੱਲੋਂ ਪਾਵਰਕਾਮ ਦੀਆਂ ਜ਼ਮੀਨਾਂ ਵੇਚੀਆਂ ਜਾ ਰਹੀਆਂ ਹਨ, ਪਟਿਆਲਾ ਨੇੜੇ ਬਡੂੰਗਰ ਦੀ 50 ਏਕੜ ਜ਼ਮੀਨ ਵੇਚਣ ਦਾ ਫੈਸਲਾ ਬੋਰਡ ਆਫ ਡਾਇਰੈਕਟਰ ਦੀ ਮੀਟਿੰਗ ਵਿੱਚ ਕਰ ਦਿੱਤਾ ਗਿਆ ਹੈ, ਰਾਜਪੁਰਾ ਥਰਮਲ ਪਲਾਂਟ ਗੁਜਰਾਤ ਦੀ ਇੱਕ ਕੰਪਨੀ ਨੂੰ ਵੇਚ ਦਿੱਤਾ ਗਿਆ ਹੈ, ਜਿਸ ਦੀ ਆਗੂਆਂ ਨੇ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਕੇਂਦਰ ਤੇ ਪੰਜਾਬ ਸਰਕਾਰ ਇਹਨਾਂ ਨੀਤੀਆਂ ਨੂੰ ਲਾਗੂ ਕਰਨਾ ਬੰਦ ਕਰੇ।ਆਗੂਆਂ ਨੇ ਕਿਹਾ ਕਿ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਦੀਆਂ 90 ਦੇ ਕਰੀਬ ਜਥੇਬੰਦੀਆਂ ਦੇ ਸਾਂਝੇ ਫੈਸਲੇ ਮੁਤਾਬਕ 22 ਫਰਵਰੀ ਨੂੰ ਅੰਮ੍ਰਿਤਸਰ ਵਿਖੇ ਬੀ.ਜੇ.ਪੀ. ਦੇ ਤਰੁਣ ਚੁੱਘ ਅਤੇ ਆਮ ਆਦਮੀ ਪਾਰਟੀ ਦੇ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੇ ਘਰਾਂ ਸਾਹਮਣੇ ਸਾਂਝੇ ਵਿਸ਼ਾਲ ਰੋਸ ਧਰਨੇ ਦਿੱਤੇ ਜਾਣਗੇ।ਜੇਕਰ ਕੇਂਦਰ ਸਰਕਾਰ ਵੱਲੋਂ ਲੋਕ ਸਭਾ/ਰਾਜ ਸਭਾ ਵਿੱਚ ਬਿਜਲੀ ਸੋਧ ਬਿੱਲ 2025 ਅਤੇ ਬੀਜ ਬਿੱਲ 2025 ਲਿਆਂਦਾ ਗਿਆ ਤਾਂ ਉਸ ਦਿਨ ਨੂੰ ਕਾਲਾ ਦਿਨ ਮਨਾਉਂਦਿਆਂ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਗੇਟ ਰੈਲੀ ਨੂੰ ਸਰਕਲ ਪ੍ਰਧਾਨ ਮਲਕੀਅਤ ਸਿੰਘ ਸੈਂਸਰਾ, ਸਬ ਡਵੀਜ਼ਨ ਪ੍ਰਧਾਨ ਜੁਗਰਾਜ ਸਿੰਘ ਛੀਨਾ, ਪਰਮਿੰਦਰ ਸਿੰਘ ਅਦਲੀਵਾਲ, ਦਵਿੰਦਰ ਸਿੰਘ ਲੁਹਾਰਕਾ, ਬਲਜਿੰਦਰ ਸਿੰਘ, ਰਾਜਬੀਰ ਸਿੰਘ, ਨਰਿੰਦਰ ਕੁਮਾਰ ਨੇ ਸੰਬੋਧਨ ਕੀਤਾ।



## ਸ਼੍ਰੋਮਣੀ ਅਕਾਲੀ ਦਲ ਵੱਲੋਂ ਰੈਲੀਆਂ ਸ਼ੁਰੂ

ਕਾਦੀਆਂ, (ਯਾਦਵਿੰਦਰ ਸਿੰਘ ਮਲਹੋਤਰਾ)-ਪੰਜਾਬ ਬਚਾਓ, ਸੁਖਬੀਰ ਲਿਆਓ ਨਾਰੇ ਹੇਠ ਪੂਰੇ ਪੰਜਾਬ ਵਿੱਚ ਰੈਲੀਆਂ ਦੀ ਲੜੀ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਦੀ ਸ਼ੁਰੂਆਤ ਕਾਦੀਆਂ ਤੋਂ ਹੋਈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੱਡੀ ਗਿਣਤੀ ਵਿੱਚ ਪਹੁੰਚੇ ਵਰਕਰਾਂ ਨੂੰ ਸੰਬੋਧਨ ਕੀਤਾ।ਹਲਕਾ ਇੰਚਾਰਜ



ਕਾਦੀਆਂ ਗੁਰਇਕਬਾਲ ਸਿੰਘ ਮਾਹਲ ਨੇ ਆਏ ਵਰਕਰਾਂ ਦਾ ਧੰਨਵਾਦ ਕਰਦੇ ਹੋਏ ਦਾਅਵਾ ਕੀਤਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਅਕਾਲੀ ਦਲ ਵੱਡੀ ਜਿੱਤ ਹਾਸਲ ਕਰੇਗਾ ਅਤੇ ਸੁਖਬੀਰ ਸਿੰਘ ਬਾਦਲ ਮੁੱਖ ਮੰਤਰੀ ਬਣਨਗੇ।ਉਨ੍ਹਾਂ ਨੇ ਭਗਵੰਤ ਮਾਨ ਦੀ ਸਰਕਾਰ ਅਤੇ ਪ੍ਰਤਾਪ ਸਿੰਘ ਬਾਜਵਾ ਨੂੰ ਵੀ ਨਿਸ਼ਾਨੇ ਤੇ ਲਿਆ।ਇਸ ਦੌਰਾਨ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਦੀ ਤਰੱਕੀ ਲਈ ਜ਼ਿਆਦਾਤਰ ਕੰਮ ਬਾਦਲ ਸਰਕਾਰਾਂ ਦੌਰਾਨ ਹੋਏ ਹਨ।ਆਪਣੇ ਸੰਬੋਧਨ ਵਿੱਚ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਦਿੱਲੀ ਤੋਂ ਚੱਲ ਰਹੀ ਹੈ ਅਤੇ ਸੂਬੇ ਦੇ ਸਰੋਤ ਪਾਰਟੀ ਹਿਤਾਂ ਲਈ ਵਰਤੇ ਜਾ ਰਹੇ ਹਨ, ਜਿਸ ਲਈ ਉਨ੍ਹਾਂ ਨੇ ਅਰਵਿੰਦ ਕੇਜਰੀਵਾਲ ਦਾ ਨਾਮ ਲਿਆ।ਉਨ੍ਹਾਂ ਨੇ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਆਉਣ ਤੇ ਬੰਬੀਆਂ ਦੇ ਕੁਨੈਕਸ਼ਨ ਦਿੱਤੇ ਜਾਣਗੇ ਅਤੇ ਹਰ ਜ਼ਿਲ੍ਹੇ ਵਿੱਚ ਮੈਡੀਕਲ ਕਾਲਜ ਖੋਲ੍ਹੇ ਜਾਣਗੇ।ਇਸ ਤੋਂ ਇਲਾਵਾ ਹੋਰ ਕਈ ਐਲਾਨ ਵੀ ਕੀਤੇ ਗਏ।

## ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਪਬਲਿਕ ਸਕੂਲ ਵੱਲੋਂ ਵਿਦਾਇਗੀ ਪਾਰਟੀ

**ਧਾਰੀਵਾਲ, (ਮਨਦੀਪ ਵਿੱਕੀ)**-ਸਾਹਿਬਜਾਦਾ ਜੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਵਿਖੇ( ਪ੍ਰਿੰਸੀਪਲ) ਡਾ: ਗਗਨਜੀਤ ਕੌਰ ਦੀ ਰਹਿਨੁਮਾਈ ਹੇਠ ਬਾਰਵੀਂ ਦੇ ਵਿਦਿਆਰਥੀਆਂ ਦੀ ਵਿਦਾਇਗੀ ਪਾਰਟੀ ਹੋਈ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਅਤੇ ਰੰਗਾਂ



ਰੰਗ ਪ੍ਰੋਗਰਾਮ ਪੇਸ਼ ਕੀਤੇ ਗਏ ਜਿਸ ਵਿੱਚ ਸੱਭਿਆਚਾਰਕ ਗੀਤ ਕਵਿਤਾਵਾ ਵੱਖ ਵੱਖ ਤਰ੍ਹਾਂ ਦੇ ਲੋਕ ਨਾਚ ਪੇਸ਼ ਕੀਤੇ ਗਏ ਇਸ ਤੋਂ ਇਲਾਵਾ ਬਾਰਵੀਂ ਦੇ ਬੱਚਿਆਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਗੇਮਾਂ ਖਿਡਾਈਆਂ ਗਈਆਂ ਇਸ ਮੌਕੇ ਤੇ ਜੱਜਾਂ ਦੀ ਭੂਮਿਕਾ ਮੈਡਮ ਸ਼ਸ਼ੀ ਬਾਲਾ ਮੈਡਮ ਦਲਜੀਤ ਕੌਰ ਅਤੇ ਮੈਡਮ ਸੁਖਜੀਤ ਕੌਰ ਨੇ ਨਿਭਾਈ ਜਿਸ ਵਿੱਚ ਉਹਨਾਂ ਵੱਲੋਂ ਮਿਸ ਫੇਅਰਵੈਲ ਹਰਨੀਤ ਕੌਰ ਮਿਸ ਚਾਰਮਿੰਗ ਹਰਪ੍ਰੀਤ ਕੌਰ ਬਿਊਟੀਫੁਲ ਅਟਾਇਰ ਹਰਲੀਨ ਕੌਰ ਬਿਊਟੀਫੁਲ ਹੇਅਰ ਸਿਮਰਨਜੀਤ ਕੌਰ ਸਟੂਡੈਂਟ ਆਫ ਦਾ ਯੀਅਰ ਚਰਨਜੀਤ ਕੌਰ ਸਟਾਰ ਅਚੀਵਰ ਰਵਨੀਤ ਕੌਰ ਤੇ ਦੁਰਮਨ ਮੋਸਟ ਪੰਕਚੁਅਲ ਸਟੂਡੈਂਟ ਗਗਨਪ੍ਰੀਤ ਕੌਰ ਸਟਾਰ ਅਚੀਵਰ ਵੀਰ ਪ੍ਰਤਾਪ ਸ਼ਰਮਾ ਤੇ ਮਨਪ੍ਰੀਤ ਸਿੰਘ ਮੋਸਟ ਪੰਕਚੁਅਲ ਸਟੂਡੈਂਟ ਸੁਪਨਦੀਪ ਸਿੰਘ ਨੂੰ ਚੁਣਿਆ ਗਿਆ ਇਸ ਮੌਕੇ ਤੇ (ਪ੍ਰਿੰਸੀਪਲ) ਡਾ: ਗਗਨਜੀਤ ਕੌਰ ਵੱਲੋਂ ਬੱਚਿਆਂ ਨੂੰ ਆਉਣ ਵਾਲੇ ਇਮਤਿਹਾਨਾ ਤੇ ਉੱਜਵਲ ਭਵਿੱਖ ਲਈ ਸ਼ੁਭ ਇਛਾਵਾਂ ਦਿੱਤੀਆਂ ਗਈਆ ਇਸ ਵੇਲੇ ਸਮੂਹ ਸਟਾਫ ਵੀ ਹਾਜ਼ਰ ਸੀ।

## ਲੇਜ਼ ਵੱਲੋਂ ਆਪਣੀ ਨਵੀਂ ਰਿਫ੍ਰੈਸ਼ ਬ੍ਰਾਂਡ ਪਛਾਣ ਨੂੰ ਲਾਂਚ ਕਰਨ ਦਾ ਐਲਾਨ

ਅੰਮ੍ਰਿਤਸਰ : ਪੈਪਸਿਕੋ ਦਾ ਮਸ਼ਹੂਰ ਆਲੂ ਚਿਪਸ ਬ੍ਰਾਂਡ ਲੇਜ਼ ਨੇ ਭਾਰਤ ਵਿੱਚ ਆਪਣੀ ਨਵੀਂ ਤਾਜ਼ਾ ਬ੍ਰਾਂਡ ਪਛਾਣ ਲਾਂਚ ਕਰਨ ਦਾ ਐਲਾਨ ਕੀਤਾ ਹੈ। ਲਗਭਗ 100 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਗਲੋਬਲ ਬ੍ਰਾਂਡ ਰਿਫ੍ਰੈਸ਼ ਤਹਿਤ, ਭਾਰਤ ਵਿੱਚ ਲੇਜ਼ ਦਾ ਇਹ ਨਵਾਂ ਰੂਪ ਬ੍ਰਾਂਡ ਐਂਬੈਸਡਰ ਰਣਬੀਰ ਕਪੂਰ ਨਾਲ ਨਵੇਂ ਕੈਂਪੇਨ ਲੇਜ਼ ਕੇ ਲਈ ਕੁਝ ਵੀ ਰਾਹੀਂ ਪੇਸ਼ ਕੀਤਾ ਜਾਵੇਗਾ।ਖੇਤੀਬਾੜੀ ਵਿੱਚ ਲੇਜ਼ ਦੀ ਵਿਰਾਸਤ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤੀ ਗਈ ਇਸ ਨਵੀਂ ਪਛਾਣ ਵਿੱਚ ਬ੍ਰਾਂਡ ਦੀ ਖਾਸੀਅਤ ਦਾ ਜਸ਼ਨ ਮਨਾਇਆ ਜਾਵੇਗਾ।ਪੈਕ 'ਤੇ ਲਿਖਿਆ ਸੁਨੇਹਾ ਮੇਡ ਵਿਦ ਫਾਇਨੇਸਟ ਪੋਟੈਟੋਜ਼ ਇਹ ਦਰਸਾਉਂਦਾ ਹੈ ਕਿ ਲੇਜ਼ ਵਧੀਆ ਸਮੱਗਰੀ ਦੀ ਵਰਤੋਂ ਲਈ ਪੱਕੀ ਵਚਨਬੱਧ ਹੈ।ਇਸ ਬ੍ਰਾਂਡ ਰਿਫ੍ਰੈਸ਼ ਬਾਰੇ ਪੈਪਸਿਕੋ ਇੰਡੀਆ ਦੀ ਚੀਫ ਮਾਰਕੀਟਿੰਗ ਅਫਸਰ (ਫੂਡਜ਼) ਸਾਕਸ਼ੀ ਵਰਮਾ ਮੇਨਨ ਨੇ ਕਿਹਾ ਕਿ ਲਗਭਗ ਇੱਕ ਸਦੀ ਤੋਂ ਲੇਜ਼ ਇਸ ਭਰੋਸੇ ਤੇ ਕਾਇਮ ਹੈ ਕਿ ਸਾਡੇ ਸੁਆਦਲੇ ਪ੍ਰੋਡਕਟਾਂ ਦੀ ਸ਼ੁਰੂਆਤ ਖੇਤਾਂ ਤੋਂ ਹੁੰਦੀ ਹੈ। ਅੱਜ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਗਲੋਬਲ ਰਿਫ੍ਰੈਸ਼ ਤਹਿਤ ਅਸੀਂ ਇਹ ਭਰੋਸਾ ਨਵੇਂ ਅੰਦਾਜ਼ ਵਿੱਚ ਭਾਰਤ ਦੇ ਗਾਹਕਾਂ ਤੱਕ ਪਹੁੰਚਾ ਰਹੇ ਹਾਂ।

## ਧੰਨ-ਧੰਨ ਬਾਬਾ ਪੀਰ ਸੇਵਾ ਨਾਥ ਦੀ ਜਗ੍ਹਾ 'ਤੇ ਸ਼ਿਵਰਾਤਰੀ ਮਨਾਈ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਜਿਲਾ ਅੰਮ੍ਰਿਤਸਰ ਦੇ ਇਤਿਹਾਸਿਕ ਪਿੰਡ ਉਦੋਕੇ ਕਲਾਂ ਵਿੱਚ ਪੁਰਾਤਨ ਜਗ੍ਹਾ ਧੰਨ ਧੰਨ ਬਾਬਾ ਪੀਰ ਸੇਵਾ ਨਾਥ ਜੀ ਦੇ ਸਥਾਨ 'ਤੇ



ਹਰ ਸਾਲ ਦੀ ਤਰ੍ਹਾਂ ਸ਼ਿਵਰਾਤਰੀ ਬੜੀ ਧੂਮ ਧਾਮ ਨਾਲ ਮਨਾਈ ਗਈ ਜਿਸ ਵਿੱਚ ਇਲਾਕੇ ਭਰ ਦੀ ਸੰਗਤ ਨੇ ਸ਼ਿਰਕਤ ਕੀਤੀ।ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।ਇਸ ਮੌਕੇ ਮਾਸਟਰ ਜਗੀਰ ਸਿੰਘ, ਪ੍ਰਿੰਸੀਪਲ ਗੁਰਸੇਵਕ ਸਿੰਘ, ਡਾਕਟਰ ਰਕੇਸ਼ ਕੁਮਾਰ, ਰਵੀ ਕੁਮਾਰ ਸ਼ਰਮਾ, ਰਮੇਸ਼ ਕੁਮਾਰ, ਸੰਜੀਵ ਕੁਮਾਰ, ਮਨਜੀਤ ਕੁਮਾਰ, ਹਰਦੇਵ ਕੁਮਾਰ, ਨਿਰਮਲ ਸਿੰਘ, ਗੁਰਮੁਖ ਸਿੰਘ, ਕਵਲਜੀਤ ਸਿੰਘ, ਗੁਰਪ੍ਰੀਤ ਸਿੰਘ, ਰਾਹੁਲ ਕੁਮਾਰ ਆਦਿ ਹਾਜ਼ਰ ਸਨ।

# ਨਸ਼ਾ ਛੱਡਣ ਦੀ ਇੱਛਾ ਰੱਖਣ ਵਾਲਿਆਂ ਲਈ ਵਰਦਾਨ ਸਾਬਤ ਹੋ ਰਹੀ ਹੈ ਸੀ ਐੱਮ ਦੀ ਯੋਗਸ਼ਾਲਾ : ਡੀ ਸੀ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ, ਨਸ਼ਾ ਛੱਡਣ ਦੇ ਚਾਹਵਾਨ ਨੌਜਵਾਨਾਂ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਸੀਐੱਮ ਦੀ ਯੋਗਸ਼ਾਲਾ ਵਰਦਾਨ ਸਾਬਤ ਹੋ ਰਹੀ ਹੈ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲਕਦਮੀ ਤੇ ਸ਼ੁਰੂ ਕੀਤੀ ਗਈ ਸੀਐੱਮ ਦੀ ਯੋਗਸ਼ਾਲਾ ਅਧੀਨ, ਨਸ਼ਾ ਛੁਡਾਊ ਕੇਂਦਰਾਂ ਵਿੱਚ ਨਿਯਮਿਤ ਤੌਰ ਤੇ ਯੋਗਾ ਕਲਾਸਾਂ ਲਗਾਈਆਂ ਜਾ ਰਹੀਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਗੁਰੂ ਨਾਨਕ ਮੈਡੀਕਲ ਹਸਪਤਾਲ ਵਿੱਚ ਸਵਾਮੀ ਵਿਵੇਕਾਨੰਦ ਨਸ਼ਾ ਛੁਡਾਊ ਕੇਂਦਰ ਅਤੇ ਮੁੜ ਵਸੇਬਾ ਤੇ ਇਲਾਜ ਕੇਂਦਰ ਵਿਖੇ ਸਵੇਰੇ ਅਤੇ ਸ਼ਾਮ ਨੂੰ ਸੀ.ਐੱਮ ਦੀ ਯੋਗਸ਼ਾਲਾ ਤਹਿਤ ਯੋਗਾ ਸੈਸ਼ਨ ਆਯੋਜਿਤ ਕੀਤੇ ਜਾ ਰਹੇ ਹਨ, ਜਿਸ ਵਿੱਚ ਯੋਗਾ ਇੰਸਟ੍ਰਕਟਰ. ਸੁਨੀਲ ਕੁਮਾਰ ਦੁਆਰਾ ਹਰ ਰੋਜ਼ ਲਗਭਗ 50 ਲੋਕਾਂ ਨੂੰ ਯੋਗਾ ਸਿਖਾਇਆ ਜਾ ਰਿਹਾ ਹੈ।ਇਨ੍ਹਾਂ ਸੈਸ਼ਨਾਂ ਵਿੱਚ ਧਿਆਨ, ਸੂਖਮ ਵੇਆਮ, ਹਾਸੇ ਦੀ ਥੈਰੇਪੀ, ਤਾੜੀ ਵਜਾਉਣਾ, ਯੋਗ ਆਸਣ ਅਤੇ ਪ੍ਰਾਣਾਯਾਮ ਵਰਗੀਆਂ ਗਤੀਵਿਧੀਆਂ ਸ਼ਾਮਲ ਹਨ ਜੋ ਮਰੀਜ਼ਾਂ ਨੂੰ ਤਣਾਅ ਘਟਾਉਣ ਅਤੇ ਸਿਹਤਮੰਦ ਬਣਨ ਵਿੱਚ



ਮਦਦ ਕਰਦੀਆਂ ਹਨ।ਇਹ ਯੋਗ ਆਸਣ ਨਸ਼ਾ ਛੱਡ ਰਹੇ ਮਰੀਜ਼ਾਂ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਤਕੜਿਆਂ ਕਰ ਰਹੇ ਹਨ ਅਤੇ ਇਹ ਨੌਜਵਾਨ ਨਸ਼ੇ ਛੱਡ ਕੇ ਆਮ ਜ਼ਿੰਦਗੀ ਵਿੱਚ ਪਰਤ ਰਹੇ ਹਨ।ਨਸ਼ਾ ਛੁਡਾਊ ਕੇਂਦਰ ਵਿੱਚ ਨਸ਼ਾ ਛੱਡਣ ਆਏ ਨੌਜਵਾਨਾਂ ਨੇ ਦੱਸਿਆ ਕਿ ਯੋਗ ਕਰਨ ਦੇ ਨਾਲ ਮੇਰੇ ਸਰੀਰ ਦੀ ਲਚਕੀਲਾਪਨ ਅਤੇ ਨਸ਼ੇ ਦੀ ਤੋੜ ਨਾਲ ਹੋਣ ਵਾਲੇ ਦਰਦ ਵੀ ਠੀਕ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਯੋਗ ਕਰਨ ਨਾਲ ਹੁਣ ਉਹ ਆਪਣੇ ਆਪ ਨੂੰ ਤੰਦਰੁਸਤ ਮਹਿਸੂਸ ਕਰ ਰਹੇ ਹਨ।ਨਸ਼ਾ ਛੱਡਣ ਆਏ ਇਕ ਹੋਰ ਨੌਜਵਾਨ ਨੇ ਦੱਸਿਆ ਕੀ ਐਕਸੀਡੈਂਟ ਦੇ ਕਾਰਨ ਮੇਰੀ ਲੱਤ ਵਿੱਚ ਦਰਦ ਰਹਿੰਦਾ ਸੀ, ਯੋਗ ਕਰਨ ਦੇ ਨਾਲ ਮੇਰਾ ਪੁਰਾਣਾ ਦਰਦ ਠੀਕ ਹੋ ਰਿਹਾ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੀਐੱਮ ਦੀ ਯੋਗਸ਼ਾਲਾ ਤਹਿਤ ਜ਼ਿਲ੍ਹੇ ਵਿੱਚ 248 ਯੋਗਾ ਕਲਾਸਾਂ ਚੱਲ ਰਹੀਆਂ ਹਨ ਅਤੇ 66 ਯੋਗਾ ਟ੍ਰੇਨਰ ਨਿਯੁਕਤ ਕੀਤੇ ਗਏ ਹਨ।ਇਹ ਯੋਗਾ ਕਲਾਸਾਂ ਬਿਲਕੁਲ ਮੁਫ਼ਤ ਹਨ ਅਤੇ ਵੱਡੀ ਗਿਣਤੀ ਵਿੱਚ ਲੋਕ ਇਨ੍ਹਾਂ ਕਲਾਸਾਂ ਦਾ ਲਾਭ ਉਠਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਕਲਾਸਾਂ ਵਿੱਚੋਂ 105 ਕਲਾਸਾਂ ਸ਼ਹਿਰੀ ਖੇਤਰ ਅਤੇ 143 ਕਲਾਸਾਂ ਦਿਹਾਤੀ ਖੇਤਰ ਵਿੱਚ ਚੱਲ ਰਹੀਆਂ ਹਨ, ਜਿਥੇ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋ ਕੇ ਆਪਣੇ ਆਪ ਨੂੰ ਨਿਰੋਗ ਬਣਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਹ ਯੋਗ ਕਲਾਸਾਂ ਸਵੇਰੇ ਅਤੇ ਸ਼ਾਮ ਚੱਲ ਰਹੀਆਂ ਹਨ।ਸੀਐੱਮ ਦੀ ਯੋਗਸ਼ਾਲਾ ਦੇ ਅੰਮ੍ਰਿਤਸਰ ਦੇ ਜ਼ਿਲ੍ਹਾ ਕੋਆਰਡੀਨੇਟਰ ਸੰਜੇ ਸਿੰਘ ਨੇ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਨਸ਼ੇ ਦੀ ਦਲਦਲ ਵਿੱਚ ਫਸੇ ਲੋਕਾਂ ਨੂੰ ਨਵਾਂ ਜੀਵਨ ਦੇਣਾ ਹੈ ਅਤੇ ਨਾਲ ਹੀ ਉਨ੍ਹਾਂ ਨੂੰ ਸਵੈ-ਨਿਰਭਰ ਅਤੇ ਆਤਮ-ਵਿਸ਼ਵਾਸੀ ਬਣਾਉਣਾ ਹੈ।ਨਸ਼ਾ ਛੱਡਣ ਦੇ ਚਾਹਵਾਨ ਲੋਕ ਇਸ ਪਹਿਲਕਦਮੀ ਵਿੱਚ ਉਤਸ਼ਾਹ ਨਾਲ ਹਿੱਸਾ ਲੈ ਰਹੇ ਹਨ ਅਤੇ ਆਮ ਜ਼ਿੰਦਗੀ ਵੱਲ ਵਧ ਰਹੇ ਹਨ।

# ਪੰਜਾਬ ਖੇਤੀਬਾੜੀ ਵਿਕਾਸ ਬੈਂਕ ਨੂੰ ਬੰਦ ਕਰਨ ਦੇ ਵਿਰੁੱਧ ਕਿਸਾਨਾਂ ਵੱਲੋਂ ਸੰਘਰਸ਼ ਦਾ ਐਲਾਨ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਸੂਬਾ ਕਮੇਟੀ ਦੀ ਮੀਟਿੰਗ ਜਥੇਬੰਦੀ ਦੇ ਹੈੱਡ ਕੁਆਰਟਰ ਪਿੰਡ ਚੱਬਾ ਵਿਖੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਹੋਰ ਨਾ ਮੁੱਦਿਆਂ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਖੇਤੀਬਾੜੀ ਵਿਕਾਸ ਬੈਂਕ ਨੂੰ ਬੰਦ ਕਰਨ ਦੀ ਤਿਆਰੀ ਦੇ ਵਿਰੋਧ ਵਿੱਚ ਖੁੱਲ ਕੇ ਵਿਚਾਰ ਚਰਚਾ ਕੀਤੀ ਗਈ।ਸੂਬਾ ਕਮੇਟੀ ਮੈਂਬਰ ਸਵਿੰਦਰ ਸਿੰਘ ਚੁਤਾਲਾ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਵਿਕਾਸ ਬੈਂਕ ਇੱਕ ਅਜਿਹਾ ਅਦਾਰਾ ਹੈ ਕਿ ਕਿਸਾਨਾਂ ਨੂੰ ਸਸਤੇ ਵਿਆਜ ਦਰਾਂ ਤੇ ਕਰਜ਼ਾ ਦਿੰਦਾ ਹੈ ਅਤੇ ਕਰਜ਼ਾ ਦੇਣ ਸਮੇਂ ਕਿਸਾਨਾਂ ਦੀ ਸਿਬਲ ਵੀ ਚੈਕ ਨਹੀਂ ਕਰਦਾ ਲੰਮੇ ਸਮੇਂ ਤੋਂ ਛੋਟੇ ਵੱਡੇ ਲੱਖਾਂ ਕਿਸਾਨਾਂ ਇਸ ਬੈਂਕ ਨਾਲ ਜੁੜੇ ਹਨ ਅਤੇ ਘੱਟ ਵਿਆਜ ਤੇ ਆਸਾਨ ਕਿਸ਼ਤਾਂ ਵਿੱਚ ਵਾਪਸ ਕਰਨ ਯੋਗ ਕਰਜੇ ਮੁਹਈਆ ਕਰਾਉਂਦਾ ਹੈ ਇਸ ਦੇ ਉਲਟ ਖੇਤੀਬਾੜੀ ਬਾਜ਼ਾਰ ਵਿੱਚ ਪ੍ਰਾਈਵੇਟ ਬੈਂਕ ਕਿਸਾਨ ਦੀ ਜਮੀਨ ਰਹਿਨਾਮਾ ਕਰਕੇ ਭਾਰੀ ਵਿਆਜ ਦਰਾਂ ਤੇ ਕਰਜਾ ਦੇ ਕੇ ਕਿਸਾਨ ਦੀ ਪੂਰੀ ਛਿੱਲ ਲਾਹੁੰਦੇ ਹਨ ਅਤੇ ਜੇਕਰ ਕਿਸਾਨ ਕੋਲੋਂ ਸਮੇਂ ਸਿਰ ਕਰਜ਼ਾ ਵਾਪਸ ਨਹੀਂ ਕੀਤਾ ਜਾਂਦਾ ਤਾਂ ਜ਼ਮੀਨ ਦੀ ਕੁਰਕੀ ਜਾ ਨਿਲਾਮੀ ਵੀ ਕੀਤੀ ਜਾਂਦੀ ਹੈ ਇਹੋ ਜਿਹੇ ਦੌਰ ਵਿੱਚ ਕਿਸਾਨ ਪੱਖੀ ਬੈਂਕ ਦਾ ਬਾਜ਼ਾਰ ਵਿੱਚ ਸਥੀਰ ਰਹਿਣਾ



ਬਹੁਤ ਜ਼ਰੂਰੀ ਹੈ ਸੰਨ 2021 ਦਸੰਬਰ ਮਹੀਨੇ ਵਿੱਚ ਉਸ ਸਮੇਂ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਮੀਟਿੰਗ ਚੰਡੀਗੜ੍ਹ ਵਿਖੇ ਲੱਗੀ ਸੀ ਜਿਸ ਵਿੱਚ ਇਸ ਬੈਂਕ ਨੂੰ ਸਹਾਇਤਾ ਵਜੋਂ 2300 ਕਰੋੜ ਦੀ ਰਾਹਤ ਜਾਰੀ ਕਰਵਾਈ ਸੀ ਭਗਵੰਤ ਮਾਨ ਦੀ ਸਰਕਾਰ ਬਣਨ ਤੇ ਇਹ ਫਿਰ 800 ਕਰੋੜ ਰੁਪਏ ਕਰ ਦਿੱਤੀ ਗਈ ਸੀ ਕਿਸਾਨਾਂ ਨੇ ਭਗਵੰਤ ਮਾਨ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਸ ਕਿਸਾਨ ਪੱਖੀ ਬੈਂਕ ਨੂੰ ਬੰਦ ਕਰਨ ਦਾ ਫੈਸਲਾ ਵਾਪਸ ਨਾ ਲਿਆ ਤਾਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਸੂਬਾ ਪੱਧਰੀ ਸੰਘਰਸ਼ ਵਿੱਢਿਆ ਜਾਵੇਗਾ।

# ਨਾਨਕਚੱਕ ਵਿਖੇ ਅੱਖਾਂ ਦਾ ਫ੍ਰੀ ਕੈਂਪ 23 ਨੂੰ

ਫਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ) ਤਪ ਅਸਥਾਨ ਮੰਦਿਰ ਭਗਵਾਨ ਸ੍ਰੀਚੰਦ ਜੀ ਨਾਨਕਚੱਕ ਦੇ ਮੌਜੂਦਾ ਗੱਦੀ ਨਸੀਨ ਮਹੰਤ ਹਰੀ ਕੁੰਭ ਦਾਸ ਜੀ ਨੇ ਦੱਸਿਆ ਧੰਨ ਧੰਨ ਬਾਬਾ ਸ੍ਰੀ ਚੰਦ ਜੀ ਦੀ ਕ੍ਰਿਪਾ ਸਦਕਾ ਨਿਊ ਅਕਾਲ ਹਸਪਤਾਲ ਬਟਾਲਾ ਦੇ ਡਾਕਟਰ ਗੁਰਬਾਜ ਸਿੰਘ ਦੇ ਯਤਨਾ ਸਦਕਾ ਅੱਖਾਂ ਦਾ ਫ੍ਰੀ ਕੈਂਪ 23 ਫਰਵਰੀ 2026, ਦਿਨ ਸੋਮਵਾਰ ਨੂੰ ਮੰਦਰ ਭਗਵਾਨ ਸ਼੍ਰੀ ਚੰਦ ਜੀ, ਪਿੰਡ ਨਾਨਕ ਚੱਕ ਵਿਖੇ ਲਗਾਇਆ ਜਾ ਰਿਹਾ ਹੈ। ਇਸ ਕੈਂਪ ਵਿੱਚ ਰੂਬੀ ਨੈਲਸਨ ਹਸਪਤਾਲ, ਜਲੰਧਰ ਦੇ ਮਾਹਿਰ ਡਾਕਟਰਾਂ ਵੱਲੋਂ ਚੈਕਅੱਪ ਅਤੇ ਫ੍ਰੀ ਆਪ੍ਰੇਸ਼ਨ ਕੀਤੇ ਜਾਣਗੇ।



ਇਸ ਵਿੱਚ ਅੱਖਾਂ ਦਾ ਮੁਫ਼ਤ ਚੈਕਅੱਪ, ਮੁਫ਼ਤ ਦਵਾਈਆਂ, ਮੁਫ਼ਤ ਚਿੱਟੇ ਮੋਤੀਏ ਦਾ ਆਪ੍ਰੇਸ਼ਨ ਲੈਂਜ਼ ਦੇ ਨਾਲ ਕੀਤਾ ਜਾਵੇਗਾ।ਇਸ ਮੌਕੇ ਰਵਿੰਦਰ ਮੁਨੀ, ਵਿਨੋਦ ਮੁਨੀ, ਤਿਲਕ ਰਾਜ, ਦੁਰਗਾ ਪ੍ਰਸਾਦ, ਰਾਜੂ ਬੇਦੀ, ਸੰਦੀਪ ਬੇਦੀ ਨਾਨਕਚੱਕ, ਮਾਸਟਰ ਸੰਦੀਪ ਸਿੰਘ ਜਾਗਲਾ, ਰੰਮੀ ਅਲੀਵਾਲ, ਯਾਦਵਿੰਦਰ ਸਿੰਘ ਕਾਦੀਆ ਰਾਜਪੂਤਾਂ, ਜਸ ਲੋਧੀਨੰਗਲ, ਰਣਜੋਧ ਸਿੰਘ ਘਣੀਏ ਕੇ ਬਾਂਗਰ, ਪ੍ਰਿੰਸ ਢੱਲਾ ਘਣੀਏ ਕੇ ਬਾਂਗਰ, ਮਨਪਿੰਦਰ ਸਿੰਘ ਮੰਨਾ ਸੀੜਾ, ਦੁਰਲੱਭ ਪੱਤੀ ਪਕੀਵਾਂ, ਰਣਜੀਤ ਕੋਟਲੀ ਬਾਬਲਾਂ, ਪਟਵਾਰੀ ਗੁਰਵਿੰਦਰ ਸਿੰਘ ਘਣੀਏ ਕੇ ਬਾਂਗਰ, ਗੁਰਲਾਲ ਫੌਜੀ, ਪਵਨ ਗੁੱਜਰਪੁਰਾ, ਯਾਦਵਿੰਦਰ ਕਾਦੀਆਂ, ਦੀਪੂ ਅਲੀਵਾਲ, ਮਨਪ੍ਰੀਤ ਪਟਵਾਰੀ, ਅਮ੍ਰਿਤਪਾਲ ਸੈਂਕੀ, ਜੋਬਨ ਡੁਲਟ, ਜਸਨ ਕੋਟਲਾ ਸ਼ਾਮਾ, ਧਰਮਵੀਰ, ਨੀਰਜ ਬੇਦੀ ਕੁਲਦੀਪ ਪੇਂਟਰ, ਸਤਨਾਮ ਸਿੰਘ ਜਾਂਗਲਾ, ਰਣਜੀਤ ਸਿੰਘ ਘਣੀਏ ਕੇ ਬਾਂਗਰ, ਸਤਨਾਮ ਸਿੰਘ ਕਾਦਰਾਬਾਦ, ਹੈਪੀ ਨਾਨਕ ਚੱਕ, ਇੰਦਰਜੀਤ ਨਾਨਕ ਚੱਕ, ਜੀਵਨ ਡੁੱਲਟ, ਸਾਬਾ ਫਤਿਹਗੜ, ਹੀਰਾ ਸਿੰਘ, ਜਗਪ੍ਰੀਤ ਸਿੰਘ, ਹੁਸਨ ਜਾਂਗਲਾ, ਕਰਨ ਲੰਗਰਵਾਲ, ਕੁਲਬੀਰ ਜਾਗਲਾ, ਰਜਿੰਦਰ ਸਿੰਘ, ਮਨੀ ਜਾਗਲਾਂ ਤੇ ਬਲਵਿੰਦਰ ਸਿੰਘ ਰੰਧਾਵਾ ਛਿਛਰੇਵਾਲ ਦਾ ਅਹਿਮ ਯੋਗਦਾਨ ਰਹੇਗਾ ।

# ਗੁ. ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਬੀਬੀ ਭਾਨੀ ਜੀ ਦਾ ਜਨਮ ਦਿਹਾੜਾ ਮਨਾਇਆ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਮਹਿਲ ਬੀਬੀ ਭਾਨੀ ਜੀ ਦਾ ਜਨਮ ਦਿਹਾੜਾ ਸ੍ਰੀ ਦਰਬਾਰ



ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਤਿੰਦਰਪਾਲ ਸਿੰਘ ਦੇ ਜਥੇ ਵੱਲੋਂ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ। ਸੰਗਤ ਨੂੰ ਪਾਵਨ ਹੁਕਮਨਾਮਾ ਕਥਾਵਾਚਕ ਭਾਈ ਹਰਮਿੱਤਰ ਸਿੰਘ ਨੇ ਸਰਵਣ ਕਰਵਾਇਆ।ਭਾਈ ਹਰਮਿੱਤਰ ਸਿੰਘ ਨੇ ਕਥਾ ਵਿਚਾਰ ਕਰਦਿਆਂ ਸੰਗਤ ਨੂੰ ਬੀਬੀ ਭਾਨੀ ਜੀ ਦੇ ਜੀਵਨ ਇਤਿਹਾਸ ਤੋਂ ਜਾਣੂ ਕਰਵਾਇਆ।ਉਨ੍ਹਾਂ ਕਿਹਾ ਕਿ ਬੀਬੀ ਭਾਨੀ ਜੀ ਦਾ ਸਾਰਾ ਜੀਵਨ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨੂੰ ਸਮਰਪਿਤ ਸੀ।ਭਾਈ ਹਰਮਿੱਤਰ ਸਿੰਘ ਨੇ ਸਿੱਖ ਬੀਬੀਆਂ ਨੂੰ ਬੀਬੀ ਭਾਨੀ ਜੀ ਦੇ ਜੀਵਨ ਤੋਂ ਸੇਧ ਲੈ ਕੇ ਆਪਣੇ ਬੱਚਿਆਂ ਨੂੰ ਗੁਰਸਿੱਖੀ ਨਾਲ ਜੋੜਨ ਲਈ ਯਤਨਸ਼ੀਲ ਰਹਿਣ ਦੀ ਅਪੀਲ ਕੀਤੀ ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਜਸਪਾਲ ਸਿੰਘ ਢੱਡੇ, ਵਧੀਕ ਮੈਨੇਜਰ ਬਿਕਰਮਜੀਤ ਸਿੰਘ ਝੰਗੀ, ਯੁਵਰਾਜ ਸਿੰਘ, ਗੁਰਵਿੰਦਰ ਸਿੰਘ ਦੇਵੀਦਾਸਪੁਰ, ਜਸਬੀਰ ਸਿੰਘ, ਗੁਰਤਿੰਦਰਪਾਲ ਸਿੰਘ ਕਾਦੀਆਂ ਸਮੇਤ ਸੰਗਤਾਂ ਹਾਜ਼ਰ ਸਨ।

# ਕਹਾਣੀਕਾਰ ਲਾਲ ਸਿੰਘ ਦੇ ਦਿਹਾਂਤ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਗਹਿਰੇ ਦੁੱਖ ਦਾ ਇਜ਼ਹਾਰ

ਬਾਬਾ ਬਕਾਲਾ ਸਾਹਿਬ/ਬਿਆਸ, (ਜਸਪਾਲ ਸਿੰਘ/ਪਰਮਜੀਤ ਸਿੰਘ ਰੱਖੜਾ)-ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨੇ ਪ੍ਰਸਿੱਧ ਪੰਜਾਬੀ ਕਹਾਣੀਕਾਰ ਲਾਲ ਸਿੰਘ ਦੇ ਦਿਹਾਂਤ 'ਤੇ ਗਹਿਰੇ ਦੁੱਖ ਅਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ, ਮੀਤ ਪ੍ਰਧਾਨ ਸ਼ੇਲਿੰਦਰਜੀਤ ਸਿੰਘ ਰਾਜਨ ਅਤੇ ਦਫ਼ਤਰ ਸਕੱਤਰ ਦੀਪ ਦੇਵਿੰਦਰ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਕਿਹਾ ਕਿ ਲਾਲ ਸਿੰਘ ਦਾ ਵਿਛੋੜਾ ਪੰਜਾਬੀ ਸਾਹਿਤ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਹੈ। 20 ਅਪ੍ਰੈਲ 1940 ਨੂੰ ਦਸੂਹਾ (ਜ਼ਿਲ੍ਹਾ ਹੁਸ਼ਿਆਰਪੁਰ) ਵਿਖੇ ਜਨਮੇ ਲਾਲ ਸਿੰਘ ਨੇ ਆਪਣੀ ਸਾਹਿਤ ਰਚਨਾ ਅਤੇ ਕਹਾਣੀਆਂ ਰਾਹੀਂ ਪੰਜਾਬੀ ਸਾਹਿਤ ਨੂੰ ਸਮਰੱਥ ਬਣਾਇਆ ਅਤੇ ਸਮਾਜਕ ਸਚਾਈਆਂ ਨੂੰ ਬੜੀ ਸੰਵੇਦਨਸ਼ੀਲਤਾ ਨਾਲ ਪੇਸ਼ ਕੀਤਾ। ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੀ: ਮੀਤ ਪ੍ਰਧਾਨ ਡਾ: ਪਰਮਜੀਤ ਸਿੰਘ ਬਾਠ, ਸੀ: ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ, ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ ਸਮੇਤ ਸਮੁੱਚੀ ਸਭਾ ਨੇ ਵਿਛੜੇ ਸਾਹਿਤਕਾਰ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ। ਕਹਾਣੀਕਾਰ ਲਾਲ ਸਿੰਘ ਨੇ ਸਮਾਜਕ ਹਕੀਕਤਾਂ, ਆਮ ਮਨੁੱਖ ਦੇ ਦੁੱਖ-ਦਰਦ ਅਤੇ ਜੀਵਨ ਸੰਘਰਸ਼ ਨੂੰ ਸੰਵੇਦਨਸ਼ੀਲ ਅਤੇ ਪ੍ਰਭਾਵਸ਼ਾਲੀ



ਅੰਦਾਜ਼ ਵਿੱਚ ਪੇਸ਼ ਕੀਤਾ। ਉਨ੍ਹਾਂ ਦੇ ਕਹਾਣੀ ਸੰਗ੍ਰਹਿ ਮਾਰਖੋਰੇ (1984), ਬਲੌਰ (1986), ਧੁੱਪ-ਛਾਂ (1990), ਕਾਲੀ ਮਿੱਟੀ (1996), ਚੋਣਵੀਂ ਪੰਜਾਬੀ ਕਹਾਣੀ (1996), ਅੱਧੇ ਅਧੂਰੇ (2003), ਸਰਦੇ ਪੁੱਜਦੇ ਅਤੇ ਸੰਸਾਰ (2017) ਪੰਜਾਬੀ ਕਹਾਣੀ ਸਾਹਿਤ ਦੀ ਮਹੱਤਵਪੂਰਨ ਵਿਰਾਸਤ ਹਨ। ਉਹ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਨਾਲ ਲੰਬੇ ਸਮੇਂ ਤੱਕ ਸਰਗਰਮ ਤੌਰ 'ਤੇ ਜੁੜੇ ਰਹੇ ਅਤੇ ਮੀਤ ਪ੍ਰਧਾਨ ਸਮੇਤ ਕਈ ਅਹੁਦਿਆਂ 'ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਸਭਾ ਦੇ ਅਹੁਦੇਦਾਰਾਂ ਨੇ ਕਿਹਾ ਕਿ ਉਨ੍ਹਾਂ ਦੀ ਸਾਹਿਤਕ ਤੇ ਸਮਾਜਕ ਘਾਲਣਾ ਹਮੇਸ਼ਾਂ ਯਾਦ ਰੱਖੀ ਜਾਵੇਗੀ। ਲਾਲ ਸਿੰਘ ਦਾ ਅੰਤਿਮ ਸੰਸਕਾਰ 19 ਫਰਵਰੀ ਨੂੰ ਬਾਅਦ ਦੁਪਹਿਰ ਇਕ ਵਜੇ ਸ਼ਮਸ਼ਾਨਘਾਟ ਪਿੰਡ ਕਹਿਰਵਾਲੀ, ਨੇੜੇ ਡਰਾਈਵਿੰਗ ਸਕੂਲ (ਦਸੂਹਾ) ਵਿਖੇ ਕੀਤਾ ਜਾਵੇਗਾ। ਉਨ੍ਹਾਂ ਨਮਿਤ ਭੋਗ 23 ਫਰਵਰੀ ਨੂੰ ਪਾਇਆ ਜਾਵੇਗਾ। ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੀ ਸਮੁੱਚੀ ਕਾਰਜਕਾਰਨੀ ਨੇ ਵਿਛੜੇ ਸਾਹਿਤਕਾਰ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਉਨ੍ਹਾਂ ਦੇ ਪਰਿਵਾਰ ਨਾਲ ਡੂੰਘੀ ਸੰਵੇਦਨਾ ਪ੍ਰਗਟ ਕੀਤੀ ਹੈ।

# ਸਾਲਾਨਾ ਜੋੜ ਮੇਲਾ ਸ੍ਰੀ ਚੋਲਾ ਸਾਹਿਬ ਮਨਾਉਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੈਲੰਡਰ ਜਾਰੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਗ ਵਸਤਰ ਸਲਾਨਾ ਜੋੜ ਮੇਲਾ ਸ਼੍ਰੀ ਚੋਲਾ ਸਾਹਿਬ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਡੇਰਾ ਬਾਬਾ ਨਾਨਕ ਵੱਲੋਂ ਸੰਗਤਾਂ ਦੀ ਭਾਰੀ ਆਮਦ ਨੂੰ ਦੇਖਦਿਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।ਇਸ ਮੌਕੇ ਮੇਲੇ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੋਸਟਰ ਜਾਰੀ ਕਰਦਿਆਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਦੇ ਮੈਨੇਜਰ ਸਤਨਾਮ ਸਿੰਘ ਗੋਸਲ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਸਾਲਾਨਾ ਜੋੜ ਮੇਲਾ ਸ਼੍ਰੀ ਚੋਲਾ ਸਾਹਿਬ ਨੂੰ ਲੈ ਕੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਨੂੰ ਸੁੰਦਰ ਬਣਾਉਣ ਲਈ ਰੰਗ ਰੋਗਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਮੇਲਾ 3 ਮਾਰਚ ਤੋਂ 5 ਮਾਰਚ ਤੱਕ ਮਨਾਇਆ ਜਾਵੇਗਾ, ਜਿਸ ਵਿੱਚ 3 ਮਾਰਚ ਨੂੰ ਸੰਗਤਾਂ ਵੱਲੋਂ ਲੜੀ ਦੇ ਚੱਲਦਿਆ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ,ਜਿਨ੍ਹਾਂ ਦੇ ਭੋਗ 5 ਮਾਰਚ ਨੂੰ ਪਾਏ ਜਾਣਗੇ।ਮੇਲੇ ਮੌਕੇ ਹਰ ਸਾਲ ਦੀ ਤਰ੍ਹਾਂ ਖੰਡਿਆਲਾ ਸੈਣੀਆਂ ਤੋਂ ਆ ਰਹੇ ਪੈਦਲ ਸੰਗ ਦਾ 4 ਮਾਰਚ ਨੂੰ ਚੌਂਕ ਕਾਹਲਾ ਵਾਲੀ ਵਿਖੇ ਭਰਵਾਂ ਸਵਾਗਤ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਦਰਬਾਰ



ਸਾਹਿਬ ਡੇਰਾ ਬਾਬਾ ਨਾਨਕ ਦੇ ਭਾਈ ਮਰਦਾਨਾ ਜੀ ਦੀਵਾਨ ਹਾਲ ਵਿਖੇ 4 ਅਤੇ 5 ਮਾਰਚ ਨੂੰ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਦੌਰਾਨ ਰਾਗੀ ਢਾਡੀ ਜਥੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ ।

ਇਸ ਮੌਕੇ ਬੀਬੀ ਜੋਗਿੰਦਰ ਕੌਰ ਮੈਂਬਰ ਐੱਸਜੀਪੀਸੀ, ਗੁਰਦੁਆਰਾ ਇੰਸਪੈਕਟਰ ਬਲਦੇਵ ਸਿੰਘ ਬੋਪਾਰਾਏ, ਦਿਲਸ਼ੇਰ ਸਿੰਘ ਮੁਖਤਿਆਰ ਏ ਆਮ, ਜਗਦੀਪ ਸਿੰਘ ਰਿਕਾਰਡ ਕੀਪਰ ਸ਼ਿਕਾਰ, ਮਲਕੀਤ ਸਿੰਘ ਰਿਕਾਰਡ ਕੀਪਰ, ਹਰਵੰਤ ਸਿੰਘ ਸਟੋਰ ਕੀਪਰ, ਬਲਜਿੰਦਰ ਸਿੰਘ, ਸੁਰਜੀਤ ਸਿੰਘ ਅਕਾਊਂਟੈਂਟ, ਸੁਖਵਿੰਦਰ ਸਿੰਘ ਖਜ਼ਾਨਚੀ, ਬਾਬਾ ਨਛੱਤਰ ਸਿੰਘ ਹੈੱਡ ਗ੍ਰੰਥੀ, ਜਸਵਿੰਦਰ ਸਿੰਘ ਗ੍ਰੰਥੀ, ਹਰਜਿੰਦਰ ਸਿੰਘ, ਪ੍ਰਗਟ ਸਿੰਘ, ਹਰਪਾਲ ਸਿੰਘ, ਗੁਰਦੇਵ ਸਿੰਘ ਕੋਟਲੀ, ਅਵਤਾਰ ਸਿੰਘ, ਬਲਜਿੰਦਰ ਸਿੰਘ, ਜਗਦੀਪ ਸਿੰਘ ਪ੍ਰਚਾਰਕ, ਕੁਲਬੀਰ ਸਿੰਘ ਪ੍ਰਚਾਰਕ, ਜਸਪਾਲ ਪ੍ਰਚਾਰਕ, ਖੁਸ਼ਬੀਰ ਸਿੰਘ ਪ੍ਰਚਾਰਕ, ਗੁਰਪਾਲ ਸਿੰਘ ਟਰਪੱਲਾ, ਜਗਜੀਤ ਸਿੰਘ ਆਦਿ ਹਾਜ਼ਰ ਸਨ।

# ਕਿਸਾਨ ਵਧ ਰਹੇ ਤਾਪਮਾਨ ਦੇ ਪ੍ਰਭਾਵ ਨੂੰ ਘਟਾਉਣ ਤੇ ਮੌਸਮ ਦੇ ਆਧਾਰ 'ਤੇ ਆਪਣੀਆਂ ਫ਼ਸਲਾਂ ਦੀ ਸਿੰਚਾਈ ਕਰਨ : ਡਾ. ਭੁਪਿੰਦਰ ਸਿੰਘ

**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਣਕ ਦੀ ਬਿਜਾਈ ਤੋਂ ਲੈ ਕੇ ਕੱਟਣ ਤੱਕ ਤਾਪਮਾਨ ਦੀ ਅਹਿਮੀਅਤ ਕਣਕ ਦੀ ਪੈਦਾਵਾਰ, ਦਾਣੇ ਦੀ ਗੁਣਵੱਤਾ ਅਤੇ ਫ਼ਸਲ ਦੀ ਮਿਆਦ ਤੇ ਸਿੱਧਾ ਅਸਰ ਪਾਉਂਦੀ ਹੈ।ਜ਼ਿਲ੍ਹਾ ਤਰਨ ਤਰਨ ਦੇ ਡਿਪਟੀ ਕਮਿਸ਼ਨਰ ਰਾਹੁਲ ਅਤੇ ਮੁੱਖ ਖੇਤੀਬਾੜੀ ਅਫਸਰ ਡਾ. ਤੇਜਬੀਰ ਸਿੰਘ ਭੰਗੂ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਿਸਾਨਾਂ ਨੂੰ ਸਹੀ ਅਤੇ ਸਟੀਕ ਜਾਣਕਾਰੀ ਦੇਣ ਵਾਸਤੇ ਖੇਤੀਬਾੜੀ ਵਿਭਾਗ ਵੱਲੋਂ ਪਿੰਡਾਂ ਵਿੱਚ ਜਾ ਕੇ ਪ੍ਰਸਾਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।ਇਸੇ ਲੜੀ ਤਹਿਤ ਬਲਾਕ ਖਡੂਰ ਸਾਹਿਬ ਦੇ ਖੇਤੀਬਾੜੀ ਅਫਸਰ ਡਾ. ਭੁਪਿੰਦਰ ਸਿੰਘ ਦੀ ਅਗਵਾਈ ਹੇਠ ਡਾ. ਯਾਦਵਿੰਦਰ ਸਿੰਘ ਬਲਾਕ ਟੈਕਨੋਲੋਜੀ ਮੈਨੇਜਰ ਨੇ ਨਾਗੋਕੇ, ਕੱਲਾ, ਵੇਈਂ ਪੂਈਂ, ਖਵਾਸਪੁਰ, ਭਰੋਵਾਲ ਆਦਿ ਪਿੰਡਾਂ ਦਾ ਦੌਰਾ ਕੀਤਾ ।

ਕਿਸਾਨਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਫਰਵਰੀ ਮਹੀਨੇ 'ਚ ਜ਼ਿਲ੍ਹੇ 'ਚ ਤਾਪਮਾਨ 28-30 ਡਿਗਰੀ ਦੇ ਆਸ-ਪਾਸ ਪਹੁੰਚ ਗਿਆ ਹੈ।ਇਸ ਕਾਰਨ ਕਿਸਾਨ ਕਣਕ ਦੀ ਫ਼ਸਲ ਨੂੰ ਲੈ ਕੇ ਬਹੁਤ ਚਿੰਤਤ ਦਿਖਾਈ ਦੇ ਰਹੇ ਹਨ।ਕਿਸਾਨ ਚਿੰਤਿਤ ਹਨ ਕਿ ਜਿਸ ਤਰ੍ਹਾਂ ਤਾਪਮਾਨ ਲਗਾਤਾਰ ਵਧ ਰਿਹਾ ਹੈ ਅਜਿਹੀ ਸਥਿਤੀ 'ਚ ਕਣਕ ਦੀ ਫ਼ਸਲ ਦਾ ਝਾੜ ਪ੍ਰਭਾਵਿਤ ਹੋ ਸਕਦਾ ਹੈ, ਦਾਣੇ ਸੁੰਗੜ ਸਕਦੇ ਹਨ ਜਿਸ ਨਾਲ ਉਨ੍ਹਾਂ ਨੂੰ ਨੁਕਸਾਨ ਹੋ ਸਕਦਾ



ਹੈ।ਗੱਲਬਾਤ ਕਰਦਿਆਂ ਡਾ. ਭੁਪਿੰਦਰ ਸਿੰਘ ਨੇ ਕਿਸਾਨਾਂ ਨੂੰ ਵੱਧ ਰਹੇ ਤਾਪਮਾਨ ਦੇ ਪ੍ਰਭਾਵ ਨੂੰ ਘਟਾਉਣ ਅਤੇ ਮੌਸਮ ਦੇ ਆਧਾਰ ਤੇ ਆਪਣੀਆਂ ਫਸਲਾਂ ਦੀ ਸਿੰਚਾਈ ਕਰਨ ਦੀ ਸਲਾਹ ਦਿੱਤੀ।ਉਨ੍ਹਾਂ ਨੇ ਦੱਸਿਆ ਕਿ 30 ਡਿਗਰੀ ਸੈਲਸੀਅਸ ਤੋਂ ਘੱਟ ਤਾਪਮਾਨ ਵੱਲੋਂ ਫ਼ਸਲਾਂ ਨੂੰ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਨਹੀਂ ਹੈ ਫਿਰ ਵੀ ਉਨ੍ਹਾਂ ਨੂੰ ਲੋੜ ਅਨੁਸਾਰ ਫਸਲਾਂ ਨੂੰ ਸਿੰਚਾਈ ਕਰਨੀ ਚਾਹੀਦੀ ਹੈ ।ਡਾ. ਯਾਦਵਿੰਦਰ ਸਿੰਘ ਨੇ ਦੱਸਿਆ ਕਿ ਜੇਕਰ ਤਾਪਮਾਨ ਵਿੱਚ ਵਾਧਾ ਬਰਕਰਾਰ ਰਹਿੰਦਾ ਹੈ ਤਾਂ ਕਣਕ ਦੀ ਫ਼ਸਲ ਪ੍ਰਭਾਵਿਤ ਹੋਣ ਦਾ ਖ਼ਤਰਾ ਹੁੰਦਾ ਹੈ, ਪਰ ਜਦੋਂ ਵੀ ਦੁਪਹਿਰ ਵੇਲੇ ਮੌਸਮ ਗਰਮ ਹੁੰਦਾ ਹੈ, ਤਾਂ ਸਵੇਰੇ ਸ਼ਾਮ ਦੀ ਹਲਕੀ ਠੰਢ ਵੀ ਫਸਲ ਨੂੰ ਠੰਢਕ ਪ੍ਰਦਾਨ ਕਰਦੀ ਹੈ, ਇਸ ਕਰਕੇ ਜ਼ਿਆਦਾ ਚਿੰਤਾ ਕਰਨ ਦੀ ਲੋੜ ਨਹੀਂ ।

ਕਿਸਾਨਾਂ ਨੇ ਦੱਸਿਆ ਕਿ ਇਨ੍ਹਾਂ ਦਿਨਾਂ ਵਿੱਚ ਤਾਪਮਾਨ ਦਾ 28-30 ਡਿਗਰੀ ਸੈਂਟੀਗਰੇਡ ਹੋਣਾ ਦਾਨਿਆਂ ਨੂੰ ਪੁੰਗਰਨ 'ਚ ਮੁਸ਼ਕਿਲ ਪੈਦਾ ਕਰਦਾ ਹੈ।ਇਨ੍ਹਾਂ ਦਿਨਾਂ ਦੌਰਾਨ ਕਾਫ਼ੀ ਠੰਢਾ ਮੌਸਮ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ। ਵਧਦੀ ਗਰਮੀ ਕਾਰਨ ਕਣਕ ਦੀ ਪੈਦਾਵਾਰ ਕਮਜ਼ੋਰ ਹੋਣ ਦੀ ਸੰਭਾਵਨਾ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਫਰਵਰੀ ਮਹੀਨੇ ਦੇ ਆਖਰੀ ਹਫ਼ਤੇ ਕਣਕ ਦੀ ਫ਼ਸਲ ਜ਼ਿਆਦਾ ਉੱਗਦੀ ਹੈ ਤੇ ਬਿਹਤਰ ਵਧਦੀ ਹੈ, ਪਰ ਇਸ ਵਾਰ ਦਿਨ ਦੇ ਤਾਪਮਾਨ 'ਚ ਵਾਧੇ ਕਾਰਨ ਫ਼ਸਲ ਦਾ ਆਕਾਰ ਮੁਕਾਬਲਤਨ ਛੋਟਾ ਰਹਿ ਰਿਹਾ ਹੈ।ਜੇਕਰ ਸਮੇਂ ਸਿਰ ਮੀਂਹ ਨਾ ਪਵੇ ਤਾਂ ਵਧਦੇ ਤਾਪਮਾਨ ਕਾਰਨ ਕਣਕ ਦੇ ਦਾਣੇ ਕਮਜ਼ੋਰ ਤੇ ਪਤਲੇ ਹੋ ਸਕਦੇ ਹਨ। ਇਸ ਸਮੇਂ ਉਨ੍ਹਾਂ ਦੇ ਨਾਲ ਦਿਲਬਾਗ ਸਿੰਘ, ਸੰਤੋਖ ਸਿੰਘ ਬਲਦੇਵ ਸਿੰਘ ਤੇ ਪਿੰਡ ਦੇ ਅਗਾਂਹਵਧੂ ਕਿਸਾਨ ਹਾਜ਼ਰ ਸਨ ।

# ਨਾਰਲੀ 'ਚ ਦੋ ਦਰਜਨ ਤੋਂ ਵੱਧ ਪਰਿਵਾਰ ਕਾਂਗਰਸ 'ਚ ਸ਼ਾਮਲ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਪਿੰਡ ਨਾਰਲੀ 'ਚ ਦੋ ਦਰਜਨ ਤੋਂ ਵੱਧ ਪਰਿਵਾਰ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਇਹ ਪਰਿਵਾਰ ਪਿੰਡ ਦੇ ਸਾਬਕਾ ਸਰਪੰਚ ਤੇ ਜ਼ੋਨ ਇੰਚਾਰਜ ਸ਼ੁਬੇਗ ਸਿੰਘ ਪਹਿਲਵਾਨ ਦੀ ਪ੍ਰੇਰਨਾ ਸਦਕਾ ਪਾਰਟੀ ਵਿੱਚ ਸ਼ਾਮਲ ਹੋਏ।ਪਾਰਟੀ ਵਿੱਚ ਸ਼ਾਮਲ ਹੋਣ ਤੇ ਮੁਖਤਾਰ ਸਿੰਘ, ਬਲਵਿੰਦਰ ਸਿੰਘ, ਕੁਲਬੀਰ ਸਿੰਘ, ਜਸਬੀਰ ਸਿੰਘ, ਅੰਗਰੇਜ਼ ਸਿੰਘ, ਸੁਖਦੇਵ ਸਿੰਘ, ਗੁਰਮੀਤ ਸਿੰਘ, ਇੰਦਰਜੀਤ ਸਿੰਘ, ਜੱਜਪਾਲ ਸਿੰਘ, ਜਸਵੰਤ ਸਿੰਘ, ਬਲਬੀਰ ਸਿੰਘ, ਵਿੱਕੀ ਸਿੰਘ, ਸਰਵਣ ਸਿੰਘ, ਸੋਹਣ ਸਿੰਘ, ਬੀਰਾ ਸਿੰਘ, ਗੁਰਬਿੰਦਰ ਸਿੰਘ, ਬਲਦੇਵ ਸਿੰਘ ਦੇਬਾ, ਸਾਹਿਬ ਸਿੰਘ, ਕਰਨਬੀਰ ਸਿੰਘ ਬੰਟੀ, ਸੰਦੀਪ ਸਿੰਘ, ਲਖਵਿੰਦਰ ਸਿੰਘ, ਜੱਸਾ ਸਿੰਘ, ਸੋਨੂੰ ਸਿੰਘ, ਗੁਰਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਅਜੀਤ ਸਿੰਘ, ਚੰਨਾ ਸਿੰਘ, ਜਗੀਰ ਸਿੰਘ, ਪੂਰਨ ਸਿੰਘ, ਅਮਨਦੀਪ ਸਿੰਘ ਮਿਸਤਰੀ, ਬਾਰਾ ਮਿਸਤਰੀ, ਮਲਕੀਤ ਭਗਤ ਤੇ ਪ੍ਰਗਟ ਸਿੰਘ ਨੂੰ ਹਲਕਾ ਖੇਮਕਰਨ ਤੋਂ ਸਾਬਕਾ ਵਿਧਾਇਕ ਸੁਖਪਾਲ ਸਿੰਘ ਭੁੱਲਰ ਨੇ ਹਾਰ ਪਾ ਕੇ ਸਵਾਗਤ ਕੀਤਾ।ਭੁੱਲਰ ਨੇ ਕਿਹਾ ਕਿ ਪਾਰਟੀ ਸ਼ਾਮਲ ਹੋਣ ਵਾਲੇ ਹਰ ਪਰਿਵਾਰ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ।ਉਨ੍ਹਾਂ



ਕਿਹਾ ਕਿ 2027 'ਚ ਕਾਂਗਰਸ ਦੀ ਸਰਕਾਰ ਬਣਾਉਣ ਲਈ ਸੂਬੇ ਵਿੱਚ ਲੋਕ ਲਹਿਰ ਸ਼ੁਰੂ ਹੋ ਚੁੱਕੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਰ ਫਰੰਟ 'ਤੇ ਨਾਕਾਮ ਸਾਬਿਤ ਹੋ ਚੁੱਕੀ ਹੈ।

ਉਨ੍ਹਾਂ ਪਾਰਟੀ ਵਰਕਰਾਂ ਨੂੰ ਪਾਰਟੀ ਦੀ ਵਿਚਾਰਧਾਰਾ ਘਰ-ਘਰ ਪਹੁੰਚਾਉਣ ਤੇ ਡਟ ਕੇ ਕੰਮ ਕਰਨ ਲਈ ਪ੍ਰੇਰਿਆ।ਇਸ ਮੌਕੇ ਆੜ੍ਹਤੀਆ ਬਲਵਿੰਦਰ ਸਿੰਘ, ਦਵਿੰਦਰ ਸਿੰਘ, ਸੁਰਜਨ ਸਿੰਘ ਜਾਮ੍ਹਣੀਆਂ, ਡਾਕਟਰ ਗੋਲਡੀ, ਕਰਤਾਰ ਸਿੰਘ, ਬਲਵਿੰਦਰ ਸਿੰਘ ਬਾਬਾ, ਹਰਚੰਦ ਸਿੰਘ ਅਬਾਦੀਕੇ, ਸਤਨਾਮ ਸਿੰਘ ਅਬਾਦੀਕੇ, ਬਘੇਲ ਸਿੰਘ, ਮੈਂਬਰ ਸੂਰਜਪਾਲ ਸਿੰਘ, ਤਰਸੇਮ ਸਿੰਘ ਚੱਕੀ ਵਾਲੇ, ਗਰਿੰਦਰ ਸਿੰਘ ਹੰਸ ਆਦਿ ਮੋਹਤਬਰ ਹਾਜ਼ਰ ਸਨ।

# ਨਸ਼ਾ ਤਸਕਰ ਭਰਾ-ਭੈਣ ਦੇ ਘਰ 'ਤੇ ਚੱਲਿਆ ਬੁਲਡੋਜ਼ਰ

ਚਵਿੰਡਾ ਦੇਵੀ (ਖੁਸ਼ਹਇਲ ਸੁੰਦਰ)-ਭਰਾ-ਭੈਣ ਜੋ ਨਸ਼ਾ ਤਸਕਰੀ ਕਰਦੇ ਹਨ, ਦੇ ਘਰ ਉੱਤੇ ਪ੍ਰਸ਼ਾਸਨ ਨੇ ਬੁਲਡੋਜ਼ਰ ਚਲਾ ਦਿੱਤਾ। ਪੁਲਸ ਕਮਿਸ਼ਨਰ ਨੇ ਕਿਹਾ ਕਿ ਨਸ਼ੀਲੇ ਪਦਾਰਥਾਂ ਦੇ ਪੈਸੇ ਨਾਲ ਬਣੀਆਂ ਸਾਰੀਆਂ ਗੈਰ-ਕਾਨੂੰਨੀ ਜਾਇਦਾਦਾਂ ਵਿਰੁੱਧ



ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਪ੍ਰਸ਼ਾਸਨ ਨੇ ਸੁਲਤਾਨਵਿੰਡ ਰੋਡ 'ਤੇ ਮੰਦਰ ਵਾਲਾ ਬਾਜ਼ਾਰ ਖੇਤਰ ਵਿੱਚ ਨਸ਼ੀਲੇ ਪਦਾਰਥਾਂ ਦੇ ਪੈਸੇ ਨਾਲ ਬਣੀ ਇੱਕ ਗੈਰ-ਕਾਨੂੰਨੀ ਜਾਇਦਾਦ ਨੂੰ ਢਾਹ ਦਿੱਤਾ। ਇਹ ਕਾਰਵਾਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਾ ਵਿਰੋਧੀ ਮੁਹਿੰਮ ਦੇ ਹਿੱਸੇ ਵਜੋਂ ਕੀਤੀ ਗਈ।

ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਨੂੰ ਕਿਹਾ ਕਿ ਇਹ ਜਾਇਦਾਦ ਅਨਮੋਲ (34), ਸੋਨੀਆ (24), ਅਤੇ ਗਗਨਦੀਪ ਸਿੰਘ ਉਰਫ਼ ਗੋਰਾ (25), ਭੈਣ-ਭਰਾ ਅਤੇ ਸ਼ਹੀਦ ਊਧਮ ਸਿੰਘ ਨਗਰ, ਅੰਮ੍ਰਿਤਸਰ ਦੀ ਵਸਨੀਕ ਹੈ। ਪੁਲਸ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਤਿੰਨੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਸਨ ਅਤੇ ਉਨ੍ਹਾਂ ਵਿਰੁੱਧ ਕਈ ਮਾਮਲੇ ਦਰਜ ਸਨ। ਰਿਕਾਰਡ ਅਨੁਸਾਰ, ਅਨਮੋਲ ਅਤੇ ਗਗਨਦੀਪ ਵਿਰੁੱਧ ਐੱਫਆਈਆਰ ਨੰਬਰ 223, ਮਿਤੀ 23-09-2025, ਐਕਟ ਦੀਆਂ ਧਾਰਾਵਾਂ 21-ਬੀ, 27-ਏ, ਅਤੇ 29 ਤਹਿਤ ਦਰਜ ਕੀਤੀ ਗਈ ਸੀ, ਜਦੋਂ ਕਿ ਐੱਫਆਈਆਰ ਨੰਬਰ 177, ਮਿਤੀ 18-08-2025, ਸੋਨੀਆ ਵਿਰੁੱਧ ਧਾਰਾ 21-ਬੀ ਅਤੇ 27-ਏ ਤਹਿਤ ਦਰਜ ਕੀਤੀ ਗਈ ਸੀ। ਨਗਰ ਨਿਗਮ ਦੀ ਟੀਮ ਨੇ ਭਾਰੀ ਪੁਲਸ ਮੌਜੂਦਗੀ ਵਿੱਚ ਗੈਰ-ਕਾਨੂੰਨੀ ਉਸਾਰੀ ਨੂੰ ਬੁਲਡੋਜ਼ਰ ਕੀਤਾ।

ਅੰਮ੍ਰਿਤਸਰ ਵਿੱਚ ਨਸ਼ਾ ਤਸਕਰਾਂ ਦੀ ਇਹ 19ਵੀਂ ਜਾਇਦਾਦ ਹੈ ਜਿਸਨੂੰ ਢਾਹਿਆ ਗਿਆ ਹੈ। ਪੁਲਸ ਨੇ ਜਨਤਾ ਨੂੰ ਨਸ਼ਾ ਅਤੇ ਗੈਂਗ ਅਪਰਾਧ ਵਿਰੁੱਧ ਮੁਹਿੰਮ ਵਿੱਚ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ। ਕੋਈ ਵੀ ਜਾਣਕਾਰੀ ਪੰਜਾਬ ਪੁਲਸ ਦੀ ਗੈਂਗਸਟਰ ਵਿਰੋਧੀ ਹੈਲਪਲਾਈਨ 93946-93946 'ਤੇ ਸਾਂਝੀ ਕੀਤੀ ਜਾ ਸਕਦੀ ਹੈ। ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

# ਅਕਾਲ ਸੇਵਾ ਫਾਊਂਡੇਸ਼ਨ ਨੇ ਰਾਮ ਬਾਗ ਦੇ ਵਿਰਾਸਤੀ ਰੁੱਖਾਂ ਨੂੰ ਬਚਾਉਣ ਲਈ ਆਵਾਜ਼ ਉਠਾਈ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਪੰਜਾਬ ਦੇ ਸ਼ੇਰ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਇਤਿਹਾਸਕ ਰਾਮ ਬਾਗ਼ (ਕੰਪਨੀ ਬਾਗ਼) ਦੇ ਸਦੀਆਂ ਪੁਰਾਣੇ ਰੁੱਖ ਤੇਜ਼ੀ ਨਾਲ ਮਰ ਰਹੇ ਹਨ, ਜੋ ਸ਼ਹਿਰ ਦੀ ਕੁਦਰਤੀ ਅਤੇ ਇਤਿਹਾਸਕ ਵਿਰਾਸਤ ਲਈ ਗੰਭੀਰ ਖ਼ਤਰਾ ਪੈਦਾ ਕਰ ਰਹੇ ਹਨ।ਲਗਭਗ 84 ਏਕੜ ਵਿੱਚ ਫੈਲੇ ਰਾਮ ਬਾਗ਼ ਨੂੰ ਅੰਮ੍ਰਿਤਸਰ ਦਾ ਹਰਾ ਫੇਫੜਾ ਮੰਨਿਆ ਜਾਂਦਾ ਹੈ, ਪਰ ਸਮੇਂ ਅਤੇ ਲੰਬੇ ਸਮੇਂ ਦੀ ਅਣਗਹਿਲੀ ਕਾਰਨ, ਇਸਦੇ ਬਹੁਤ ਸਾਰੇ ਪ੍ਰਾਚੀਨ ਰੁੱਖ ਅਲੋਪ ਹੋਣ ਦੇ ਕੰਢੇ ਹਨ।ਇਸ ਭਿਆਨਕ ਸਥਿਤੀ ਦੇ ਮੱਦੇਨਜ਼ਰ, ਅਕਾਲ ਸੇਵਾ ਫਾਊਂਡੇਸ਼ਨ ਨੇ ਵਿਰਾਸਤੀ ਰੁੱਖਾਂ ਦੀ ਰੱਖਿਆ ਅਤੇ ਸੰਭਾਲ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈ।ਫਾਊਂਡੇਸ਼ਨ ਦੇ ਪ੍ਰਧਾਨ ਹਰਪਾਲ ਸਿੰਘ ਰੰਧਾਵਾ ਅਤੇ ਸਮਾਜਿਕ ਕਾਰਕੁਨ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨਾਲ ਮੁਲਾਕਾਤ ਕੀਤੀ ਅਤੇ ਰਾਮ ਬਾਗ਼ ਨੂੰ ਬਚਾਉਣ ਲਈ ਇੱਕ ਵਿਸ਼ੇਸ਼ ਕਮੇਟੀ ਬਣਾਉਣ ਦੀ ਮੰਗ ਕੀਤੀ।ਉਨ੍ਹਾਂ ਮੰਗ ਕੀਤੀ ਕਿ ਇਸ ਕਮੇਟੀ ਵਿੱਚ ਵਾਤਾਵਰਣ ਮਾਹਿਰ, ਬਾਗਬਾਨੀ ਮਾਹਿਰ, ਇਤਿਹਾਸਕਾਰ ਅਤੇ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਸ਼ਾਮਲ ਹੋਣ ਤਾਂ ਜੋ ਇੱਕ ਵਿਗਿਆਨਕ ਅਤੇ ਲੰਬੇ ਸਮੇਂ ਦੀ ਸੰਭਾਲ ਯੋਜਨਾ ਵਿਕਸਤ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਕਮੇਟੀ ਰਾਮ ਬਾਗ਼ ਦੀ ਵਾਤਾਵਰਣ ਸਿਹਤ ਨੂੰ ਬਹਾਲ ਕਰਨ ਦੇ ਯੋਗ ਹੋਵੇਗੀ।ਇਸ ਮੌਕੇ ਹਰਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਰਾਮ ਬਾਗ਼ ਸਿਰਫ਼ ਇੱਕ ਪਾਰਕ ਨਹੀਂ ਹੈ, ਸਗੋਂ ਅੰਮ੍ਰਿਤਸਰ ਦੀ ਇਤਿਹਾਸਕ ਪਛਾਣ ਦਾ ਇੱਕ ਮਹੱਤਵਪੂਰਨ ਹਿੱਸਾ ਹੈ।ਜੇਕਰ ਇਹ ਵਿਰਾਸਤੀ ਰੁੱਖ ਖਤਮ ਹੋ ਜਾਂਦੇ ਹਨ, ਤਾਂ ਆਉਣ ਵਾਲੀਆਂ ਪੀੜ੍ਹੀਆਂ ਇੱਕ ਅਨਮੋਲ ਵਿਰਾਸਤ ਤੋਂ ਵਾਂਝੀਆਂ ਹੋ ਜਾਣਗੀਆਂ। ਰਾਮ ਬਾਗ਼ ਨੂੰ ਬਚਾਉਣ ਦਾ ਮਤਲਬ ਹੈ ਸਾਡੀ ਸੰਸਕ੍ਰਿਤੀ ਅਤੇ ਵਾਤਾਵਰਣ ਨੂੰ ਬਚਾਉਣਾ।ਜ਼ਿਲ੍ਹਾ ਪ੍ਰਸ਼ਾਸਨ ਨੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਪ੍ਰਾਚੀਨ ਰੁੱਖਾਂ ਦੀ ਰੱਖਿਆ ਅਤੇ ਰਾਮ ਬਾਗ਼ ਦੀ ਹਰਿਆਲੀ ਅਤੇ ਵਿਰਾਸਤ ਨੂੰ ਸਥਾਈ ਤੌਰ ਤੇ ਸੁਰੱਖਿਅਤ ਰੱਖਣ ਲਈ ਮਾਹਿਰਾਂ ਨਾਲ ਸਲਾਹ-ਮਸ਼ਵਰਾ ਕਰਕੇ ਜਲਦੀ ਹੀ ਇੱਕ ਵਿਸਥਾਰਤ ਯੋਜਨਾ ਤਿਆਰ ਕੀਤੀ ਜਾਵੇਗੀ।



18-Feb-PAGE-12.qxd 2/17/2026 10:55 PM Page 1



## ਜਨਮ ਦਿਨ ਮੁਬਾਰਕ



ਤਕਬੀਰ ਸ਼ਰਮਾ, ਤਕਸ਼ ਸ਼ਰਮਾ, ਮਾਹਿਰ ਸ਼ਰਮਾ

## ਵਰ੍ਹੇਗੰਢ ਮੁਬਾਰਕ



ਸੁਖਵਿੰਦਰ ਸਿੰਘ ਸੈਣੀ ਤੇ ਕੋਮਲ ਵਾਸੀ ਹਮੀਰਾ ਜ਼ਿਲ੍ਹਾ ਕਪੂਰਥਲਾ ਨੇ ਆਪਣੇ ਵਿਆਹ ਦੀ 14ਵੀਂ ਵਰ੍ਹੇਗੰਢ ਮਨਾਈ।



ਰਛਪਾਲ ਸਿੰਘ ਸੰਧੂ ਅਤੇ ਸੁਖਵਿੰਦਰ ਕੌਰ ਵਾਸੀ ਮਖੂ ਨੇ ਵਿਆਹ ਦੀ 41ਵੀਂ ਵਰ੍ਹੇਗੰਢ ਮਨਾਈ।

# ਸਾਲਾਨਾ ਐਥਲੈਟਿਕ ਮੀਟ 'ਚ ਤਨਵੀਰ ਚੇਚੀ ਤੇ ਕੁਲਜੀਤ ਸੈਣੀ ਬਣੇ ਸਰਵੋਤਮ ਐਥਲੀਟ

**ਬਲਾਚੌਰ, (ਜਸਵਿੰਦਰ ਬੈਂਸ)**

ਸਥਾਨਕ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕਾਂਸਟੀਚਿਊਐਂਟ ਕਾਲਜ ਬਲਾਚੌਰ ਦੇ ਕੈਂਪਸ ਵਿੱਚ 8ਵੀਂ ਸਾਲਾਨਾ ਖੇਡ ਮੀਟ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਇਸ ਖੇਡ ਮੀਟ ਦੌਰਾਨ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਤੇ ਐਥਲੀਟਾਂ ਨੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ।ਸਵੇਰ ਦੇ ਸੈਸ਼ਨ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਐੱਸ ਡੀ ਐੱਮ ਬਲਾਚੌਰ ਕ੍ਰਿਤਿਕਾ ਗੋਇਲ ਨੇ ਕਾਲਜ ਦਾ ਖੇਡ ਝੰਡਾ ਲਹਿਰਾਇਆ ਤੇ ਮਾਰਚ ਪਾਸਟ ਤੋਂ ਸਲਾਮੀ ਲਈ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਖੇਡਾਂ ਵਿੱਚ ਜਿੱਤ-ਹਾਰ ਨਾਲੋਂ ਖੇਡ ਭਾਵਨਾ ਨਾਲ ਮੈਦਾਨ ਵਿੱਚ ਉਤਰਨਾ ਵੱਡੀ ਗੱਲ ਹੈ। ਉਨ੍ਹਾਂ ਨੌਜਵਾਨਾਂ ਨੂੰ ਅਨੁਸ਼ਾਸਨ ਅਤੇ ਸਖ਼ਤ ਮਿਹਨਤ ਦਾ ਪੱਲਾ ਫੜਨ ਲਈ ਪ੍ਰੇਰਿਤ ਕੀਤਾ।ਦੁਪਹਿਰ ਦੇ ਸੈਸ਼ਨ ਵਿੱਚ ਬਾਬਾ ਬਲਰਾਜ ਮੰਦਰ ਕਮੇਟੀ ਦੇ ਪ੍ਰਧਾਨ ਪੁਸ਼ਪ ਰਾਣਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਜੇਤੂ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ।ਮਨੀਸ਼ ਕੌਸ਼ਲ ਉਪ ਪ੍ਰਧਾਨ, ਮੰਦਰ ਕਮੇਟੀ ਸੁਭਾਸ਼ ਚੰਦਰ ਸੰਸਥਾਪਕ ਮੈਂਬਰ ਤੇ ਪੰਕਜ ਡਨੌਟ ਖਜ਼ਾਨਚੀ, ਚੰਦਰਸ਼ੇਖਰੀ ਸ਼ੌਰੀ ਪ੍ਰਿੰਸੀਪਲ, ਬੀ.ਏ.ਡੀ. ਸਕੂਲ ਤੇ ਵਿਜ਼ਵ ਰਾਣਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਤਨਵੀਰ ਚੇਚੀ ਬੀ ਏ ਭਾਗ ਪਹਿਲਾ ਨੂੰ ਉਨ੍ਹਾਂ ਦੇ ਬਿਹਤਰੀਨ ਪ੍ਰਦਰਸ਼ਨ ਲਈ ਚੁਣਿਆ ਗਿਆ।ਕੁਲਜੀਤ ਸੈਣੀ ਨੇ 100 ਮੀਟਰ ਦੌੜ ਵਿੱਚ ਪਹਿਲਾ ਸਥਾਨ ਹਾਸਲ ਕਰਦਿਆਂ ਇਹ ਖਿਤਾਬ ਆਪਣੇ ਨਾਂਅ ਕੀਤਾ।ਪ੍ਰਿੰਸੀਪਲ ਪ੍ਰੋਫੈਸਰ ਡਾ. ਸਤੀਸ਼ ਕੁਮਾਰ ਧੀਮਾਨ ਨੇ ਕਾਲਜ ਦੀਆਂ ਅਕਾਦਮਿਕ ਤੇ ਖੇਡ ਪ੍ਰਾਪਤੀਆਂ ਦੀ ਰਿਪੋਰਟ ਸਾਂਝੀ ਕੀਤੀ ਤੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਡਾ. ਹਰੀ ਨਾਥ ਸ਼ਰਮਾ ਨੇ ਬਾਖ਼ੂਬੀ ਨਿਭਾਈ।ਇਸ ਮੌਕੇ ਖੇਡਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਸਰੀਰਕ ਸਿੱਖਿਆ ਵਿਭਾਗ ਦੇ ਡਾ. ਹਰਨਾਮ ਸਿੰਘ, ਪ੍ਰੋਫੈਸਰ ਰਮਨਦੀਪ ਸਿੰਘ ਨਾਹਰ, ਪ੍ਰੋਫੈਸਰ ਰੂਬੀ, ਨੰਦਿਨੀ, ਸਾਕਸ਼ੀ ਜੈਨ ਤੇ ਸਮੂਹ ਸਟਾਫ਼ ਦਾ ਵਿਸ਼ੇਸ਼ ਯੋਗਦਾਨ ਰਿਹਾ।



# ਪੰਜਾਬ ਮੰਡੀ ਬੋਰਡ ਵੱਲੋਂ 6330.79 ਕਰੋੜ ਦਾ ਸਾਲਾਨਾ ਬਜਟ ਪਾਸ



**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਅਗਵਾਈ ਹੇਠ ਬੋਰਡ ਆਫ ਡਾਇਰੈਕਟਰਜ਼ ਦੀ ਮਹੱਤਵਪੂਰਨ ਮੀਟਿੰਗ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿਖੇ ਆਯੋਜਿਤ ਕੀਤੀ ਗਈ। ਮੀਟਿੰਗ ਦੌਰਾਨ ਪੰਜਾਬ ਮੰਡੀ ਬੋਰਡ ਦਾ ਸਾਲ 2026-27 ਦਾ ਸਾਲਾਨਾ ਬਜਟ ਪਾਸ ਕੀਤਾ ਗਿਆ। ਇਸ ਮੌਕੇ ਪੰਜਾਬ ਮੰਡੀ ਬੋਰਡ ਨਾਲ ਸਬੰਧਤ ਵੱਖ-ਵੱਖ ਏਜੰਡਿਆਂ ਉੱਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ ਅਤੇ ਸਾਲ 2026-27 ਲਈ 6330.79 ਕਰੋੜ ਰੁਪਏ ਦਾ ਸਾਲਾਨਾ ਬਜਟ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਦੇ ਨਾਲ ਹੀ ਭਵਿੱਖ ਲਈ ਕਈ ਅਹਿਮ ਫੈਸਲੇ ਲਏ ਗਏ।

## 22 ਦੀ ਰੈਲੀ 'ਚ ਕੀਤੀ ਜਾਵੇਗੀ ਭਰਵੀਂ ਸ਼ਮੂਲੀਅਤ: ਡੀ ਟੀ ਐੱਫ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਪਹਿਲੀ ਅਧਿਆਪਕ ਯੋਗਤਾ ਪ੍ਰੀਖਿਆ (ਟੀ ਈ ਟੀ) ਹੋਣ ਤੋਂ ਪਹਿਲਾ ਨਿਯੁਕਤ ਹੋਏ ਅਧਿਆਪਕਾਂ ਉੱਪਰ ਟੀ ਈ ਟੀ ਦੀ ਲੱਗੀ ਸ਼ਰਤ ਨੂੰ ਹਟਵਾਉਣ ਲਈ ਸੁਹਿਰਦ ਯਤਨ ਕਰਨ ਦੀ ਥਾਂ ਟੀ ਈ ਟੀ ਤੋਂ ਬਿਨਾਂ ਅਧਿਆਪਕਾਂ ਦੀਆਂ ਤਰੱਕੀਆਂ ਨਾ ਕਰਨ ਦੇ ਫੈਸਲੇ ਦੀ ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀ ਟੀ ਐੱਫ) ਨੇ ਸਖ਼ਤ ਨਿਖੇਧੀ ਕੀਤੀ ਹੈ। 22 ਫਰਵਰੀ ਨੂੰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਚੋਣ ਹਲਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 15 ਅਧਿਆਪਕ ਜਥੇਬੰਦੀਆਂ ਦੀ ਸਾਂਝੀ ਸੂਬਾਈ ਰੈਲੀ ਦਾ ਵੱਡੀ ਗਿਣਤੀ ਨਾਲ ਹਿੱਸਾ ਬਣਨ ਦਾ ਐਲਾਨ ਵੀ ਕੀਤਾ ਹੈ।

# ਗੁਰੂ ਗੋਬਿੰਦ ਸਿੰਘ 'ਵਰਸਿਟੀ ਕਾਲਜ ਜੰਡਿਆਲਾ ਦੇ ਪਹਿਲਵਾਨ ਨੇ ਕਾਂਸੀ ਦਾ ਤਮਗਾ ਜਿੱਤਿਆ



**ਗੁਰਾਇਆ (ਬਿੰਦਰ ਸੁਮਨ)**

ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਦੇ ਪਹਿਲਵਾਨ ਵੱਲੋਂ ਰੈਸਲਿੰਗ ਫੈਡਰੇਸ਼ਨ ਕੱਪ ਆਫ ਇੰਡੀਆ ਚੱਲ ਰਹੀ ਕੁਸ਼ਤੀ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਂਸੀ ਦਾ ਤਗਮਾ ਹਾਸਲ ਕੀਤਾ। ਕਾਲਜ ਇੰਚਾਰਜ ਜਸ਼ਨਜੋਤ ਸਿੰਘ ਜੌਹਲ ਨੇ ਦੱਸਿਆ ਕਿ ਰੈਸਲਿੰਗ ਫੈਡਰੇਸ਼ਨ ਕੱਪ ਗਾਜ਼ੀਆਬਾਦ ਯੂ.ਪੀ. ਵਿੱਚ ਹੋਏ, ਮੁਕਾਬਲਿਆਂ ਵਿੱਚ ਕਰਨਵੀਰ ਨੇ 92 ਕਿਲੋਗ੍ਰਾਮ ਭਾਰ ਵਰਗ ਫ਼ਰੀ ਸਟਾਈਲ ਕੁਸ਼ਤੀ ਵਿੱਚ ਮੱਧ ਪ੍ਰਦੇਸ਼ ਦੇ ਪਹਿਲਵਾਨ ਫਰਾਂਸ ਹੁਸੈਨ, ਗੁਜਰਾਤ ਦੇ ਪਹਿਲਵਾਨ ਸ਼ਸ਼ਾਂਕ ਰਾਣੇ ਤੇ ਜੰਮੂ ਕਸ਼ਮੀਰ ਦੇ ਪਹਿਲਵਾਨ ਸੁਰਜੀਤ ਨੂੰ ਹਰਾ ਕੇ ਕਾਂਸੀ ਦਾ ਤਗਮਾ ਹਾਸਲ ਕੀਤਾ।ਇਸ ਮਾਣਮੱਤੀ ਪ੍ਰਾਪਤੀ ਲਈ ਕਾਲਜ ਦੇ ਇੰਚਾਰਜ ਜੌਹਲ ਨੇ ਸਮੂਹ ਸਟਾਫ ਵੱਲੋਂ ਪਹਿਲਵਾਨ ਕਰਨਵੀਰ ਦਾ ਕਾਲਜ ਵਿਖੇ ਪਹੁੰਚਣ ਤੇ ਸਵਾਗਤ ਤੇ ਸਨਮਾਨਤ ਕੀਤਾ। ਇਸ ਖੇਡ ਪ੍ਰਾਪਤੀ ਲਈ ਖਿਡਾਰੀ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਇਹ ਜਿੱਤ ਮਿਹਨਤ, ਲਗਨ ਤੇ ਸੱਚੀ ਦ੍ਰਿੜਤਾ ਕਾਰਨ ਹੀ ਸੰਭਵ ਹੋ ਸਕੀ ਹੈ। ਉਹਨਾਂ ਨੇ ਕਿਹਾ ਕਿ ਕਾਲਜ ਵਿੱਚ ਖੇਡ ਸੱਭਿਆਚਾਰ ਪ੍ਰਫੁਲਿਤ ਕਰਨ ਹਿੱਤ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

# ਸਮਾਜ ਦੀ ਮਜ਼ਬੂਤੀ ਬਜ਼ੁਰਗਾਂ ਦੇ ਅਸ਼ੀਰਵਾਦ ਨਾਲ ਹੀ ਸੰਭਵ : ਮਹਿਪਾਲ ਢਾਂਡਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**-ਹਰਿਆਣਾ ਦੇ ਸਿੱਖਿਆ ਮੰਤਰੀ ਮਹਿਪਾਲ ਢਾਂਡਾ ਨੇ ਕਿਹਾ ਕਿ ਜੋ ਸਮਾਜ ਆਪਣੇ ਬਜ਼ੁਰਗਾਂ ਨੂੰ ਸਨਮਾਨ ਦਿੰਦਾ ਹੈ, ਉਹ ਹੀ ਸਮਾਜ ਤਰੱਕੀ ਦੀ ਰਾਹ 'ਤੇ ਅੱਗੇ ਵੱਧਦਾ ਹੈ। ਉਨ੍ਹਾਂ ਨੇ ਮਹਾਰਾਜਾ ਸੂਰਜਮਲ ਦੇ ਆਦਰਸ਼ਾਂ ਨੂੰ ਮੌਜੂਦਾ ਸਮੇ ਵਿੱਚ ਪ੍ਰਾਸੰਗਿਕ ਦੱਸਦੇ ਹੋਏ ਕਿਹਾ ਕਿ ਉਨ੍ਹਾਂ ਦੇ ਦੱਸੇ ਹੋਏ ਰਸਤੇ 'ਤੇ ਚਲਦੇ ਹੋਏ ਸਮਾਜ ਸਿੱਖਿਆ, ਸੰਗਠਨ ਤੇ ਸੇਵਾ ਦੇ ਖੇਤਰ ਵਿੱਚ ਨਵੀਂ ਉਚਾਈਆਂ ਪ੍ਰਾਪਤ ਕਰ ਸਕਦਾ ਹੈ।ਸ੍ਰੀ ਮਹਿਪਾਲ ਢਾਂਡਾ ਜਾਟ ਸਮਾਜ ਦੇ ਮਹਾਨ ਜੋਧਾ ਅਤੇ ਦੂਰਦਰਸ਼ੀ ਸ਼ਾਸਕ ਮਹਾਰਾਜਾ ਸੂਰਜਮਲ ਜਾਟ ਦੇ ਜਨਮਹੋਤਸਵ ਦੇ ਉਪਲੱਖ ਵਿੱਚ ਕੈਥਲ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵੱਜੋਂ ਬੋਲ ਰਹੇ ਸਨ।

## ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੀ ਕਾਨਫਰੰਸ ਭਲਕੇ

**ਮਹਿਤਪੁਰ (ਰਾਜਾ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵੱਲੋਂ 19 ਫਰਵਰੀ ਨੂੰ ਪ੍ਰਤਾਪਪੁਰਾ ਦੀ ਮੰਡੀ ਵਿਖੇ ਇੱਕ ਵੱਡੀ ਕਾਨਫਰੰਸ ਕੀਤੀ ਜਾ ਰਹੀ ਹੈ ਜਿਸ ਵਿੱਚ ਗਿਆਨੀ ਹਰਪ੍ਰੀਤ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਤੇ ਹੋਰ ਸੀਨੀਅਰ ਲੀਡਰਸ਼ਿਪ ਹਾਜ਼ਰੀ ਲਾਉਣਗੇ ਅਤੇ ਸੰਗਤਾਂ ਦੇ ਦਰਸ਼ਨ ਕਰਨਗੇ। ਜ਼ਿਲ੍ਹਾ ਜਲੰਧਰ ਦੀਆਂ ਸਮੂਹ ਸੰਗਤਾਂ ਨੂੰ ਇਸ ਕਾਨਫਰੰਸ ਵਿੱਚ ਪਹੁੰਚਣ ਦੀ ਬੇਨਤੀ ਕੀਤੀ। ਆਪਣਾ ਪੰਜਾਬ, ਜੋ ਕਦੇ ਦੇਸ਼ ਦਾ ਅੰਨਦਾਤਾ ਅਤੇ ਖੁਸ਼ਹਾਲੀ ਦਾ ਪ੍ਰਤੀਕ ਸੀ, ਅੱਜ ਇਤਿਹਾਸ ਦੇ ਸਭ ਤੋਂ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਉਕਤ ਜਾਣਕਾਰੀ ਗੁਰਪ੍ਰਤਾਪ ਸਿੰਘ ਵਡਾਲਾ ਸਾਬਕਾ ਵਿਧਾਇਕ ਨਕੋਦਰ ਨੇ ਸਾਂਝੀ ਕੀਤੀ।

# ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਚੌਥੀ ਬੱਸ ਰਵਾਨਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਮੋਹਾਲੀ ਹਲਕੇ ਤੋਂ ਚੌਥੀ ਬੱਸ ਰਵਾਨਾ ਕੀਤੀ ਗਈ। ਇਹ ਬੱਸ ਫੇਜ਼-11 ਦੇ ਵਾਰਡ ਨੰਬਰ 16 ਦੇ ਸਪੋਰਟਸ ਕੰਪਲੈਕਸ ਤੋਂ ਵਿਧਾਇਕ ਕੁਲਵੰਤ ਸਿੰਘ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤੀ ਗਈ। ਇਸ ਤੋਂ ਪਹਿਲਾਂ ਵੀ ਇਸ ਮੁਹਿੰਮ ਤਹਿਤ ਗੁਰਦੁਆਰਾ ਸਿੰਘ ਸਭਾ ਫੇਜ਼-11 ਤੋਂ ਸ਼ਰਧਾਲੂਆਂ ਦਾ ਇੱਕ ਜੱਥਾ ਤੀਰਥ ਯਾਤਰਾ ਕਰ ਚੁੱਕਾ ਹੈ।ਵਿਧਾਇਕ ਕੁਲਵੰਤ ਸਿੰਘ ਨੇ ਦੱਸਿਆ ਕਿ ਯਾਤਰੀ ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਰ, ਜਲਿਆਂਵਾਲਾ ਬਾਗ, ਵਾਲਮੀਕੀ ਮੰਦਰ, ਰਾਮ ਤੀਰਥ ਤੇ ਵਾਘਾ ਬਾਰਡਰ ਆਦਿ ਧਾਰਮਿਕ ਤੇ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਕੇ ਵਾਪਸ ਮੋਹਾਲੀ ਪਰਤਣਗੇ। ਇਸ ਤੋਂ ਬਾਅਦ ਇਹ ਬੱਸ ਦੁਬਾਰਾ ਹੋਰ 40 ਯਾਤਰੀਆਂ ਨੂੰ ਲੈ ਕੇ ਅੰਮ੍ਰਿਤਸਰ ਲਈ ਰਵਾਨਾ ਹੋਵੇਗੀ।





ਜੀ ਜੀ ਐਚ ਜੀ ਬੇਟ ਖਾਲਸਾ ਮਹਿਤਪੁਰ ਵਿਖੇ ਜ਼ੋਨਲ ਜੇਤੂ ਟੂਰਨਾਮੈਂਟ ਦੇ ਵਿਦਿਆਰਥੀਆਂ ਖਿਡਾਰੀਆਂ ਨੂੰ ਕਮੇਟੀ ਦੁਆਰਾ ਸਨਮਾਨਤ ਕੀਤਾ ਗਿਆ। ਇਸ ਕਮੇਟੀ ਦੀ ਅਗਵਾਈ ਪ੍ਰਿੰਸੀਪਲ ਮਨਪ੍ਰੀਤ ਕੌਰ, ਜੀ ਐੱਚ ਜੀ ਬੇਟ ਖਾਲਸਾ ਦੁਆਰਾ ਕੀਤਾ ਗਿਆ। ਸਕੂਲ ਆਫ ਐਮੀਨੈਂਸ ਪ੍ਰਿੰਸੀਪਲ ਤੇ ਗੌਰਮੈਂਟ ਗਰਲ ਸੀਨੀਅਰ ਸੈਕੰਡਰੀ ਸਕੂਲ ਨਕੋਦਰ ਦੇ ਪ੍ਰਿੰਸੀਪਲ ਵੱਲੋਂ ਉਚੇਚੇ ਤੌਰ ਤੇ ਅਗਵਾਈ ਕੀਤੀ ਗਈ। ਸਰਕਾਰੀ ਹਾਈ ਸਕੂਲ ਮਹਿਸਮਪੁਰ ਦੀ ਖੋ-ਖੋ ਅੰਡਰ 14-17 ਮੁੰਡੇ ਕੁੜੀਆਂ ਪਹਿਲਾ ਸਥਾਨ ਤੇ ਅੰਡਰ 19 ਤੀਸਰਾ ਸਥਾਨ ਪ੍ਰਾਪਤ ਕਰਕੇ ਜੋਨ ਵਿੱਚ ਝੰਡੀ ਰਹੀ। ਰਕੇਸ਼ ਕੁਮਾਰ ਸਕੂਲ ਇੰਚਾਰਜ ਨੇ ਵਿਦਿਆਰਥੀਆਂ, ਖਿਡਾਰੀਆਂ, ਜੇਤੂ ਟੀਮਾਂ ਨੂੰ ਵਧਾਈ ਦਿੱਤੀ। (ਫੋਟੋ ਤੇ ਵੇਰਵਾ : ਰਾਜਾ ਮਹਿਤਪੁਰ)

# ਮਹਾਂਸ਼ਿਵਰਾਤਰੀ ਸਨਾਤਨ ਧਰਮ ਦੇ ਵਿਸ਼ਵਾਸ ਦਾ ਪ੍ਰਤੀਕ : ਰਜਿੰਦਰ ਮਾਰਸ਼ਲ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਮਹਾਂਸ਼ਿਵਰਾਤਰੀ ਦੇ ਪਾਵਨ ਉਤਸਵ ਨੂੰ ਸਮਰਪਤ ਹਰ ਸੰਸਥਾ ਵੱਲੋਂ ਵੱਖ-ਵੱਖ ਪਕਵਾਨਾਂ ਦੇ ਲੰਗਰ ਲਗਾ ਕੇ ਬਾਬਾ ਭੋਲੇਨਾਥ ਪ੍ਰਤੀ ਆਪਣੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਇਸੇ ਸੰਬੰਧ ਵਿੱਚ ਸ਼ਿਵ ਸੈਨਾ ਪੰਜਾਬ ਦੇ ਬੇਟ ਏਰੀਆ ਟਾਂਡਾ ਦੇ ਪ੍ਰਧਾਨ ਗਗਨ ਪਰੋਜ ਦੀ ਅਗਵਾਈ ਵਿੱਚ ਪਿੰਡ ਪਰੋਜ ਰੋਲੀਆ ਵਿਖੇ ਪੂਰੀ ਵਿਧੀਪੂਰਵਕ ਬਾਬਾ ਭੋਲੇਨਾਥ ਦੀ ਪੂਜਾ ਅਰਚਨਾ ਕਰਕੇ ਵੱਖ ਵੱਖ ਪਕਵਾਨਾਂ ਦਾ ਭੰਡਾਰਾ ਲਗਾਇਆ ਗਿਆ।ਇਸ ਭੰਡਾਰੇ ਦਾ ਉਦਘਾਟਨ ਮੁੱਖ ਮਹਿਮਾਨ ਸਰ ਮਾਰਸ਼ਲ ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸ਼ਿਵ ਸੈਨਾ ਪੰਜਾਬ ਦੇ ਉੱਤਰੀ ਭਾਰਤ ਪ੍ਰਧਾਨ ਮਿੱਕੀ ਪੰਡਿਤ, ਦੁਆਬਾ ਪ੍ਰਧਾਨ ਸ਼ਿਵਮ ਵੈਦ, ਜ਼ਿਲ੍ਹਾ ਚੇਅਰਮੈਨ ਵਿਕਾਸ ਜਸਰਾ, ਉੱਘੇ ਸਮਾਜ ਸੇਵੀ ਗਿੰਦਾ ਪਰੋਜ, ਹਿੰਦੂ ਨੇਤਾ ਜਿੰਦਰ ਬਨਿਆਲ, ਭਾਨਾ ਦਸੂਹਾ, ਹਰਮਨ ਪਰੋਜ, ਪ੍ਰਿੰਸ ਮਟੂ, ਆਕਾਸ਼ਦੀਪ ਸਿੰਘ, ਮਨਜੀਤ ਸਿੰਘ, ਸੰਦੀਪ ਕੁਮਾਰ ਅਤੇ ਸੁਖਦੇਵ ਸਿੰਘ ਤੋਂ ਇਲਾਵਾ ਹੋਰ ਉੱਘੀਆਂ ਸ਼ਖਸੀਅਤਾਂ ਹਾਜ਼ਰ ਸਨ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਨੇ ਮਹਾਦੇਵ ਸ਼ਿਵ ਸ਼ੰਕਰ ਭੋਲੇਨਾਥ ਦੇ ਇਸ ਪਾਵਨ ਉਤਸਵ ਦੀ ਸ਼ਰਧਾਲੂਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸ਼ਿਵਰਾਤਰੀ ਸਿਰਫ ਇੱਕ ਧਾਰਮਿਕ ਤਿਉਹਾਰ ਨਹੀਂ ਹੈ ਇਹ ਤਾਂ ਇੱਕ ਸਨਾਤਨ ਧਰਮ ਦੇ ਪੈਰੋਕਾਰਾਂ ਲਈ ਆਤਮ ਨਿਰੀਖਣ ਅਤੇ ਵਿਸ਼ਵਾਸ ਦਾ ਪ੍ਰਤੀਕ ਹੈ।ਗਗਨ ਪਰੋਜ ਨੇ ਕਿਹਾ ਕਿ ਸਾਡੀ ਸ਼ਿਵ ਸੈਨਾ ਪੰਜਾਬ ਹਰ ਧਰਮ ਦੇ ਤਿਉਹਾਰਾਂ ਦਾ ਪੂਰਾ ਆਦਰ ਸਤਿਕਾਰ ਕਰਦੀ ਹੈ ਅਤੇ ਹਰ ਧਾਰਮਿਕ ਸਮਾਗਮ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੀ ਹੈ। ਇਸ ਮੌਕੇ ਗਗਨ ਪਰੋਜ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਉਹਨਾਂ ਨੂੰ ਸਰੋਪੇ ਪਾ ਕੇ ਸਨਮਾਨਿਤ ਕੀਤਾ।

# 23ਵਾਂ ਫੁੱਟਬਾਲ ਟੂਰਨਾਮੈਂਟ ਸੰਪੰਨ

**ਪੋਜੇਵਾਲ (ਰਾਮ ਲਾਲ)**

ਫਰੈਂਡਜ਼ ਸਪੋਰਟਸ ਕਲੱਬ ਗੁਲਪੁਰ ਵਲੋਂ ਗ੍ਰਾਮ ਪੰਚਾਇਤ, ਸਮੂਹ ਨਗਰ ਤੇ ਐੱਨ ਆਰ ਆਈ ਭਰਾਵਾਂ ਦੇ ਸਹਿਯੋਗ ਨਾਲ 23ਵਾਂ ਫੁੱਟਬਾਲ ਟੂਰਨਾਮੈਂਟ ਤੇ ਬੈਲ ਗੱਡੀਆਂ ਦੀਆਂ ਦੌੜਾਂ ਕਰਵਾਈਆਂ ਗਈਆਂ। ਫੁੱਟਬਾਲ ਵਿੱਚ ਪੰਜਾਬ ਦੀਆਂ ਸਿਰਕੱਢ ਟੀਮਾਂ ਨੇ ਭਾਗ ਲਿਆ।ਫਾਈਨਲ ਮੈਚ ਉੱਚਾ ਲਧਾਣਾ ਤੇ ਸਮੁੰਦੜਾ ਦੀ ਟੀਮ ਨੇ ਗੁਲਪੁਰ ਤੇ ਧਮਾਈ ਦੀ ਟੀਮ ਨੂੰ ਫਸਵੇਂ ਮੁਕਾਬਲੇ ਵਿੱਚ ਦੋ-ਇੱਕ ਗੋਲ ਦੇ ਫ਼ਰਕ ਨਾਲ ਜਿੱਤ ਕੇ ਟਰਾਫ਼ੀ ਤੇ ਇੱਕ ਲੱਖ ਰੁਪਈਏ ਦੀ ਰਾਸ਼ੀ ਜਿੱਤੀ। ਦੂਜੇ, ਤੀਜੇ ਤੇ ਚੌਥੇ ਸਥਾਨ 'ਤੇ ਆਉਣ ਵਾਲੀਆਂ ਟੀਮਾਂ ਨੂੰ ਕ੍ਰਮਵਾਰ 71 ਹਜ਼ਾਰ, 25 ਹਜ਼ਾਰ ਤੇ 15 ਹਜ਼ਾਰ ਦੀ ਰਾਸ਼ੀ ਤੇ ਟਰਾਫੀਆਂ ਦਿੱਤੀਆਂ ਗਈਆਂ ।ਚਾਲੀ ਸਾਲ ਤੋਂ ਉੱਪਰ ਵਾਲੇ ਮੈਚ ਵਿੱਚ ਬਲਾਚੌਰ ਨੇ ਗੜ੍ਹਸ਼ੰਕਰ ਦੀ ਟੀਮ ਨੂੰ ਹਰਾਇਆ ।ਬੈਲ ਗੱਡੀਆਂ ਦੀਆਂ ਦੌੜਾਂ ਵਿੱਚ ਸੱਠ ਦੇ ਕਰੀਬ ਬੈਲ ਗੱਡੀਆਂ ਨੇ ਹਿੱਸਾ ਲਿਆ।ਜਿਸ ਵਿੱਚ ਦਿਲਾਵਰ ਦਿਲੀ ਟੱਪਰੀਆਂ ਰਾਣੇਵਲ, ਸੰਤੋਖ ਸਿੰਘ ਦਿਆਲ, ਅਵਨੀਤ ਕੌਰ ਬੱਲ ਬਛੌੜੀ ਤੇ ਸੁਰਜੀਤ ਸਿੰਘ ਨਿੱਕਾ ਸ਼ੋਕਰ ਗੁਲਪੁਰ ਦੀ ਬੈਲਗੱਡੀ ਨੇ ਪਹਿਲਾ, ਦੂਜਾ, ਤੀਜਾ ਤੇ ਚੌਥਾ ਸਥਾਨ ਪ੍ਰਾਪਤ ਕੀਤਾ । ਪਹਿਲੇ ਸੋਲਾਂ ਨੰਬਰ ਵਾਲੀਆਂ ਬੈਲ ਗੱਡੀਆਂ ਨੂੰ ਸ਼ਾਨਦਾਰ ਟਰਾਫ਼ੀ ਤੇ ਨਗਦ ਇਨਾਮ ਦਿੱਤੇ ਗਏ । ਜਿਸ ਲਈ ਲੈਂਬਰ ਸਿੰਘ ਸ਼ੋਕਰ ਕੈਨੇਡਾ ਤੇ ਸਵ: ਸਾਬਕਾ ਸਰਪੰਚ ਰਤਨ ਸਿੰਘ ਸ਼ੋਕਰ ਦੇ ਪਰਵਾਰ ਦਾ ਵਿਸ਼ੇਸ਼ ਯੋਗਦਾਨ ਰਿਹਾ ।ਇਨਾਮਾਂ ਦੀ ਵੰਡ ਗ੍ਰਾਮ ਪੰਚਾਇਤ ਤੇ ਪਿੰਡ ਦੇ ਪਤਵੰਤੇ ਸੱਜਣਾਂ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ । ਸਟੇਜ ਸਕੱਤਰ ਦੀ ਭੂਮਿਕਾ ਪ੍ਰਸਿੱਧ ਕਾਲਮ ਨਵੀਸ ਹਰਜਿੰਦਰ ਗੁਲਪੁਰ ਤੇ ਮਾਸਟਰ ਅਜੀਤ ਸਿੰਘ ਗੁਲਪਰ ਵਲੋਂ ਨਿਭਾਈ ਗਈ ।ਕਲੱਬ ਵੱਲੋਂ ਸਟੇਟ ਤੇ ਯੂਨੀਵਰਸਿਟੀ ਪੱਧਰ ਦੇ ਅਥਲੀਟ ਹਰਕੀਰਤ ਸਿੰਘ ਸ਼ੋਕਰ, ਫੁੱਟਬਾਲ ਖਿਡਾਰੀ ਸੋਨੂੰ ਝੱਜ ਤੇ ਜੋਤੀ ਗੁਲਪੁਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ।ਇਸ ਸਮੇਂ ਕਲੱਬ ਦੇ ਪ੍ਰਧਾਨ ਸੁਰਜੀਤ ਸਿੰਘ ਨਿੱਕਾ ਸ਼ੋਕਰ, ਸਰਪੰਚ ਕਸ਼ਮੀਰ ਸਿੰਘ ਖ਼ਾਲਸਾ, ਸੁਖਵਿੰਦਰ ਸਿੰਘ ਸ਼ੇਰਗਿੱਲ, ਉਂਕਾਰ ਸਿੰਘ ਸ਼ੇਰਗਿੱਲ ਯੂ. ਕੇ , ਸੂਬੇਦਾਰ ਅਵਤਾਰ ਸਿੰਘ ਸ਼ੋਕਰ , ਰਾਜਵੀਰ ਸ਼ੋਕਰ, ਬਲਿਹਾਰ ਸਿੰਘ ਖ਼ਾਲਸਾ, ਕ੍ਰਾਂਤੀ ਸ਼ੋਕਰ ਆਸਟ੍ਰੇਲੀਆ, ਯੁੱਗ ਆਸਟ੍ਰੇਲੀਆ, ਪਾਲ ਆਸਟ੍ਰੇਲੀਆ, ਪਾਲ ਸ਼ੋਕਰ, ਮੱਖਣ ਸ਼ੋਕਰ, ਰੇਸ਼ਮ ਸਿੰਘ ਫ਼ੌਜੀ, ਪ੍ਰਧਾਨ ਝਲਮਣ ਸਿੰਘ, ਸੂਬੇਦਾਰ ਜਗਰੂਪ ਸਿੰਘ, ਲੱਖਾ ਝੱਜ, ਜੋਗਾ ਸਿੰਘ ਸ਼ੋਕਰ, ਜਸਵੀਰ ਸਿੰਘ, ਬਲਦੇਵ ਸਿੰਘ, ਜਸਵੀਰ ਸਿੰਘ, ਯੁੱਧਵੀਰ, ਸ਼ਿੰਦਾ ਝੱਜ, ਸੱਤੀ ਭਾਲੜੂ, ਬੱਬੂ ਤੇ ਮਾਨੀ ਸ਼ੋਕਰ ਤੇ ਕਲੱਬ ਦੇ ਹੋਰ ਮੈਂਬਰ ਹਾਜ਼ਰ ਸਨ।

# ਆਰ ਬੀ ਯੂ-ਜੀ ਐੱਨ ਡੀ ਜੀ ਯੂ ਗਲੋਬਲ ਸਕਿਲ ਡਿਵੈਲਪਮੈਂਟ ਲਈ ਸਾਂਝੇ ਸਹਿਯੋਗ ਕਰਨ ਦੀ ਯੋਜਨਾ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਰਿਆਤ ਬਾਹਰਾ ਯੂਨੀਵਰਸਿਟੀ ਦੇ ਸੀਨੀਅਰ ਅਧਿਕਾਰੀਆਂ ਨੇ ਟੈਕਸਾਸ, ਅਮਰੀਕਾ ਸਥਿਤ ਗੁਰੂ ਨਾਨਕ ਦੇਵ ਗਲੋਬਲ ਯੂਨੀਵਰਸਿਟੀ (ਜੀ ਐੱਨ ਡੀ ਜੀ ਯੂ) ਦੇ ਚੇਅਰਮੈਨ ਬਲਜੀਤ ਸਿੰਘ ਨਾਲ ਆਰ ਬੀ ਯੂ ਵਿਖੇ ਮੁਲਾਕਾਤ ਕੀਤੀ। ਇਸ ਦੌਰਾਨ ਮੁੱਲ-ਅਧਾਰਿਤ ਸਿੱਖਿਆ ਰਾਹੀਂ ਚਰਿੱਤਰ ਨਿਰਮਾਣ, ਗਲੋਬਲ ਹੁਨਰ ਵਿਕਾਸ ਤੇ ਵਿਦਿਆਰਥੀਆਂ ਦੀ ਰੋਜ਼ਗਾਰ ਯੋਗਤਾ ਮਜ਼ਬੂਤ ਕਰਨ ਲਈ ਰਣਨੀਤਿਕ ਭਾਗੀਦਾਰੀ ਦੇ ਸੰਭਾਵਨਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਉੱਚ-ਪੱਧਰੀ ਮੀਟਿੰਗ ਵਿੱਚ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ,ਵਾਈਸ ਚਾਂਸਲਰ ਪ੍ਰੋਫੈਸਰ (ਡਾ.) ਸੰਜੇ ਕੁਮਾਰ ਅਤੇ ਡੀਨ ਯੂਨੀਵਰਸਿਟੀ ਸਕੂਲ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਡਾ. ਅਨਮੋਲ ਗੋਇਲ ਸ਼ਾਮਲ ਹੋਏ।

# ਲਾਇਲਪੁਰ ਖਾਲਸਾ ਕਾਲਜ 'ਚ ਕੈਨੇਡਾ ਦੇ ਸੰਸਦ ਮੈਂਬਰ ਦਲਵਿੰਦਰ ਗਿੱਲ ਦਾ ਵਿਸ਼ੇਸ਼ ਸਨਮਾਨ



**ਜਲੰਧਰ (ਸ਼ੈਲੀ ਐਲਬਰਟ)**

ਉੱਤਰੀ ਭਾਰਤ ਦੀ ਸਿਰਮੌਰ ਵਿਦਿਅਕ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ ਦੇ ਮਾਣਮੱਤੇ ਪਲਾਂ ਵਿੱਚ ਉਸ ਸਮੇਂ ਹੋਰ ਵੀ ਇਜਾਫਾ ਹੋ ਗਿਆ ਜਦੋਂ ਕਾਲਜ ਦੇ ਪੁਰਾਣੇ ਵਿਦਿਆਰਥੀ ਤੇ ਮੌਜੂਦਾ ਮੈਂਬਰ ਪਾਰਲੀਮੈਂਟ (ਕੈਲਗਰੀ, ਕਨੇਡਾ) ਦਲਵਿੰਦਰ ਗਿੱਲ ਕਾਲਜ ਵਿੱਚ ਉਚੇਚੇ ਤੌਰ ਤੇ ਪਹੁੰਚੇ। ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਬਲਬੀਰ ਕੌਰ, ਸੰਯੁਕਤ ਸਕੱਤਰ ਜਸਪਾਲ ਸਿੰਘ ਬੜੈਚ, ਮੀਤ ਪ੍ਰਧਾਨ ਦੀਪਇੰਦਰ ਸਿੰਘ ਪੁਰੇਵਾਲ, ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ, ਸਾਬਕਾ ਪ੍ਰਿੰਸੀਪਲ ਡਾ. ਗੁਰਪਿੰਦਰ ਸਿੰਘ ਸਮਰਾ ਤੇ ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ ਨੇ ਫੁੱਲਾਂ ਦੇ ਗੁਲਦਸਤੇ ਤੇ ਲੋਈ ਭੇਟ ਕਰਕੇ ਦਲਵਿੰਦਰ ਗਿੱਲ ਦਾ ਸਨਮਾਨ ਕੀਤਾ। ਇਸ ਮੌਕੇ ਗਵਰਨਿੰਗ ਕੌਂਸਲ ਦੇ ਪ੍ਰਧਾਨ ਬਲਬੀਰ ਕੌਰ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਅਜਿਹੇ ਹੋਣਹਾਰ ਵਿਦਿਆਰਥੀ ਕਾਲਜ ਦਾ ਨਾਂਅ ਪੂਰੀ ਦੁਨੀਆਂ ਵਿੱਚ ਰੌਸ਼ਨ ਕਰਦੇ ਹਨ, ਅਸੀਂ ਇਹਨਾਂ ਦੇ ਹੋਰ ਵੀ ਚੰਗੇਰੇ ਭਵਿੱਖ ਦੀ ਕਾਮਨਾ ਕਰਦੇ ਹਾਂ।ਪ੍ਰਿੰਸੀਪਲ ਡਾ. ਰਸ਼ਪਾਲ ਸਿੰਘ ਸੰਧੂ ਨੇ ਦੱਸਿਆ ਕਿ ਦਲਵਿੰਦਰ ਗਿੱਲ ਨੇ ਬੀ ਐੱਸ ਸੀ ਤੋਂ ਬਾਅਦ ਐੱਮ ਐੱਸ ਸੀ ਗਣਿਤ ਦੀ ਡਿਗਰੀ 1992-94 ਦੌਰਾਨ ਇਸੇ ਕਾਲਜ ਤੋਂ ਪ੍ਰਾਪਤ ਕੀਤੀ। ਆਪਣੇ ਸਮੇਂ ਉਹ ਬਹੁਤ ਹੀ ਸੁਹਿਰਦ ਤੇ ਅਨੁਸ਼ਾਸ਼ਿਤ ਵਿਦਿਆਰਥੀ ਰਹੇ ਹਨ। ਇਹੀ ਅਨੁਸ਼ਾਸਨ ਉਨਾਂ ਦੇ ਜੀਵਨ ਨੂੰ ਉਚ ਅਹੁਦੇ ਉੱਪਰ ਲੈ ਕੇ ਗਿਆ। ਵਿਦਿਆਰਥੀਆਂ ਨੂੰ ਉਨ੍ਹਾਂ ਦੇ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਇਮਾਨਦਾਰੀ ਤੇ ਪਾਰਦਰਸ਼ੀ ਵਿਵਹਾਰ ਉਹਨਾਂ ਦੀ ਇਨਸਾਨੀਅਤਵਾਦੀ ਸੋਚ ਦੀ ਗਵਾਹੀ ਭਰਦੇ ਹਨ।ਦਲਵਿੰਦਰ ਗਿੱਲ ਨੇ ਆਪਣੇ ਸੰਬੋਧਨ ਵਿੱਚ ਕਾਲਜ ਨਾਲ ਜੁੜੀਆਂ ਆਪਣੀਆਂ ਪੁਰਾਣੀਆਂ ਯਾਦਾਂ ਤਾਜ਼ਾ ਕੀਤੀਆਂ। ਉਹਨਾਂ ਦੱਸਿਆ ਕਿ ਉਹ ਅੱਜ ਜੋ ਵੀ ਹਨ ਲਾਇਲਪੁਰ ਖਾਲਸਾ ਕਾਲਜ ਦੀ ਦੇਣ ਹਨ। ਉਹ ਸਦਾ ਕਾਲਜ ਨੂੰ ਨਮਨ ਕਰਦੇ ਰਹਿੰਦੇ ਹਨ। ਇਸ ਮੌਕੇ ਦਲਵਿੰਦਰ ਗਿੱਲ ਦੇ ਨਾਲ ਜਸਰਾਜ ਸਿੰਘ ਹਾਲਨ ਕਨੇਡੀਅਨ ਸੰਸਦ ਮੈਂਬਰ ਨੇ ਵੀ ਹਾਜ਼ਰ ਹੋਣਾ ਸੀ ਪ੍ਰੰਤੂ ਅਚਨਚੇਤੀ ਕਿਸੇ ਜ਼ਰੂਰੀ ਰੁਝੇਵੇਂ ਕਾਰਨ ਉਹ ਹਾਜ਼ਰ ਨਹੀਂ ਹੋ ਸਕੇ। ਉਹਨਾਂ ਦਾ ਸਨਮਾਨ ਵੀ ਦਲਵਿੰਦਰ ਗਿੱਲ ਨੂੰ ਸੌਂਪ ਦਿੱਤਾ ਗਿਆ। ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਮੁਖੀ ਸਾਹਿਬਾਨ, ਪ੍ਰੋਫੈਸਰ ਸਾਹਿਬਾਨ, ਨਾਨ-ਟੀਚਿੰਗ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ। ਸਟੇਜ ਦੀ ਕਾਰਵਾਈ ਡਾ. ਹਰਜਿੰਦਰ ਸਿੰਘ ਸੇਖੋਂ ਨੇ ਬਖ਼ੂਬੀ ਨਿਭਾਈ। ਬਾਅਦ ਵਿੱਚ ਦਲਵਿੰਦਰ ਗਿੱਲ, ਪ੍ਰਿੰਸੀ. ਡਾ. ਰਸ਼ਪਾਲ ਸਿੰਘ ਸੰਧੂ ਤੇ ਮੀਤ ਪ੍ਰਧਾਨ ਸ. ਦੀਪਿੰਦਰ ਸਿੰਘ ਪੁਰੇਵਾਲ ਸਮੇਤ ਸਾਰੇ ਹਾਜ਼ਰੀਨ ਕਾਲਜ ਗੁਰਦੁਆਰਾ ਸਾਹਿਬ ਵਿੱਚ ਨਤਮਸਤਕ ਹੋਣ ਗਏ ਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ।

# ਲੇਖਕ ਸੰਤੋਖ ਸਿੰਘ ਧੀਰ ਦੇ ਜਨਮ ਦਿਨ ਨੂੰ ਸਮਰਪਤ ਸੈਮੀਨਾਰ ਤੇ ਕਵੀ ਦਰਬਾਰ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**

ਸਾਹਿਤ ਸਭਾ ਬਹਿਰਾਮਪੁਰ ਬੇਟ ਵਲੋਂ ਨਾਮਵਰ ਪੰਜਾਬੀ ਪ੍ਰਗਤੀਸ਼ੀਲ ਲੇਖਕ ਸੰਤੋਖ ਸਿੰਘ ਧੀਰ ਦੇ ਜਨਮ ਦਿਨ ਨੂੰ ਸਮਰਪਿਤ ਇੱਕ ਸੈਮੀਨਾਰ ਤੇ ਕਵੀ ਦਰਬਾਰ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਉੱਘੇ ਗ਼ਜ਼ਲਗੋ ਤੇ ਸਹਿਤ ਸਭਾ ਮਾਛੀਵਾੜਾ ਦੇ ਪ੍ਰਧਾਨ ਐੱਸ ਨਸੀਮ ਨੇ ਕੀਤੀ। ਇਸ ਸਮੇਂ ਮੰਚ ਉੱਤੇ ਬਹੁ-ਵਿਧਾਵੀ ਲੇਖਕ ਰਾਬਿੰਦਰ ਸਿੰਘ ਰੱਬੀ ਤੇ ਅਮਰਜੀਤ ਸਿੰਘ ਮਾਵੀ ਵੀ ਮੌਜੂਦ ਸਨ।ਸਭਾ ਦੇ ਪ੍ਰਧਾਨ ਕੁਲਵਿੰਦਰ ਸਿੰਘ ਵੱਲੋਂ ਆਏ ਹੋਏ ਸਾਹਿਤਕਾਰਾਂ ਅਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ। ਉਪਰੰਤ ਰਵਿੰਦਰ ਸਿੰਘ ਰੱਬੀ ਵੱਲੋਂ ਸੰਤੋਖ ਸਿੰਘ ਧੀਰ ਦੀ ਪੰਜਾਬੀ ਸਾਹਿਤ ਨੂੰ ਦੇਣ ਉੱਤੇ ਪਰਚਾ ਪੜ੍ਹਿਆ ਗਿਆ। ਉਹਨਾਂ ਕਿਹਾ ਕਿ ਸੰਤੋਖ ਸਿੰਘ ਧੀਰ ਇੱਕ ਕਿਰਤੀ ਪਰਵਾਰ ਵਿੱਚ ਜਨਮੇ ਸਨ, ਜਿਨ੍ਹਾਂ ਨੇ ਸਾਰੀ ਉਮਰ ਪੰਜਾਬੀ ਸਾਹਿਤ ਦੇ ਲੇਖੇ ਲਾਈ ਤੇ ਉਹ ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਜੁੜ ਕੇ ਲੋਕ ਪੱਖੀ ਸਾਹਿਤ ਦੀ ਸਿਰਜਣਾ ਕਰਦੇ ਰਹੇ । ਉਹਨਾਂ ਦੀਆਂ ਕਹਾਣੀਆਂ 'ਤੇ ਟੈਲੀ ਫਿਲਮਾਂ ਵੀ ਬਣੀਆਂ ਜੋ ਦਰਸ਼ਕਾਂ ਨੂੰ ਪ੍ਰਭਾਵਿਤ ਕਰਦੀਆਂ ਸਨ। ਪੰਜਾਬੀ ਸਾਹਿਤ ਵਿੱਚ ਉਹਨਾਂ ਦਾ ਨਾਂ ਸੁਨਹਿਰੀ ਅੱਖਰਾਂ ਵਿੱਚ ਦਰਜ ਹੈ।



# ਜਗਦੇਵ ਸਿੰਘ ਪੱਪਾ ਨੂੰ ਨਮ ਅੱਖਾਂ ਨਾਲ ਦਿੱਤੀ ਅੰਤਮ ਵਿਦਾਇਗੀ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਭੁੰਗਰਨੀ ਦੇ ਉੱਘੇ ਸਮਾਜ ਸੇਵਕ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਭੁੰਗਰਨੀ,ਦਿਦਾਰ ਸਿੰਘ ਭੁੰਗਰਨੀ ਤੇ ਛੋਟੀ ਭੈਣ ਜਸਵੀਰ ਕੌਰ ਯੂ ਕੇ ਦੇ ਛੋਟੇ ਭਰਾ ਸਨ ਜਗਦੇਵ ਸਿੰਘ ਪੱਪਾ । ਜਗਤਾਰ ਸਿੰਘ ਭੁੰਗਰਨੀ ਨੇ ਦੱਸਿਆ ਕਿ ਜਗਦੇਵ ਸਿੰਘ ਪੱਪਾ ਜਿਨ੍ਹਾਂ ਆਪਣੇ ਜਨਮ ਤੋਂ ਲੈ ਕੇ ਆਪਣੇ ਆਖਰੀ ਦਿਨ ਤੱਕ ਸਿਰਫ ਦੁੱਧ ਤੇ ਪਾਣੀ ਤੋਂ ਬਗੈਰ ਦੁਨੀਆਂ ਕੋਈ ਵੀ ਹੋਰ ਵਸਤੂ ਦਾ ਸੇਵਨ ਨਹੀਂ ਕੀਤਾ । ਜਿੰਨਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ। ਇਸ ਮੌਕੇ ਦੁੱਖ ਦੀ ਘੜੀ ਵਿੱਚ ਇਲਾਕੇ ਭਰ ਤੋਂ ਵੱਖ ਵੱਖ ਰਾਜਨੀਤਿਕ ਪਾਰਟੀਆਂ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਸੰਤ ਸਮਾਜ, ਨਿਹੰਗ ਸਿੰਘ ਜਥੇਬੰਦੀਆਂ, ਪੱਤਰਕਾਰ ਭਾਈਚਾਰਾ ਤੇ ਸਿਆਸੀ ਆਗੂਆਂ ਵੱਲੋਂ ਪਰਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।ਜਗਤਾਰ ਸਿੰਘ ਭੁੰਗਰਨੀ ਨੇ ਦੱਸਿਆ ਕਿ ਪੂਰੇ ਧਾਰਮਿਕ ਰੀਤੀ ਰਿਵਾਜਾਂ ਨਾਲ ਉਨ੍ਹਾਂ ਦੇ ਖੇਤਾਂ ਵਿੱਚ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਇਸ ਅੰਤਿਮ ਸੰਸਕਾਰ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਤਰਨਾ ਦਲ ਬਜਵਾੜਾ ਕਲਾਂ, ਸੁਆਮੀ ਸਤਿਆ ਵਰਤਾ ਨੰਦ ਗਿਰੀ ਵਲੋਂ ਉਨਾਂ ਦੀ ਚਿਖਾ ਨੂੰ ਅਗਨ ਭੇਂਟ ਕੀਤਾ । ਇਸ ਮੌਕੇ ਐੱਸ ਜੀ ਪੀ ਸੀ ਮੈਂਬਰ ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਹਲਕਾ ਇੰਚਾਰਜ ਚੱਬੇਵਾਲ ਸ਼੍ਰੋਮਣੀ ਅਕਾਲੀ ਦਲ ਹਰਮਿੰਦਰ ਸਿੰਘ ਸੰਧੂ ,ਜਥੇਦਾਰ ਸੁਰਜੀਤ ਸਿੰਘ ਮਸੂਤਾ, ਜਨਰਲ ਕੈਟਾਗਰੀ ਫਰੰਟ ਦੇ ਪ੍ਰਧਾਨ ਜਥੇਦਾਰ ਬਲਵੀਰ ਸਿੰਘ ਫੁਗਲਾਣਾ, ਪ੍ਰਧਾਨ ਸੁਰਜੀਤ ਸਿੰਘ ਮਸੂਤਾ, ਸਤਨਾਮ ਸਿੰਘ ਸ਼ਿੰਦੂ, ਜਸਵੀਰ ਸਿੰਘ ਮਿਨਹਾਸ, ਸਰਪੰਚ ਹਰਜੀਤ ਸਿੰਘ ਘੜਿਆਲ, ਪਰਮਜੀਤ ਸਿੰਘ ਮਿਨਹਾਸ ਡਮੁੰਢਾ, ਬਲਵੀਰ ਸਿੰਘ ਤੰਬੜ, ਮਨਜੀਤ ਸਿੰਘ ਸੋਨੂੰ, ਕਮਲਜੀਤ ਕੌਰ, ਦੀਦਾਰ ਸਿੰਘ, ਗੁਰਦਿਆਲ ਸਿੰਘ ਜਲਵੇਹੜਾ, ਮਹਿੰਦਰ ਸਿੰਘ ਰੱਬ ਪਾਂਸ਼ਟਾ, ਮੰਗਲ ਸਿੰਘ ਜਲਵੇਹੜਾ, ਸੁਖਦੇਵ ਸਿੰਘ ਪੰਚ ਮੁੱਖਲਿਆਣਾ, ਤਰਸੇਮ ਦੀਵਾਨਾ ਪੱਤਰਕਾਰ ਹੁਸ਼ਿਆਰਪੁਰ, ਪੱਤਰਕਾਰ ਅਸ਼ਵਨੀ ਸ਼ਰਮਾ ਹੁਸ਼ਿਆਰਪੁਰ, ਪਰਮਜੀਤ ਸਿੰਘ ਪੱਤਰਕਾਰ ਆਦਮਪੁਰ, ਹਰਵਿੰਦਰ ਸਿੰਘ ਭੁੰਗਰਨੀ ਪੱਤਰਕਾਰ ਹੁਸ਼ਿਆਰਪੁਰ, ਪੱਤਰਕਾਰ ਮਾਸਟਰ ਮੋਹਨ ਲਾਲ ਡਾਂਡੀਆਂ,ਵਿਸ਼ਵ ਰਾਜਪੂਤ ਸਭਾ ਦੇ ਪ੍ਰਧਾਨ ਬਲਵਿੰਦਰ ਸਿੰਘ ਭਾਮ, ਪ੍ਰਧਾਨ ਜਸਵੀਰ ਸਿੰਘ ਭਾਮ ਪੀ ਐੱਸ ਸੀ ਬੀ, ਪੰਜਾਬ ਪੈਨਸ਼ਨ ਯੂਨੀਅਨ ਦੇ ਜਨਰਲ ਸਕੱਤਰ ਵਿਜੇ ਸ਼ਰਮਾ, ਅਵਤਾਰ ਸਿੰਘ ਤਾਰੀ, ਸਾਬਕਾ ਸਰਪੰਚ ਲਖਵੀਰ ਸਿੰਘ ਪੱਟੀ, ਬਲਵਿੰਦਰ ਸਿੰਘ ਗਿੱਲ, ਜੋਗਿੰਦਰ ਸਿੰਘ ਚੀਮਾ, ਬਘਾਣਾ, ਸਾਬਕਾ ਸਰਪੰਚ ਸੁਖਚੈਨ ਸਿੰਘ, ਵਰਿੰਦਰ ਸਿੰਘ ਭਿੰਡਰ ਬੱਡਲਾ, ਪਰਮਿੰਦਰ ਸਿੰਘ ਪੋਸ਼ੀ, ਪ੍ਰਧਾਨ ਬਲਵੀਰ ਸਿੰਘ ਸੈਣੀ, ਅਸ਼ਨੀ ਸ਼ਰਮਾ ਪੱਤਰਕਾਰ ਹੁਸ਼ਿਆਰਪੁਰ, ਮਿੰਨੀ ਲੋਈ, ਨੰਬਰਦਾਰ ਰਾਜ ਕੁਮਾਰ, ਲਖਵਿੰਦਰ ਸਿੰਘ ਲੱਕੀ ਪੰਚ, ਡਾਕਟਰ ਮੁੱਖਤਿਆਰ ਸਿੰਘ ਧਾਲੀਵਾਲ ਪੱਤਰਕਾਰ ਹੁਸ਼ਿਆਰਪੁਰ, ਦਿਲਬਾਗ ਸਿੰਘ ਹਾਰਟਾ ਪੱਤਰਕਾਰ ਚੱਬੇਵਾਲ, ਸਤਵੰਤ ਸਿੰਘ ਸਾਬਕਾ ਪੰਚ, ਡਾਕਟਰ ਅਮਨ ਰਿਹਾਣਾ ਜੱਟਾਂ ਮਨਜੀਤ ਸਿੰਘ, ਜਸਵੀਰ ਸਿੰਘ, ਬਲਵੀਰ ਸਿੰਘ ਭੁੰਗਰਨੀ, ਜਰਨੈਲ ਸਿੰਘ ਜੈਲੀ ਆਦਿ ਹਾਜ਼ਰ ਸਨ।



# ਸ਼ਿਵਰਾਤਰੀ ਮੌਕੇ ਲੰਗਰ ਲਗਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**

ਮਹਾਂ ਸ਼ਿਵਰਾਤਰੀ ਦੇ ਪਾਵਨ ਉਤਸਵ ਦੇ ਮੌਕੇ ਤੇ ਟਾਂਡਾ ਸ਼ਹਿਰ ਦੇ ਵੱਖ-ਵੱਖ ਮੰਦਰਾਂ ਨੂੰ ਬੜੀ ਸੁੰਦਰਤਾ ਨਾਲ ਸਜਾਇਆ ਗਿਆ ਸੀ ਅਤੇ ਸਵੇਰ ਤੋਂ ਹੀ ਸ਼ਰਧਾਲੂ ਮੰਦਰਾਂ ਵਿੱਚ ਸਥਾਪਿਤ ਸ਼ਿਵਲਿੰਗ ਤੇ ਦੁੱਧ, ਜਲ ਅਤੇ ਫੁੱਲ ਆਦੀ ਚੜਾ ਕੇ ਸ਼ਿਵ ਸ਼ੰਕਰ ਭੋਲੇਨਾਥ ਜੀ ਦੀ ਪੂਜਾ ਆਰਤੀ ਕਰਕੇ ਬਾਬਾ ਭੋਲੇਨਾਥ ਜੀ ਦਾ ਆਸ਼ੀਰਵਾਦ ਪ੍ਰਾਪਤ ਕਰ ਰਹੇ ਸਨ। ਇਸ ਮਹਾਂ ਉਤਸਵ ਦੇ ਮੌਕੇ ਤੇ ਬਾਬਾ ਭੋਲੇਨਾਥ ਦੇ ਸ਼ਰਧਾਲੂਆਂ ਵੱਲੋਂ ਸ਼ਹਿਰ ਦੇ ਵੱਖ-ਵੱਖ ਸਥਾਨਾਂ ਤੇ ਲੰਗਰ ਆਦਿ ਲਗਾਏ ਗਏ ਸਨ।ਇਸੇ ਸੰਬੰਧ ਵਿੱਚ ਏਕ ਹਾਥ ਸੇਵਾ ਕੇ ਨਾਮ ਸੋਸਾਇਟੀ ਦੇ ਜਨਰਲ ਸਕੱਤਰ ਵਿਵੇਕ ਵਿਜ਼ਨ ਤੇ ਸਮਾਜ ਸੇਵਿਕਾ ਦੀਪਿਕਾ ਵੱਲੋਂ ਵੱਖ-ਵੱਖ ਪਕਵਾਨਾਂ ਦੇ ਬਾਬਾ ਭੋਲੇਨਾਥ ਦਾ ਭੰਡਾਰਾ ਲਗਾਇਆ ਗਿਆ, ਜਿਸ ਵਿੱਚ ਸੋਸਾਇਟੀ ਦੇ ਸਰਪ੍ਰਸਤ ਸੁਮਿਤ ਗੁਪਤਾ, ਸ਼ਿਵ ਸੈਨਾ ਹਿੰਦੁਸਤਾਨ ਯੂਥ ਦੇ ਪੰਜਾਬ ਪ੍ਰਧਾਨ ਰਾਹੁਲ ਖੰਨਾ, ਉੱਘੇ ਸਮਾਜ ਸੇਵੀ ਗੋਪਾ ਬਡਿਆਲ, ਉੱਘੇ ਸਮਾਜ ਸੇਵੀ ਸੋਨੂੰ ਖੰਨਾ, ਸਾਬਕਾ ਨਗਰ ਕੌਂਸਲ ਪ੍ਰਧਾਨ ਤੇ ਨਗਰ ਕੌਂਸਲਰ ਹਰੀ ਕ੍ਰਿਸ਼ਨ ਸੈਣੀ, ਯੁਵਾ ਨੇਤਾ ਰਾਜੂ ਖੋਸਲਾ ਅਤੇ ਉੱਘੇ ਸਮਾਜ ਸੇਵੀ ਗਿੰਨੀ ਅਰੋੜਾ ਨੇ ਇਸ ਭੰਡਾਰੇ ਵਿੱਚ ਆਪਣੀ ਹਾਜ਼ਰੀ ਲਗਵਾ ਕੇ ਬਾਬਾ ਭੋਲੇਨਾਥ ਜੀ ਦੇ ਸ਼ਰਧਾਲੂਆਂ ਨੂੰ ਲੰਗਰ ਵਰਤਾਉਣ ਵਿੱਚ ਆਪਣੀ ਸੇਵਾ ਨਿਭਾਈ। ਇਸ ਮੌਕੇ ਤੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਵੇਕ ਵਿਜ਼ਨ ਨੇ ਮਹਾਂ ਸ਼ਿਵਰਾਤਰੀ ਉਤਸਵ ਦੀ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਦੁਨੀਆਂ ਦੇ ਵੱਖ ਵੱਖ ਧਰਮਾਂ ਦੇ ਲੋਕ ਆਪਣੇ ਸਤਿਗੁਰੂ ਦੀ ਪੂਜਾ ਕਰਦੇ ਹਨ ਪਰ ਪਰਮਾਤਮਾ ਇੱਕ ਹੀ ਹੈ। ਉਨ੍ਹਾਂ ਕਿਹਾ ਕਿ ਸਾਡੀ ਸੋਸਾਇਟੀ ਹਰ ਧਰਮ ਦੇ ਧਾਰਮਿਕ ਉਤਸਵ ਦੇ ਮੌਕੇ ਤੇ ਲੰਗਰ ਆਦਿ ਲਗਾ ਕੇ ਉਨ੍ਹਾਂ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੀ ਹੈ। ਉਨ੍ਹਾਂ ਕਿਹਾ ਕਿ ਮਹਾਂ ਸ਼ਿਵਰਾਤਰੀ ਦੇ ਮੌਕੇ ਤੇ ਸ਼ਰਧਾਲੂ ਭਗਵਾਨ ਸ਼੍ਰੀ ਭੋਲੇਨਾਥ ਸ਼ਿਵ ਸ਼ੰਕਰ ਜੀ ਦੇ ਯਾਦਗਾਰ ਸ਼ਿਵਲਿੰਗ ਤੇ ਧਤੂਰਾ ਅਤੇ ਅੱਕ ਦੇ ਫੁੱਲ ਵਿਸ਼ੇਸ਼ ਤੌਰ ਤੇ ਚੜਾਉਂਦੇ ਹੋਏ ਆਪਣੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ।ਇਸ ਮੌਕੇ ਤੇ ਇਹ ਏਕ ਹਾਥ ਸੇਵਾ ਕੇ ਨਾਮ ਸੋਸਾਇਟੀ ਦੇ ਸਰਪ੍ਰਸਤ ਸੁਮਿਤ ਗੁਪਤਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਉਨ੍ਹਾਂ ਨੂੰ ਸਨਮਾਨਤ ਕੀਤਾ। ਇਸ ਮੌਕੇ ਤੇ ਜਸਵਿੰਦਰ ਸਿੰਘ, ਸਰਬਜੀਤ ਸਿੰਘ, ਸਰਵਨ ਸਿੰਘ, ਜਗਦੀਸ਼ ਕੁਮਾਰ, ਸੁੱਖ ਦੀਪ ਸੁੱਖਾ ਅਤੇ ਹੋਰ ਹਾਜ਼ਰ ਸਨ।

# ਸਾਲਾਨਾ ਫੁੱਟਬਾਲ ਟੂਰਨਾਮੈਂਟ ਯਾਦਗਾਰੀ ਪੈੜਾਂ ਛੱਡਦਾ ਸੰਪੰਨ

**ਬਲਾਚੌਰ (ਜਸਵਿੰਦਰ ਬੈਂਸ)**

ਬ੍ਰਹਮਚਾਰੀ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਇਲਾਕਾ ਨਿਵਾਸੀਆਂ ਅਤੇ ਪ੍ਰਵਾਸੀ ਭਾਰਤੀਆਂ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਗਿਆ। ਸਾਲਾਨਾ ਫੁੱਟਬਾਲ ਟੂਰਨਾਮੈਂਟ ਪੂਰੀ ਸ਼ਾਨੋ-ਸ਼ੌਕਤ ਅਤੇ ਖੇਡ ਭਾਵਨਾ ਨਾਲ ਸਮਾਪਤ ਹੋ ਗਿਆ। ਇਸ ਖੇਡ ਮੇਲੇ ਦੇ ਅੰਤਿਮ ਦਿਨ ਭਾਰੀ ਗਿਣਤੀ ਵਿੱਚ ਖੇਡ ਪ੍ਰੇਮੀਆਂ ਨੇ ਪਹੁੰਚ ਕੇ ਖਿਡਾਰੀਆਂ ਦਾ ਉਤਸ਼ਾਹ ਵਧਾਇਆ।ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਬੇਹੱਦ ਰੋਮਾਂਚਕ ਰਿਹਾ। ਖਿਤਾਬੀ ਭਿੜੰਤ ਵਿੱਚ ਬਲਾਚੌਰ ਅਤੇ ਗੜ੍ਹੀ ਦੀਆਂ ਟੀਮਾਂ ਵਿਚਕਾਰ ਸਖ਼ਤ ਟੱਕਰ ਹੋਈ, ਪਰ ਅੰਤ ਤੱਕ ਕੋਈ ਨਤੀਜਾ ਨਾ ਨਿਕਲ ਸਕਣ ਕਾਰਨ ਪ੍ਰਬੰਧਕੀ ਕਮੇਟੀ ਨੇ ਦੋਵਾਂ ਟੀਮਾਂ ਨੂੰ ਸਾਂਝੇ ਤੌਰ 'ਤੇ ਜੇਤੂ ਐਲਾਨ ਦਿੱਤਾ। ਦੋਵਾਂ ਟੀਮਾਂ ਨੂੰ ਬਰਾਬਰ ਨਗਦ ਰਾਸ਼ੀ ਤੇ ਟਰਾਫੀ ਨਾਲ ਸਨਮਾਨਤ ਕੀਤਾ ਗਿਆ। ਟੂਰਨਾਮੈਂਟ ਵਿੱਚ ਤੀਸਰੇ ਨੰਬਰ 'ਤੇ ਬੋੜਾ ਅਤੇ ਚੌਥੇ ਨੰਬਰ 'ਤੇ ਗਰਲੇਢਾਹਾਂ ਦੀ ਟੀਮ ਰਹੀ।ਬਿਹਤਰੀਨ ਗੋਲਕੀਪਰ: ਰਵਿੰਦਰ ਕਾਲੂ (ਬਲਾਚੌਰ) ਬਿਹਤਰੀਨ ਡਿਫੈਂਡਰ : ਰਮਨ (ਬਲਾਚੌਰ)ਬਿਹਤਰੀਨ ਫਾਰਵਰਡ: ਦੁੱਲਾ (ਗੜ੍ਹੀ) ਫਾਈਨਲ ਤੋਂ ਪਹਿਲਾਂ ਕਰਵਾਏ ਗਏ ਸ਼ੋਅ ਮੈਚ ਵਿੱਚ ਬਲਾਚੌਰ ਤੇ ਬਛੌੜੀ ਦੀਆਂ ਟੀਮਾਂ ਵਿਚਕਾਰ ਮੁਕਾਬਲਾ ਹੋਇਆ, ਜਿਸ ਵਿੱਚ ਬਛੌੜੀ ਪਹਿਲੇ ਅਤੇ ਬਲਾਚੌਰ ਦੂਜੇ ਸਥਾਨ 'ਤੇ ਰਿਹਾ। ਰੱਸਾ-ਕੱਸੀ ਦੇ ਮੁਕਾਬਲੇ ਵਿੱਚ ਬਲਾਚੌਰ ਨੇ ਪਹਿਲਾ ਅਤੇ ਮਹਿੰਦੀਪੁਰ ਨੇ ਦੂਜਾ ਸਥਾਨ ਹਾਸਲ ਕੀਤਾ। ?ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ 3300 ਦੇ ਕਰੀਬ ਖੇਡ ਸਟੇਡੀਅਮ ਬਣਾ ਰਹੀ ਹੈ। ਉਨ੍ਹਾਂ ਐਲਾਨ ਕੀਤਾ ਕਿ ਮੈਂਬਰ ਪਾਰਲੀਮੈਂਟ ਵੱਲੋਂ ਖੇਡ ਮੈਦਾਨ ਲਈ 10 ਲੱਖ ਰੁਪਏ ਦੀ ਗ੍ਰਾਂਟ ਜਲਦ ਜਾਰੀ ਕੀਤੀ ਜਾਵੇਗੀ।ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਲੱਬ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਫਾਈਨਲ ਮੈਚ ਖੇਡਣ ਵਾਲੀਆਂ ਦੋਨੋ ਟੀਮਾਂ ਬਲਾਚੌਰ ਅਤੇ ਗੜ੍ਹੀ ਕਾਨੂੰਗੋ ਨੂੰ 5100,5100 ਰੁਪਏ ਦਿੱਤੇ।ਉਨ੍ਹਾਂ ਕਿਹਾ ਕਿ ਖੇਡਾਂ ਅਨੁਸ਼ਾਸਨ ਅਤੇ ਆਪਸੀ ਸਾਂਝ ਦਾ ਪ੍ਰਤੀਕ ਹਨ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸੁਨੀਲ ਕੌਸ਼ਲ ਲਾਡੀ ਰਾਣਾ ਅਤੇ ਤਹਿਸੀਲਦਾਰ ਜਸਵੀਰ ਕੌਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਟੂਰਨਾਮੈਂਟ ਦੀ ਸਫਲਤਾ 'ਤੇ ਕਲੱਬ ਦੇ ਪ੍ਰਧਾਨ ਸੁਨੀਲ ਕੌਸ਼ਲ (ਲਾਡੀ ਰਾਣਾ) ਅਤੇ ਜਨਰਲ ਸਕੱਤਰ ਡਾਕਟਰ ਤੇਜਿੰਦਰ ਸਿੰਘ ਜੋਤ ਨੇ ਸਮੂਹ ਪ੍ਰਬੰਧਕੀ ਟੀਮ ਦੇ ਨਾਲ ਆਏ ਹੋਏ ਮਹਿਮਾਨਾਂ ਤੇ ਸਹਿਯੋਗੀ ਸੱਜਣਾਂ ਦਾ ਧੰਨਵਾਦ ਕੀਤਾ।ਚੇਅਰਮੈਨ ਬਬਲੂ ਰਾਣਾ, ਸੀਨੀਅਰ ਉਪ ਪ੍ਰਧਾਨ ਨਰੇਸ਼ ਹੈਪੀ ਰਾਣਾ, ਕੈਸ਼ੀਅਰ ਗੁਰਪ੍ਰੀਤ ਸਿੰਘ ਗੋਰਾ, ਉਪ ਸੈਕਟਰੀ ਰਮਨ, ਆਰਗਨਾਈਜ਼ਰ ਜੀਵਨ ਰਾਣਾ, ਸੁਤੀਸ਼ ਰਾਣਾ, ਵਿਕੀ ਚੇਤਲ, ਡਾਕਟਰ ਗਿਆਨ ਸਿੰਘ ਮੰਡੇਰ,ਐਮ.ਸੀ. ਪਰਮਿੰਦਰ ਮੇਨਕਾ, ਐਮ.ਸੀ. ਜਸਵਿੰਦਰ ਸਿਆਣ, ਐਸ.ਸੀ. ਵਿੰਗ ਦੇ ਤਹਿਸੀਲ ਪ੍ਰਧਾਨ ਕੁਲਦੀਪ ਸਿੰਘ, ਅਜੇ ਕੁਮਾਰ ਐਮ.ਸੀ., ਰਾਧੇ ਸ਼ਾਮ ਐਮ.ਸੀ., ਡਾ. ਸੁਨਿਤਾ ਸ਼ਰਮਾ, ਡਾ. ਭੁਪਿੰਦਰ ਜੀਤ ਸਿੰਘ ਸੂਰੀ, ਸਤਨਾਮ ਸਿੰਘ ਐਨ.ਆਰ.ਆਈ, ਸਰਪੰਚ ਪਸ਼ਵਿੰਦਰ ਰਾਣਾ, ਗਾਂਧੀ ਸਾਬਕਾ ਐਮ.ਸੀ., ਪਰਮਿੰਦਰ ਪੰਮਾ, ਐਮ.ਸੀ., ਨੋਨੀ, ਬਾਸਦੇਵ ਰਨਵੈਕਸੀ, ਬੋਬੀ, ਪਤੰਬਰ, ਮਦਨ, ਪੰਮਾ ਟੁਰੋਵਾਲ, ਨਰਿੰਦਰ ਲੀਵੀ, ਡਾਕਟਰ ਗਿਆਨ ਸਿੰਘ ਮੰਡੇਰ ,ਪੱਤਰਕਾਰ ਸਮਰਦੀਪ, ਪੱਤਰਕਾਰ ਜਸਵਿੰਦਰ ਬੈਂਸ,ਅਤੇ ਬਿੰਦੂ ਖਰੋੜੀਆ ਤੇ ਪਿੰਡਾਂ ਦੀ ਪੰਚਾਇਤ ਮੈਂਬਰ ਹਾਜ਼ਰ ਸਨ।



# ਪੰਜਾਬੀ ਕਵੀ ਕਵਿੰਦਰ ਚਾਂਦ ਕੈਨੇਡਾ ਨੂੰ ਸਕੇਪ ਸੰਸਥਾ ਨੇ ਕੀਤਾ ਸਨਮਾਨਤ

## ਡਾ. ਜਗੀਰ ਸਿੰਘ ਨੂਰ ਦੀ ਪੁਸਤਕ 'ਤਕਦੀਰ ਦੀ ਸਿਰਜਣਾ' ਲੋਕ ਅਰਪਣ

**ਫਗਵਾੜਾ (ਡਾ. ਰਮਨ)**

ਸਕੇਪ ਸਾਹਿਤਕ ਸੰਸਥਾ (ਰਜਿ:) ਫਗਵਾੜਾ ਵੱਲੋਂ ਡਾ. ਜਗੀਰ ਸਿੰਘ ਨੂਰ ਦੀ ਪੁਸਤਕ 'ਤਕਦੀਰ ਦੀ ਸਿਰਜਣਾ' ਲੋਕ ਅਰਪਣ ਕੀਤੀ ਗਈ। ਇਸ ਭਰਵੇਂ ਸਮਾਗਮ ਦੀ ਪ੍ਰਧਾਨਗੀ ਮੰਡਲ ਵਿੱਚ ਮੁੱਖ ਮਹਿਮਾਨ ਕਵਿੰਦਰ ਚਾਂਦ ਕੈਨੇਡਾ, ਅਜਾਇਬ ਸਿੰਘ ਸੰਘਾ ਕੈਨੇਡਾ, ਡਾ: ਕੁਲਦੀਪ ਸਿੰਘ, ਡਾ: ਜਗੀਰ ਸਿੰਘ ਨੂਰ, ਡਾ: ਗੁਰਪ੍ਰੀਤ ਕੌਰ, ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਅਤੇ ਸਭਾ ਦੇ ਪ੍ਰਧਾਨ ਰਵਿੰਦਰ ਚੋਟ ਸ਼ਾਮਲ ਹੋਏ।ਸਮਾਗਮ ਦੇ ਸ਼ੁਰੂ ਵਿੱਚ ਕਹਾਣੀਕਾਰ ਲਾਲ ਸਿੰਘ ਦਸੂਹਾ ਅਤੇ ਪੱਤਰਕਾਰ ਅਸ਼ੋਕ ਸ਼ਰਮਾ ਦੀ ਬੇਵਕਤੀ ਮੌਤ 'ਤੇ ਦੋ ਮਿੰਟ ਦਾ ਮੌਨ ਰੱਖ ਕੇ ਹਾਜ਼ਰੀਨ ਵੱਲੋਂ ਸ਼ਰਧਾਜਲੀ ਦਿੱਤੀ ਗਈ। ਉਪਰੰਤ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਵੱਲੋਂ ਹਾਜ਼ਰ ਪ੍ਰਧਾਨਗੀ ਮੰਡਲ ਅਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਫ਼ਿਕਰ ਜਤਾਇਆ ਕਿ ਪੰਜਾਬੀ ਵਿੱਚ ਪਾਠਕਾਂ ਦੀ ਗਿਣਤੀ ਬਹੁਤ ਘਟਦੀ ਜਾ ਰਹੀ ਹੈ। ਨਵੀਂ ਪੀੜ੍ਹੀ ਨੂੰ ਤਾਂ ਸੋਸ਼ਲ ਮੀਡੀਆ ਤੋਂ ਵਿਹਲ ਨਹੀਂ ਮਿਲਦੀ।ਰਵਿੰਦਰ ਚੋਟ ਵੱਲੋਂ ਤਕਦੀਰ ਦੀ ਸਿਰਜਣਾ ਪੁਸਤਕ ਨਾਲ ਜਾਣ ਪਛਾਣ ਕਰਵਾਈ ਗਈ।ਕੈਨੇਡਾ ਵਸਦੇ ਪੰਜਾਬੀ ਦੇ ਪ੍ਰਸਿੱਧ ਕਵੀ ਕਵਿੰਦਰ ਚਾਂਦ ਬਾਰੇ ਬਲਦੇਵ ਰਾਜ ਕੋਮਲ ਨੇ ਭਰਪੂਰ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਉਹਨਾਂ ਦੀ ਪੁਸਤਕ ਮੁਆਫ਼ੀਨਾਮਾ ਦਾ ਸੰਸਾਰ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਤਰਜਮਾ ਹੋ ਚੁੱਕਾ ਹੈ, ਨੇ ਆਪਣੀਆਂ ਭਾਵ ਪੂਰਤ ਕਵਿਤਾਵਾਂ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਸਕੇਪ ਸਾਹਿਤਕ ਸੰਸਥਾ ਵੱਲੋਂ ਕਵਿੰਦਰ ਚਾਂਦ ਦੀਆਂ ਪੰਜਾਬੀ ਸਾਹਿਤ ਨੂੰ ਦਿੱਤੀਆਂ ਅਦਭੁੱਤ ਰਚਨਾਵਾਂ ਲਈ ਸਨਮਾਨਤ ਕੀਤਾ ਗਿਆ।ਡਾ: ਕੁਲਦੀਪ ਸਿੰਘ (ਸਵੀਡਨ) ਵਿਸ਼ੇਸ਼ ਮਹਿਮਾਨ ਅਜਾਇਬ ਸਿੰਘ ਸੰਘਾ ਕੈਨੇਡਾ ਅਤੇ ਡਾ: ਗੁਰਪ੍ਰੀਤ ਕੌਰ ਨੇ ਵੀ ਇਸ ਪੁਸਤਕ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸਮਾਗਮ ਸਮੇਂ ਹੋਏ ਕਵੀ ਦਰਬਾਰ ਵਿੱਚ ਬਲਦੇਵ ਰਾਜ ਕੋਮਲ, ਕਮਲੇਸ਼ ਸੰਧੂ, ਜਸਵਿੰਦਰ ਕੌਰ ਫਗਵਾੜਾ, ਬਲਵੀਰ ਕੌਰ ਬੱਬੂ ਸੈਣੀ, ਲਸ਼ਕਰ ਢਡਵਾੜਵੀ, ਸੋਹਣ ਸਹਿਜਲ, ਡਾ: ਇੰਦਰਜੀਤ ਸਿੰਘ ਵਾਸੂ, ਦਲਜੀਤ ਮਹਿਮੀ, ਸੁਖਦੇਵ ਗੰਢਮਾ, ਹਰਜਿੰਦਰ ਨਿਆਣਾ, ਮਨੋਜ ਫਗਵਾੜਵੀ, ਕੁਲਦੀਪ ਸਿੰਘ ਚੰਦੀ, ਅਨਿਲ ਕੁਮਾਰ ਆਦਿ ਕਵੀਆਂ ਨੇ ਆਪਣੇ ਕਲਾਮ ਸਰੋਤਿਆਂ ਨਾਲ ਸਾਂਝੇ ਕੀਤੇ। ਇਸ ਸਮੇਂ ਹੋਰਨਾਂ ਤੋਂ ਬਿਨਾਂ ਪ੍ਰਿੰ: ਕੁਲਵੰਤ ਸਿੰਘ ਫੁੱਲ, ਪ੍ਰਿੰ: ਗੁਰਨਾਮ ਸਿੰਘ, ਡਾ: ਪਰਮਜੀਤ ਕੌਰ ਨੂਰ, ਗੁਰਮੀਤ ਸਿੰਘ ਨੈਸ਼ਨਲ ਐਵਾਰਡੀ, ਦਲਜੀਤ ਕੌਰ ਚਾਨਾ, ਪ੍ਰੋ: ਬਵਨਜੋਤ ਸਿੰਘ, ਮਾਸਟਰ ਮਨਦੀਪ ਸਿੰਘ, ਨਿਰਭੈਰ ਸਿੰਘ ਆਦਿ ਹਾਜ਼ਰ ਹਨ।ਡਾ: ਜਗੀਰ ਸਿੰਘ ਨੂਰ ਨੇ ਆਪਣੀ ਪੁਸਤਕ ਤੇ ਹੋਰ ਲੇਖਣੀ ਬਾਰੇ ਆਪਣੇ ਵਿਚਾਰ ਹਾਜ਼ਰੀਨ ਨਾਲ ਸਾਂਝੇ ਕੀਤੇ। ਅੰਤ ਵਿੱਚ ਡਾ: ਐੱਸ.ਐੱਲ. ਵਿਰਦੀ ਐਡਵੋਕੇਟ ਵੱਲੋਂ ਸਾਰੇ ਹਾਜ਼ਰ ਲੇਖਕਾਂ ਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ।

